# ਸ਼੍ਰੇਣੀ X : ਯਾਤਰਾ ਤੇ ਸੈਰ-ਸਪਾਟਾ
# ਐੱਨ. ਐੱਸ. ਕਯੂ ਐੱਫ
# ਸੈਰ- ਸਪਾਟਾ ਬਾਰੇ ਜਾਣਕਾਰੀ - II

## ਐੱਸ. ਏ. 1

### ਯੂਨਿਟ - 1 ਸਾਫਟ ਸਕਿੱਲ - II

- ਵਿਅਕਤੀਤਵ ਵਿਕਾਸ
- ਹਾਂ - ਪੱਖੀ ਤਰੀਕਾ
- ਵੱਡੀ ਗੱਲ ਸੋਚੋ
- ਪਹਿਲਾ ਤੇ ਆਖ਼ਰੀ ਪ੍ਰਭਾਵ ਬਣਾਉਣਾ
  1. ਸਜਣਾ-ਸੰਬਰਨਾ, ਸ਼ਿੰਗਾਰ ਆਦਿ
  2. ਸ਼ਿਸ਼ਟਾਚਾਰ ਤੇ ਵਰਤਾਓ ਢੰਗ
  3. ਸਮਾਜਕ ਗੱਲ-ਬਾਤ ਤੇ ਵਰਤੋਂ ਵਿਹਮ ਲਈ ਲੋੜੀਂਦੇ ਹਾਵ-ਭਾਵ
- ਟੈਲੀਫੋਨ 'ਤੇ ਗੱਲ-ਬਾਤ ਕਰਨ ਦੇ ਢੰਗ
- ਜਨਤਕ ਗੱਲ-ਬਾਤ (ਆਮ ਲੋਕਾਂ ਨਾਲ਼ ਗੱਲ-ਬਾਤ)

### ਯੂਨਿਟ 2. ਸੈਰ - ਸਪਾਟੇ ਬਾਰੇ ਜਾਣਕਾਰੀ – II

- ਸਾਨੂੰ ਸੈਰ – ਸਪਾਟੇ ਦੀ ਲੋੜ ਕਿਉਂ ਪੈਂਦੀ ਹੈ ?
- ਸੈਰ – ਸਪਾਟੇ ਦੇ ਸ੍ਰੋਤ ਤੇ ਜਾਣਕਾਰੀ
- ਸੈਰ – ਸਪਾਟਾ ਜਾਣਕਾਰੀ ਦੇ ਸ੍ਰੋਤ
- ਸੈਰ – ਸਪਾਟਾ ਸੰਸਥਾਵਾਂ – ਐਮ. ਓ. ਟੀ, ਐਸ. ਟੀ. ਡੀ. ਸੀ, ਯੂ. ਐਨ. ਡਬਲਯੂ ਟੀ.ਓ.

## ਐੱਸ. ਏ. 2

### ਯੂਨਿਟ - 3, ਸੈਰ - ਸਪਾਟਾ ਵਪਾਰ - II

- ਸੈਰ - ਸਪਾਟੇ ਦੀ ਥਾਂ ਬਾਰੇ ਜਾਣਕਾਰੀ
- ਯਾਤਰਾ ਸੰਬੰਧੀ ਸ਼ਬਦਕੋਸ਼ / ਯਾਤਰਾ ਸੰਬੰਧੀ ਭਾਸ਼ਾ

- ✲ ਪ੍ਰਾਹੁਣਚਾਰੀ ਸ਼ਬਦਕੋਸ਼
- ✲ ਟ੍ਰੈਵਲ ਏਜੰਸੀ ਦੀਆਂ ਸਰਗਰਮੀਆਂ / ਤੇ ਕੰਮ ਦੇ ਖੇਤਰ
- ✲ ਘਰੇਲੂ ਤੇ ਕੌਮਾਂਤਰੀ
- ✲ ਦਸਤਾਵੇਜ਼
- ✲ ਡਾਕਟਰੀ ਲੋੜਾਂ

## ਯੂਨਿਟ - 4 ਸੈਰ - ਸਪਾਟਾ ਲਈ ਉਪਲਬਧ ਉਤਪਾਦ:—

- ✲ ਭਾਰਤ, ਵਿੱਚ ਕੁਦਰਤੀ ਸੈਲਾਨੀ ਥਾਂਵਾਂ - ਪਹਾੜੀਆਂ, ਝੀਲਾਂ, ਝਰਨੇ, ਦਰਿਆ, ਰੇਗਿਸਤਾਨ, ਟਾਪੂ ਤੇ ਬੀਚਾਂ ਹਨ।
- ✲ ਮਨੁੱਖ ਵੱਲੋਂ ਬਣਾਈਆਂ ਸੈਲਾਨੀ ਥਾਂਵਾਂ - ਪੁਰਾਤਤਵ ਸਥਾਨ, ਇਤਿਹਾਸਕ ਸਥਾਨ, ਰੀਤੀ ਰਿਵਾਜ ਨਾਲ਼ ਸੰਬੰਧਿਤ ਸਥਾਨ, ਮੇਲੇ ਤੇ ਤਿਉਹਾਰਾਂ ਨਾਲ਼ ਸੰਬੰਧਿਤ ਥਾਂਵਾਂ, ਕਲਾ ਤੇ ਮਨੋਰੰਜਨ ਨਾਲ਼ ਸੰਬੰਧਿਤ ਸਥਾਨ।
- ✲ ਸਹਿਜੀਵੀ ਸੈਰ-ਸਪਾਟਾ ਥਾਵਾਂ- ਜੰਗਲ਼ੀ ਜੀਵਾਂ ਦੀਆਂ ਰੱਖਾਂ ਤੇ ਨੈਸ਼ਨਲ ਪਾਰਕ ਆਫ ਇੰਡੀਆ।
- ✲ ਘਟਨਾ ਆਧਾਰਿਤ ਸੈਰ - ਸਪਾਟਾ ਸਾਧਨ : ਸੰਗੀਤ ਤੇ ਨ੍ਰਿਤ ਮੇਲੇ, ਸੂਰਜਕੁੰਡ ਕਰਾਫਟ ਮੇਲਾ, ਪੁਸ਼ਕਰ ਮੇਲਾ, ਨਹਿਰੂ ਟਰਾਫੀ, ਕਿਸ਼ਤੀ ਦੌੜ, ਹਾਥੀ ਮੇਲਾ, ਪਤੰਗਬਾਜ਼ੀ ਮੇਲਾ, ਖੇਡਾਂ ਨਾਲ਼ ਸਬੰਧਤ ਮੇਲੇ।
- ✲ ਭਾਰਤ ਵਿੱਚ ਯੂਨਸਕੋ ਦੀ ਵਿਸ਼ਵ ਵਿਰਾਸਤ ਸਥਾਨਾਂ ਦੀ ਸੂਚੀ।

## ਯੂਨਿਟ - 5 ਐਫ.ਏ.ਐਮ.ਟੂਰ ਐਂਡ ਵਿਜ਼ਿਟ ਐਂਡ ਰਿਪੋਰਟ

a) ਸੈਰ - ਸਪਾਟਾ ਸੰਸਥਾ ਵੱਲ ਯਾਤਰਾ (ਟਰੈਵਲ ਏਜੰਸੀ / ਟੂਰ ਆਪਰੇਟਰ)
b) ਯਾਤਰਾ ਬਾਰੇ ਰਿਪੋਰਟ
c) ਨੇੜਲੇ / ਸਥਾਨਕ ਅਜਾਇਬ ਘਰ ਦੀ ਯਾਤਰਾ
d) ਇਸ ਯਾਤਰਾ ਬਾਰੇ ਰਿਪੋਰਟ
e) ਸੈਲਾਨੀ ਲਈ ਕਰਨ ਯੋਗ ਤੇ ਨਾ ਕਰਨ ਯੋਗ ਗੱਲਾਂ

# ਯੂਨਿਟ - 1

## ਸੈਰ - ਸਪਾਟਾ ਤੇ ਯਾਤਰਾ ਸੱਨਅਤ ਬਾਰੇ ਸਾਫਟ ਸਕਿੱਲਜ਼ - II

### ਸਮੱਗਰੀ

1.0 ਯੂਨਿਟ ਬਾਰੇ ਜਾਣਕਾਰੀ ਤੇ ਵਰਨਣ

1.1 ਜਾਣਕਾਰੀ

1.2 ਵਿਅਕਤੀਤਵ

1.3 ਵਿਅਕਤੀਤਵ ਦੇ ਨਿਰਧਾਰਕ

1.4 ਵਿਅਕਤੀਤਵ ਵਿਕਾਸ

1.5 ਹਾਂ – ਪੱਖੀ ਵਿਵਹਾਰ

1.6 ਪਹਿਲਾ ਤੇ ਆਖ਼ਰੀ ਪ੍ਰਭਾਵ ਬਣਾਉਣਾ – ਸ਼ਿੰਗਾਰ – ਸਜ–ਸਜਾ

1.7 ਸਮਾਜਕ ਸ਼ਿਸ਼ਟਾਚਾਰ – ਕੰਮ ਕਾਰ ਤੇ ਟੈਲੀਫੋਨ

1.8 ਹਾਂ – ਪੱਖੀ ਹਾਵ – ਭਾਵ (ਬਾਡੀ ਲੈਂਗੁਇਜ)

1.9 ਸਾਰ

## 1.0 ਯੂਨਿਟ 'ਤੇ ਤਰਵੀਂ ਨਜ਼ਰ ਤੇ ਵੇਰਵੇ

ਇਹ ਯੂਨਿਟ ਵਿਦਿਆਰਥੀਆਂ ਵੱਲੋਂ ਨੌਵੀਂ ਜਮਾਤ ਵਿੱਚ ਹਾਸਲ ਕੀਤੀ ਨਿਪੁੰਨਤਾ ਨੂੰ ਹੋਰ ਵੀ ਤਿੱਖਾ ਕਰੇਗਾ। ਇਹ ਯੂਨਿਟ ਵਿਦਿਆਰਥੀਆਂ ਦੀ ਇਹ ਜਾਨਣ ਵਿੱਚ ਵੀ ਮਦਦ ਕਰੇਗਾ :

- ਵਿਅਕਤੀਤਵ ਦੇ ਸੰਕਲਪ ਨੂੰ ਸਮਝਣਾ, ਇਸ ਦੇ ਨਿਰਧਾਰਕ ਕਿਹੜੇ ਕਿਹੜੇ ਹਨ ਤੇ ਵਿਅਕਤੀਤਵ ਦਾ ਵਿਕਾਸ ਕਿੰਜ ਕੀਤਾ ਜਾਵੇ ?

- ਜੀਵਨ ਵਿੱਚ ਹਾਂ-ਪੱਖੀ ਵਿਹਾਰ (ਰਉਂ) ਦੇ ਮਹੱਤਵ ਨੂੰ ਸਮਝਣਾ
- ਪਹਿਲਾ ਪ੍ਰਭਾਵ ਬਣਾਉਣ ਦੀ ਪ੍ਰਕਿਰਿਆ ਨੂੰ ਸਮਝਣਾ ਅਰਥਾਤ ਸ਼ਿੰਗਾਰ ਤੇ ਸਜਣ – ਸੰਬਰਨ ਦੇ ਮਹੱਤਵ ਨੂੰ ਸਮਝਣਾ।
- ਕੰਮ ਦੀ ਥਾਂ ਦੇ ਸ਼੍ਰਿਸ਼ਟਾਚਾਰ ਨੂੰ ਸਮਝਣਾ ਤੇ ਟੈਲੀਫ਼ੋਨ ਤੇ ਪੇਸ਼ਵਾਰਨਾ ਨਾ ਗੱਲ-ਬਾਤ ਦਾ ਢੰਗ-ਤਰੀਕਾ ਸਮਝਣਾ ।
- ਸੈਰ – ਸਪਾਟਾ ਤੇ ਯਾਤਰਾ ਸਨਅਤ ਵਿੱਚ ਲੋੜੀਂਦੇ ਹਾਂ -ਪੱਖੀ ਹਾਵ-ਭਾਵ (ਬਾਡੀ ਲੈਂਗੁਏਜ) ਦੇ ਮਹੱਤਵ ਨੂੰ ਸਮਝਣਾ।

## ਲੋੜੀਂਦੀ ਸਮਗਰੀ

ਐਕਟਿਵੀਟੀ ਸ਼ੀਟ, ਰੋਲ ਪਲੇਅ ਸਾਧਨ, ਪੈਨੱ, ਪ੍ਰੋਜੈਕਟਰ ਤੇ ਕੰਪਿਊਟਰ

**ਸਮਾਂ ਸੀਮਾਂ :** ਕੁੱਲ 06 ਘੰਟੇ (ਥਿਊਰੀ 3 ਘੰਟੇ ਤੇ ਪ੍ਰੈਕਟੀਕਲ 3 ਘੰਟੇ)

ਮੁਲਾਂਕਣ ਵਿਧੀ

**ਅਭਿਆਸ** : ਪ੍ਰਸ਼ਨ ਤੇ ਉੱਤਰ, ਰੋਲ ਪਲੇਅ ਤੇ ਗਰੁੱਪ ਵਿੱਚ ਵਿਚਾਰ – ਚਰਚਾ

## 1.1 ਜਾਣਕਾਰੀ -:

ਯਾਤਰਾ ਤੇ ਸੈਰ-ਸਪਾਟਾ ਸਨਅਤ ਬਾਰੇ ਸਾਫਟ ਸਕਿੱਲ ਦੇ ਜਾਣਕਾਰੀ ਦੇ ਯੂਨਿਟ ਤੋਂ ਸਾਨੂੰ ਸਾਫਟ ਸਕਿੱਲ ਦੀ ਮਹੱਤਤਾਂ ਬਾਰੇ ਪਤਾ ਲੱਗਦਾ ਹੈ। ਇਸ ਯੂਨਿਟ ਵਿੱਚ ਸਭ ਤੋਂ ਵੱਧ ਮਹੱਤਵਪੂਰਨ ਸਾਫਟ ਸਕਿੱਲ ਸੰਚਾਰ ਬਾਰੇ ਵਿਸਥਾਰ 'ਚ ਦੱਸਿਆ ਗਿਆ ਹੈ। ਇਸ ਯੂਨਿਟ ਵਿੱਚ ਅਸੀਂ ਹੋਰ ਮਹੱਤਵਪੂਰਨ ਸਾਫਟ ਸਕਿੱਲਾਂ ਬਾਰੇ ਵੀ ਗਿਆਨ ਹਾਸਲ ਕਰਾਂਗੇ ਜਿਨ੍ਹਾਂ ਨਾਲ਼ ਸਾਨੂੰ ਪੇਸ਼ਾਵਰਾਨਾ ਸਮਾਜਕ ਤੇ ਨਿੱਜੀ ਜ਼ਿੰਦਗੀ ਜਿਉਣ 'ਚ ਕਾਫ਼ੀ ਮਦਦ ਮਿਲ਼ਦੀ ਹੈ।ਅਸਲੀਅਤ ਇਹ ਹੈ ਕਿ ਇਹ ਸਾਫਟ ਸਕਿੱਲਜ਼

ਯਾਤਰਾ ਤੇ ਸੈਰ–ਸਪਾਟਾ ਸਨਅਤ ਦੇ ਮੁਤਾਬਕ ਦੀ ਸ਼ਖਸੀਅਤ ਵਿਕਸਿਤ ਕਰਨ ‘ਚ ਸਾਡੀ ਮਦਦ ਕਰਦੀਆਂ ਹਨ।

## 1.2 ਸ਼ਖਸੀਅਤ ਦੀ ਪਰਿਭਾਸ਼ਾ -:



ਸ਼ਖਸੀਅਤ ਦੀ ਪਰਿਭਾਸ਼ਾ ਤੋਂ ਪਹਿਲਾਂ ਅਸੀਂ ਆਪਣੇ ਉਹਨਾ ਦੋ ਦੋਸਤਾਂ ਨੂੰ ਯਾਦ ਕਰੀਏ ਜੋ ਸਾਡੇ ਗੁਆਂਢ ‘ਚ ਰਹਿੰਦੇ ਸਨ ਤੇ ਸਾਡੇ ਨਾਲ਼ ਸਕੂਲ ਵਿੱਚ ਪੜ੍ਹਦੇ ਸਨ ਤੇ ਜਿਨ੍ਹਾਂ ਨਾਲ਼ ਅਸੀਂ ਹਮੇਸ਼ਾ ਗੱਲ–ਬਾਤ ਕਰਦੇ ਰਹਿੰਦੇ ਸਾਂ। ਇਕ ਦੋਸਤ ਸਭ ਨੂੰ ਪਸੰਦ ਕਰਦਾ ਸੀ। ਉਹ ਬੜੀ ਛੇਤੀ ਦੂਜਿਆਂ ਨੂੰ ਦੋਸਤ ਬਣਾ ਲੈਂਦਾ ਸੀ, ਮੁਸਕਰਾਉ’ਦਾ ਰਹਿੰਦਾ ਤੇ ਲੋਕਾਂ ਨੂੰ ਵਧਾਈਆਂ ਵੰਡਦਾ ਰਹਿੰਦਾ। ਉਹ ਅਧਿਆਪਕਾਂ ਦਾ ਚਹੇਤਾ ਵਿਦਿਆਰਥੀ ਤਾਂ ਹੈ ਈ ਸੀ, ਆਂਢ–ਗੁਆਂਢ ਵਿੱਚ ਵੀ ਹਰਮਨ ਪਿਆਰਾ ਸੀ। ਹਰ ਕੋਈ ਉਸ ਦਾ ਸੰਗ ਮਾਨਣ ਤੇ ਉਸ ਨਾਲ਼ ਗੱਲਾਂ ਕਰਕੇ ਖ਼ੁਸ਼ ਹੁੰਦਾ ।ਦੂਸਰਾ ਦੋਸਤ ਹਰ ਸਮੇਂ ਆਪਣੇ ਦੋਸਤਾਂ ਨੂੰ ਪ੍ਰੇਸ਼ਾਨ ਕਰਦਾ ਰਹਿੰਦਾ ਤੇ ਕੋਈ ਨਾ ਕੋਈ ਬਿਪਤਾ ਖੜ੍ਹੀ ਕਰੀ ਰੱਖਦਾ। ਘਰ ਵਿੱਚ ਵੀ ਉਹ ਛੋਟੇ ਭੈਣ ਭਰਾਵਾਂ ‘ਤੇ ਰੋਅਬ ਜਮਾਉਂਦਾ ਰਹਿੰਦਾ ਸੀ। ਸਕੂਲ ਤੇ ਆਂਢ–ਗੁਆਂਢ ‘ਚ ਕੋਈ ਨਾ ਕੋਈ ਬਖੇੜਾ ਖੜ੍ਹਾ ਕਰੀ ਰੱਖਦਾ। ਸਾਰੇ ਬੱਚੇ ਸ਼ਿਕਾਇਤ ਕਰਦੇ ਕਿ ਉਹ ਹਮੇਸ਼ਾ ਲੜਦਾ ਰਹਿੰਦਾ ਹੈ। ਉਹ ਆਪਣੇ ਸਕੂਲ ਦੀ ਖੇਡ ਟੀਮ ਦਾ ਮੈਂਬਰ ਵੀ ਨਾ ਬਣ ਸਕਿਆ। ਹੁਣ ਇਹ ਅਨੁਮਾਨ ਲਾਓ ਕਿ ਇਹਨਾਂ ਦੋਵੇਂ ਦੋਸਤਾਂ ‘ਚ ਕੀ ਫ਼ਰਕ ਸੀ? ਇਹਨਾਂ ‘ਚ ਫ਼ਰਕ ਇਹ ਸੀ ਕਿ ਇਹ ਦੋਵੇਂ ਵੱਖ-ਵੱਖ ਸ਼ਖਸੀਅਤ (ਵਿਅਕਤੀਤਵ) ਦੇ ਮਾਲਕ ਸਨ।

ਵਿਅਕਤੀਤਵ (ਸ਼ਖਸੀਅਤ) ਦਾ ਸੰਕਲਪ ਕਈ ਚੋਟੀ ਦੇ ਮਨੋਵਿਗਿਆਨੀਆਂ ਲਈ ਵੀ

ਦਿਲਚਸਪ ਵਿਸ਼ਾ ਰਿਹਾ ਹੈ। ਇਸ ਯੂਨਿਟ ਵਿੱਚ ਅਸੀਂ ਵਿਅਕਤੀਤਵ ਨੂੰ ਸਮਾਜਕ ਪ੍ਰਸੰਨ ਤੋਂ ਪਰਿਭਾਸ਼ਤ ਕਰਾਂਗੇ ਨਾ ਕਿ ਵਿਗਿਆਨਿਕ ਪ੍ਰਸੰਗ ਤੋਂ।



ਵਿਅਕਤੀਤਵ ਸ਼ਬਦ ਲੇਤਿਨ ਸ਼ਬਦ Persona ਤੋਂ ਬਣਿਆ ਹੈ ਜਿਸਦਾ ਅਰਥ ਹੈ ਨਕਾਬ। ਪੁਰਾਣੇ ਸਮੇਂ ਵਿੱਚ ਸਟੇਜ 'ਤੇ ਕੋਈ ਨਾਟਕ ਪੇਸ਼ ਕਰਨ ਵੇਲ਼ੇ ਕਿਸੇ ਵਿਸ਼ੇਸ਼ ਚਰਿੱਤਰ ਦੇ ਗੁਣਾਂ / ਔਗੁਣਾਂ ਨੂੰ ਵਿਖਾਉਣ ਲਈ ਉਸ ਦੇ ਢੁਕਵੀਂ ਨਕਾਬ ਪਹਿਨਾਈ ਜਾਂਦੀ ਸੀ। ਆਮ ਸ਼ਬਦਾਂ 'ਚ ਵਿਅਕਤੀਤਵ ਦਾ ਅਰਥ ਹੈ ਗੁਣਾਂ, ਔਗੁਣਾਂ ਦਾ ਸਮੂਹ (ਇਹ ਗੁਣ / ਔਗੁਣ ਸਰੀਰਿਕ, ਮਾਨਸਿਕ, ਭਾਵਨਾਤਾਮਿਕ ਰਵੱਈਆ, ਮੁੱਲਾਂ ਤੇ ਹਿਤ ਹੁੰਦੇ ਹਨ) । ਇਹ ਗੁਣ / ਔਗੁਣ ਹੀ ਇੱਕ ਵਿਅਕਤੀ ਨੂੰ ਦੂਸਰੇ ਤੋਂ ਵੱਖਰਾ ਬਣਾਉਂਦੇ ਹਨ। ਵਿਅਕਤੀਤਵ ਦਾ ਅਰਥ ਅਸਲ 'ਚ ਇਹ ਹੈ ਕਿ ਤੁਸੀਂ ਦੂਜਿਆਂ ਨਾਲ਼ ਕਿਵੇਂ ਪੇਸ਼ ਆਉਂਦੇ ਹੋ ਤੇ ਹੋਰ ਵਿਅਕਤੀ ਤੁਹਾਨੂੰ ਕਿਵੇਂ ਪਰਿਭਾਸ਼ਤ ਕਰਦੇ ਹਨ। ਤੁਹਾਡਾ ਵਿਅਕਤੀਤਵ ਹੀ ਤੁਹਾਡੇ ਬਾਰੇ ਸਭ ਕੁਝ ਦੱਸਦਾ ਹੁੰਦਾ ਹੈ।

ਅਕਸਫੋਰਡ ਡਿਕਸ਼ਨਰੀ ਅਨੁਸਾਰ ਵਿਅਕਤਿਤਵ ਕਿਸੇ ਵਿਅਕਤੀ ਦੇ ਚਰਿੱਤਰ ਤੇ ਗੁਣਾ ਆਦਿ ਦਾ ਸਮੂਹ ਹੁੰਦਾ ਹੈ ਜੋ ਉਸ ਨੂੰ ਹੋਰ ਲੋਕਾਂ ਨਾਲ਼ੋਂ ਵਖਰਿਆਉਂਦੇ ਹਨ। ਹੁਣ ਪ੍ਰਸ਼ਨ ਇਹ ਹੈ ਕਿ ਵਿਅਕਤਿਤਵ 'ਚ ਕਿਹੜੀਆਂ ਗੱਲਾਂ ਆਉਂਦੀਆਂ ਹਨ? ਐਨਸਾਈਕਲੋਪੀਡੀਆ ਬ੍ਰਿਟੇਨਿਕਾ ਅਨੁਸਾਰ ਵਿਅਕਤਿਤਵ ਵਿੱਚ ਉਸਦੇ ਸੋਚਣ ਦਾ ਢੰਗ, ਮਹਿਸੂਸ ਕਰਨ ਤੇ ਵਿਹਾਰ ਕਰਨ ਦਾ ਢੰਗ ਆਦਿ ਸ਼ਾਮਲ ਹੁੰਦੇ ਹਨ। ਵਿਅਕਤਿਤਵ ਵਿੱਚ ਬੰਦੇ ਦਾ ਰਉਂ, ਵਿਹਾਰ, ਵਿਚਾਰ ਅਤੇ ਉਸ ਦਾ ਹੋਰ ਲੋਕਾਂ ਨਾਲ ਗੱਲ-ਬਾਤ ਕਰਨ ਵੇਲੇ ਕਿਹੋ ਜਿਹਾ ਵਤੀਰਾ ਹੁੰਦਾ ਹੈ ਆਦਿ ਆਉਂਦੇ ਹਨ। ਵਿਹਾਰ ਦਾ ਲੱਛਣ ਅਜਿਹਾ ਹੁੰਦਾ ਹੈ ਜੋ ਇਕ ਵਿਅਕਤੀ ਨੂੰ ਦੂਸਰੇ ਨਾਲ਼ੋਂ ਵਖਰਿਆਉਂਦਾ ਹੈ ਅਤੇ ਇਹ ਉਸ

ਵਿਅਕਤੀ ਦੇ ਵਾਤਾਵਰਨ ਅਤੇ ਸਮਾਜਕ ਸਮੂਹ ਨਾਲ਼ ਸੰਬੰਧ ਨਿਰਧਾਰਤ ਕਰਦੇ ਹਨ।

ਇਸ ਯੂਨਿਟ ਦੇ ਆਰੰਭ ਵਿੱਚ ਦੋ ਦੋਸਤਾਂ ਦਾ ਕੇਸ ਵਿਚਾਰਿਆ ਗਿਆ ਹੈ।ਉਸ ਤੋਂ ਵੀ ਇਹੋ ਪਤਾ




ਲੱਗਦਾ ਹੈ ਕਿ ਸਾਧਾਰਨ ਸ਼ਬਦਾਂ ਵਿੱਚ ਵਿਅਕਤਿਤਵ ਦਾ ਅਰਥ ਹੈ ਸਮਾਜਕ ਨਿਪੁੰਨਤਾ ਉਹਨਾਂ ਦੋਵਾਂ ਦੀ ਸਮਾਜਕ ਨਿਪੁੰਨਤਾ 'ਚ ਫ਼ਰਕ ਹੈ : ਇੱਕ ਦਾ ਗੁਣ ਦੋਸਤਾਨਾ ਹੈ ਦੂਜਿਆਂ ਨਾਲ ਮਿਲ਼ ਕੇ ਰਹਿਣ ਦਾ ਹੈ ਤੇ ਦੂਸਰੇ ਦਾ ਗੁਣ ਹਾਕਮਾਨਾ ਤੇ ਹਮੇਸ਼ਾ ਬਿਪਤਾਵਾਂ ਖੜ੍ਹੀਆਂ ਕਰਨ ਵਾਲ਼ਾ ਹੈ। ਇਹ ਉਹਨਾਂ ਦੋਵਾਂ ਦੇ ਵਿਅਕਤਿਤਵ ਵਿਚਲੇ ਫ਼ਰਕ ਨੂੰ ਸਪਸ਼ਟ ਕਰਦਾ ਹੈ। ਇਸ ਤਰ੍ਹਾਂ ਵਿਅਕਤਿਤਵ ਮਨੁੱਖ ਵਿਚਲੀ ਸਮਾਜਕ ਨਿਪੁੰਨਤਾ ਤੇ ਛਲ ਕਪਟ ਦੀ ਮਾਤਰਾ ਦੇ ਅਨੁਸਾਰ ਹੁੰਦਾ ਹੈ।

## 1.3 ਵਿਅਕਤਿਤਵ ਦੇ ਨਿਰਧਾਰਕ-:

ਹਰ ਮਨੁੱਖ ਦਾ ਵਿਅਕਤਿਤਵ ਵਿਲੱਖਣ ਹੁੰਦਾ ਹੈ। ਕੀ ਤੁਸੀਂ ਕਦੇ ਸੋਚਿਆ ਹੈ ਵਿਅਕਤਿਤਵ ਕਿਵੇਂ ਬਣਦਾ ਹੈ? ਕਈ ਅਜਿਹੇ ਤੱਤ ਹਨ ਜੋ ਵਿਅਕਤਿਤਵ ਨੂੰ ਨਿਰਧਾਰਤ ਕਰਦੇ ਹਨ ਇਹੋ ਤੱਤ ਹੁੰਦੇ ਹਨ ਵਿਅਕਤਿਤਵ ਦੇ ਨਿਰਧਾਰਕ। ਵੱਖ-ਵੱਖ ਮਨੋਵਿਗਿਆਨੀਆਂ ਦੇ ਵਿਚਾਰਾਂ ਦੇ ਸਰਵੇਖਣ ਪਿਛੋਂ ਇਹ ਤੱਥ ਸਾਹਮਣੇ ਆਉਂਦਾ ਹੈ ਕਿ ਵਿਅਕਤਿਤਵ ਦੇ ਨਿਰਧਾਰਕ ਬਹੁਤ ਸਾਰੇ ਹੁੰਦੇ ਹਨ। ਜਿਵੇਂ ਕਿ

1. ਵਿਰਸਾ
2. ਸੱਭਿਆਚਾਰ
3. ਪਰਿਵਾਰਿਕ ਪਿਛੋਕੜ
4. ਜੀਵਨ ਦੌਰਾਨ ਸਾਡੇ ਅਨੁਭਵ
5. ਅਤੇ ਜਿਨਾਂ ਲੋਕਾਂ ਨਾਲ਼ ਅਸੀਂ ਗੱਲ-ਬਾਤ ਕਰਦੇ ਹਾਂ।

1. **ਵਿਰਸਾ :** ਆਕਸਫੋਰਡ ਡਿਕਸ਼ਨਰੀ ਅਨੁਸਾਰ ਵਿਰਸਾ ਵਿਅਕਤੀ ਨੂੰ ਇੱਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤੱਕ ਸਰੀਰਿਕ ਤੇ ਮਾਨਸਿਕ ਤੌਰ ਤੇ ਪ੍ਰਭਾਵਿਤ ਕਰਦਾ ਹੈ। ਕੁਝ ਵਿਸ਼ੇਸ਼ਤਾਵਾਂ ਜਿਵੇਂ ਕਿ ਅੱਖਾਂ



ਦਾ ਰੰਗ, ਚਿਹਰੇ ਦਾ ਸਰੂਪ, ਸਰੀਰਕ ਬਣਤਰ ਸਾਨੂੰ ਆਪਣੇ ਪਿਤਾ, ਦਾਦਾ ਤੇ ਪੜਦਾਦਾ ਆਦਿ ਤੋਂ ਵੰਸ਼ਗਤ ਤੌਰ 'ਤੇ ਵਿਰਸੇ 'ਚ ਮਿਲ਼ ਜਾਂਦੀਆਂ ਹਨ। ਮੁੱਖ ਤੌਰ ਤੇ ਵਿਅਕਤਿਤਵ ਦੇ ਇਹ ਚਾਰ ਪੱਖ ਸਰੀਰਕ ਬਣਤਰ, ਸਰੀਰਕ ਆਕਰਸ਼ਤਾ, ਸਰੀਰਕ ਨੁਕਸ ਤੇ ਸਿਹਤ ਆਦਿ ਸਾਨੂੰ ਆਪਣੇ ਪੁਰਖਿਆਂ ਤੋਂ ਵਿਰਸੇ ਵਿਚ ਮਿਲ਼ ਜਾਂਦੇ ਹਨ। ਬਹੁਤੇ ਲੋਕਾਂ 'ਚ ਜਨਮ ਤੋਂ ਹੀ ਕਈ ਵਿਸ਼ੇਸ਼ਤਾਵਾਂ ਦਾ ਮਿਸ਼ਰਨ ਹੁੰਦਾ ਹੈ। ਇਸ ਵਿਰਸੇ ਨਾਲ਼ ਸਾਡਾ ਮੁਢਲਾ ਵਿਅਕਤਿਤਵ ਬਣਦਾ ਹੈ। ਇਸ ਪਿਛੋਂ ਸਾਡੇ ਆਲ਼ੇ-ਦੁਆਲ਼ੇ ਦੇ ਪ੍ਰਭਾਵ ਨਾਲ਼ ਸਾਡਾ ਵਿਅਕਤਿਤਵ ਵਿਕਸਿਤ ਹੁੰਦਾ ਹੈ ਵਾਤਾਵਰਨ ਵਿੱਚ ਉਹ ਸਾਰਾ ਕੁਝ ਆ ਜਾਂਦਾ ਹੈ, ਜੋ ਹਮੇਸ਼ਾ ਸਾਡੇ ਆਲ਼ੇ-ਦੁਆਲ਼ੇ ਹੁੰਦਾ ਹੈ। ਹੋਰ ਸਾਰੇ ਤੱਤਾਂ ਨਾਲ਼ੋਂ ਸਾਡਾ ਆਲ਼ਾ-ਦੁਆਲ਼ਾ ਸਾਡੇ ਵਿਅਕਤਿਤਵ ਵਿੱਚ ਕਈ ਵਿਸ਼ੇਸ਼ਤਾਵਾਂ ਲਿਆਉਣ ਵਿੱਚ ਸਹਾਈ ਹੁੰਦਾ ਹੈ।

2. **ਸੱਭਿਆਚਾਰ :** ਸੱਭਿਆਚਾਰ ਵਿੱਚ ਵਿਚਾਰ, ਰਸਮ ਰਿਵਾਜ, ਇੱਕ ਵਿਸ਼ੇਸ਼ ਭਾਈਚਾਰੇ ਜਾਂ



ਸਮਾਜ ਦੇ ਸਮਾਜਕ ਵਿਹਾਰ ਆਦਿ ਆ ਜਾਂਦੇ ਹਨ। ਸੱਭਿਆਚਾਰ ਤੋਂ ਸਾਡਾ ਝੁਕਾਓ ਤੇ ਮੁੱਲ ਆਦਿ ਨਿਰਧਾਰਤ ਹੁੰਦੇ ਹਨ ਜਿਸ ਤੋਂ ਅੱਗੇ ਸਾਡਾ ਵਿਹਾਰ ਨਿਰਧਾਰਤ ਹੁੰਦਾ ਹੈ। ਵਿਹਾਰ ਸਾਡੇ ਵਿਅਕਤਿਤਵ ਨੂੰ ਨਿਸਚਿਤ ਕਰਦਾ ਹੈ। ਇਸ ਪ੍ਰਕਾਰ ਵੱਖ-ਵੱਖ ਸੱਭਿਆਚਾਰ ਵਿੱਚ ਪੈਦਾ ਹੋਏ ਲੋਕ ਵੱਖ- ਵੱਖ

ਵਿਅਕਤਿਤਵ ਵਾਲ਼ੇ ਹੁੰਦੇ ਹਨ। ਭਾਰਤ ਵਿੱਚ ਸਾਰੇ ਸੱਭਿਆਚਾਰਕ ਪਿਛੋਕੜਾਂ ਵਿੱਚ ਵੰਨ - ਸੁਵੰਨਤਾ ਹੈ ਤੇ ਹਰੇਕ ਸੱਭਿਆਚਾਰ ਵਿੱਚ ਕੁਝ ਵਿਸ਼ੇਸ਼ ਤੱਤ ਮੌਜੂਦ ਹੁੰਦੇ ਹਨ ਜੋ ਉਸ ਸੱਭਿਆਚਾਰ 'ਚ ਰਹਿਣ ਵਾਲਿਆਂ ਦੇ ਵਿਅਕਤਿਤਵ ਨੂੰ ਪ੍ਰਭਾਵਿਤ ਕਰਦੇ ਹਨ। ਮਿਸਾਲ ਵਜੋਂ ਗੁਜਰਾਤ ਦੇ ਲੋਕ ਵਧੇਰੇ ਉਦਮਸ਼ੀਲ ਹੁੰਦੇ ਹਨ। ਹਰਿਆਣਾ ਦੇ ਲੋਕ ਉਤਸ਼ਾਹੀ, ਅਤੇ ਬੰਗਾਲੀ ਲੋਕ ਵਧੇਰੇ ਰਚਨਾਤਮਕ ਤੇ ਬੌਧਿਕ ਹੁੰਦੇ ਹਨ।

ਇਹ ਵੀ ਵੇਖਿਆ ਗਿਆ ਹੈ ਕਿਸੇ ਵਿਸ਼ੇਸ਼ ਸੱਭਿਆਚਾਰ ਵਿੱਚ ਰਹਿਣ ਵਾਲ਼ੇ ਸਾਰੇ ਹੀ ਲੋਕਾਂ ਦਾ ਇੱਕੋ ਜਿਹਾ ਵਿਅਕਤਿਤਵ ਨਹੀਂ ਹੁੰਦਾ। ਫਿਰ ਵੀ ਆਮ ਤੌਰ ਤੇ ਬਹੁਤੇ ਲੋਕਾਂ ਦੇ ਵਿਅਕਤਿਤਵ ਨੂੰ ਸੱਭਿਆਚਾਰ ਤੋਂ ਹੀ ਪ੍ਰਭਾਵਿਤ ਵੇਖਿਆ ਜਾਂਦਾ ਹੈ।

3. **ਪਰਿਵਾਰਿਕ ਪਿਛੋਕੜ :** ਪਰਿਵਾਰ ਸਮਾਜ ਦੀ ਸਭ ਤੋਂ ਛੋਟੀ ਇਕਾਈ ਹੈ। ਪਰਿਵਾਰ ਲੋਕਾਂ ਦਾ ਉਹ ਸਮੂਹ ਹੈ ਜੋ ਇੱਕ ਦੂਜੇ ਨਾਲ਼ ਖ਼ੂਨ ਦੇ ਰਿਸ਼ਤੇ ਜਾਂ ਵਿਆਹ ਨਾਲ਼ ਜੁੜੇ ਹੋਏ ਹੁੰਦੇ ਹਨ। ਵਿਰਸੇ ਤੋਂ



ਪਿਛੋਂ ਪਰਿਵਾਰ ਹੀ ਹੈ ਜੋ ਬੱਚੇ ਦੇ ਵਿਅਕਤਿਤਵ ਨੂੰ ਸਭ ਤੋਂ ਵੱਧ ਪ੍ਰਭਾਵਿਤ ਕਰਦਾ ਹੈ। ਪਰਿਵਾਰ ਦੇ ਬਹੁਤ ਸਾਰੇ ਪੱਖ ਜਿਵੇਂ ਕਿ ਪਿਛੋਕੜ, ਮਾਪਿਆਂ ਦਾ ਵਿੱਦਿਅਕ ਪੱਧਰ, ਸਮਾਜਕ - ਆਰਥਿਕ ਸਥਿਤੀ, ਪਰਿਵਾਰ ਵਿਚਲੇ ਬੱਚਿਆਂ ਦੀ ਸੰਖਿਆ ਤੇ ਉਹਨਾਂ ਦੀ ਉਮਰ ਵਿਚਲਾ ਫਰਕ, ਇਸ ਤੋਂ ਬਿਨਾਂ ਚਾਚੇ, ਚਾਚੀਆਂ ਦੀ ਮੌਜੂਦਗੀ ਕਾਫ਼ੀ ਹੱਦ ਤੱਕ ਬੱਚੇ ਦੇ ਵਿਅਕਤਿਤਵ ਨੂੰ ਪ੍ਰਭਾਵਿਤ ਕਰਦੀ ਹੈ ।ਇਹ ਵਿਚਾਰ ਕਰੋ ਕਿ ਤੁਹਾਡੀ ਪਸੰਦ – ਨਾ ਪਸੰਦੀ, ਸਮੱਸਿਆ ਨੂੰ ਹੱਲ ਕਰਨ ਦਾ

ਢੰਗ, ਆਪਣੇ ਵਿਚਾਰ ਪ੍ਰਗਟਾਉਣ ਦਾ ਤਰੀਕਾ ਆਦਿ ਕਿਸੇ ਇੱਕ ਜਾਂ ਦੂਜੇ ਕਾਰਨ ਕਰਕੇ ਉਸੇ ਤਰ੍ਹਾਂ ਦੇ ਹੁੰਦੇ ਹਨ ਜਿਵੇਂ ਕਿ ਤੁਸੀਂ ਆਪਣੇ ਪਰਿਵਾਰ ਦੇ ਮੈਂਬਰਾਂ ਪਾਸੋਂ ਸਿੱਖਿਆ ਹੁੰਦਾ ਹੈ।

4. **ਜੀਵਨ ਅਨੁਭਵ :** ਜੂਲੀਅਸ ਸੀਜ਼ਰ ਦਾ ਇੱਕ ਮਸ਼ਹੂਰ ਕਥਨ "ਅਨੁਭਵ ਹੀ ਸਾਨੂੰ ਸਭ ਕੁਝ ਸਿਖਾਉਂਦਾ ਹੈ" ਇਸ ਤੋਂ ਸਪਸ਼ਟ ਹੈ ਕਿ ਅਨੁਭਵ ਵੀ ਵਿਅਕਤਿਤਵ ਨੂੰ ਨਿਰਧਾਰਤ ਕਰਦਾ ਹੈ। ਹੋ ਸਕਦਾ ਹੈ ਕਿ ਤੁਹਾਡੇ ਵਿਅਕਤਿਤਵ ਵਿੱਚ ਦਿਆਲਤਾ ਦਾ ਗੁਣ ਹੈ ਪਰ ਜਦੋਂ ਇਸ ਗੁਣ ਕਾਰਨ ਤੁਸੀਂ ਵਾਰ-ਵਾਰ ਠੱਗੇ ਜਾਂਦੇ ਹੋ ਤਾਂ ਭਵਿੱਖ ਵਿੱਚ ਤੁਸੀਂ ਇਸ ਗੁਣ ਨੂੰ ਤਿਆਗ ਦਿਓ ਗੇ। ਮੰਨ ਲਓ ਤੁਹਾਡੇ ਨਾਲ਼ ਪਿਛਲੇ ਕੁਝ ਮਹੀਨਿਆਂ ਵਿੱਚ ਤਿੰਨ ਵੱਖ-ਵੱਖ ਵਿਅਕਤੀਆਂ ਨਾਲ਼ ਸੰਬੰਧਿਤ ਤਿੰਨ ਘਟਨਾਵਾਂ ਵਾਪਰੀਆਂ ਹਨ। ਉਹਨਾਂ ਤਿੰਨਾਂ ਨੂੰ ਤੁਸੀਂ ਕੁੱਝ ਪੈਸੇ ਉਧਾਰ ਦਿੱਤੇ ਸਨ ਜੋ ਉਹਨਾਂ ਨੇ ਕਦੇ ਵੀ ਨਹੀਂ ਮੋੜੇ। ਇਸ ਪ੍ਰਕਾਰ ਸੰਭਵ ਹੈ ਕਿ ਭਵਿੱਖ ਵਿੱਚ ਜੇ ਕੋਈ ਤੁਹਾਥੋਂ ਉਧਾਰ ਮੰਗੇਗਾ ਤਾਂ ਕੀ ਤੁਸੀਂ ਉਸ 'ਤੇ ਵਿਸ਼ਵਾਸ਼ ਕਰੋਗੇ? ਸ਼ਾਇਦ ਨਹੀਂ। ਇਸ ਪ੍ਰਕਾਰ ਅਜਿਹੀਆਂ ਹਾਂ ਕਰੂ ਜਾਂ ਨਾਂਹ ਕਰੂ ਘਟਨਾਵਾਂ ਦਾ ਵਾਰ-ਵਾਰ ਦੁਹਰਾਓ ਸਾਡੇ ਵਿਅਕਤਿਤਵ 'ਤੇ ਅਵੱਸ਼ ਪ੍ਰਭਾਵੀ ਹੁੰਦਾ ਹੈ।

5. **ਉਹ ਲੋਕ, ਜਿਨ੍ਹਾਂ ਨਾਲ਼ ਮਨੁਖੀਂ ਗੱਲ-ਬਾਤ ਕਰਦੇ ਹਾਂ :** ਇੱਕ ਮੁਹਾਵਰਾ ਹੈ "ਵਿਅਕਤੀ ਆਪਣੀ ਕੰਪਨੀ (ਦੋਸਤ ਮਿੱਤਰਾਂ, ਸਹਿਯੋਗੀਆਂ) ਤੋਂ ਹੀ ਜਾਣਿਆ ਜਾਂਦਾ ਹੈ। ਅਸੀਂ ਆਪਣੇ ਜੀਵਨ 'ਚ ਬਹੁਤ ਸਾਰੇ ਲੋਕਾਂ - ਗੁਆਂਢੀਆਂ, ਅਧਿਆਪਕਾਂ, ਸਹਿਪਾਠੀਆਂ, ਇਕੋ ਸਕੂਲ 'ਚ ਪੜ੍ਹਨ ਵਾਲ਼ਿਆਂ, ਦੋਸਤਾਂ, ਚਚੇਰੇ ਭਰਾਵਾਂ, ਸਹਿਕਰਮੀਆਂ, ਅਸਫਰਾਂ ਤੇ ਇਥੋਂ ਤਕ ਕਿ ਅਜਨਬੀਆਂ ਨਾਲ਼ ਸੰਪਰਕ ਵਿੱਚ ਆਉਂਦੇ ਹਾਂ, ਗੱਲ-ਬਾਤ ਕਰਦੇ ਹਾਂ, ਜਿਹੜੇ ਲੋਕ ਸਾਡੇ ਨਾਲ਼ ਮਿਲਦੇ ਜੁਲਦੇ ਵਿਹਾਰ ਵਾਲੇ ਹੁੰਦੇ ਹਨ ਅਸੀਂ ਉਹਨਾਂ ਤੋਂ ਆਪਣੀ ਗੱਲ ਮਨਾ ਲੈਂਦੇ ਹਾਂ ਤੇ ਜਿਨ੍ਹਾਂ ਨੂੰ ਅਸੀਂ ਪਸੰਦ ਕਰਦੇ ਹਾਂ ਉਹਨਾ ਨਾਲ਼ ਸਹਿਚਾਰ ਬਣਾ ਲੈਂਦੇ ਹਾਂ ਮਿਸਾਲ ਦੇ ਤੌਰ ਤੇ ਅਸੀਂ ਘੱਟ ਆਕ੍ਰਮਣਕਾਰੀ ਹੋਈਏ, ਸਗੋਂ ਵੱਧ ਸਹਿਯੋਗੀ

ਹੋ ਕੇ ਟੀਮ ਦੀ ਭਾਵਨਾ ਨਾਲ਼ ਕੰਮ ਕਰਦੇ ਹੋਈਏ ਤਾਂ ਜਿਨ੍ਹਾਂ ਲੋਕਾਂ ਜਾਂ ਸਮੂਹ ਨਾਲ ਅਸੀਂ ਗੱਲ-ਬਾਤ ਕਰਦੇ ਹੋਵਾਂਗੇ ਤਾਂ ਉਹਨਾਂ 'ਚੋਂ ਕੁਝ ਦਾ ਪ੍ਰਭਾਵ ਤਾਂ ਸਾਡੇ ਵਿਅਕਤਿਤਵ ਨੂੰ ਜਰੂਰ ਹੀ ਪ੍ਰਭਾਵਿਤ ਕਰੇਗਾ।

ਸੰਖੇਪ ਵਿੱਚ ਕਹਿ ਸਕਦੇ ਹਾਂ ਕਿ ਸਾਡਾ ਵਿਅਕਤਿਤਵ ਸਾਡੇ ਵੰਸ਼ਗਤ ਪ੍ਰਭਾਵਾਂ ਤੇ ਵਾਤਾਵਰਨ (ਆਲ਼ਾ ਦੁਆਲ਼ਾ – ਬਾਹਰੀ ਤੱਤਾਂ) ਤੋਂ ਪ੍ਰਭਾਵਿਤ ਹੁੰਦਾ ਹੈ।

## ਵਿਦਿਆਰਥੀਆਂ ਦੀ ਸਵੈ - ਗਤੀਵਿਧੀ - ।

➢ ਇਸ ਪਾਠ ਵਿੱਚ ਲਿਖੇ ਅਨੁਸਾਰ ਵਿਅਕਤਿਤਵ ਦੀ ਪਰਿਭਾਸ਼ਾ ਨੂੰ ਮੁੱਖ ਰੱਖ ਕੇ ਆਪਣੇ ਆਪ ਬਾਰੇ ਇੱਕ ਲੇਖ ਲਿਖੋ। ਇਹ ਪਛਾਣ ਕਰੋ ਕਿ ਤੁਹਾਡੇ ਵਿਚ ਕੀ-ਕੀ ਵਿਲੱਖਣਤਾਵਾਂ ਹਨ। ਇਸ ਲੇਖ ਵਿੱਚ ਉਹ ਤੱਤ ਵੀ ਸ਼ਾਮਲ ਕਰੋ ਜੋ ਤੁਹਾਡੇ ਵਿਅਕਤਿਤਵ 'ਤੇ ਵੰਸ਼ਗਤ ਤੌਰ 'ਤੇ ਅਤੇ ਉਹ ਤੱਤ ਜੋ ਆਲ਼ੇ ਦੁਆਲ਼ੇ (ਵਾਤਾਵਰਨ) 'ਚੋਂ ਤੁਹਾਡੇ ਵਿਅਕਤਿਤਵ ਨੂੰ ਪ੍ਰਭਾਵਿਤ ਕਰਦੇ ਰਹੇ ਹਨ ਤੇ ਕਿਹੜੇ ਤੱਤ ਤੁਹਾਡੇ ਰੋਜ਼ਾਨਾ ਦੇ ਵਿਵਹਾਰ ਤੇ ਵਿਚਾਰਾਂ 'ਤੇ ਅਸਰ ਪਾਉਂਦੇ ਰਹੇ ਹਨ।

➢ ਜੇ ਤੁਸੀਂ ਉਪਰ ਦੱਸੇ ਦੇ ਆਧਾਰ 'ਤੇ ਲੇਖ ਲਿਖ ਲਿਆ ਹੈ ਤਾਂ ਆਪਣੇ ਸਹਿਪਾਠੀ ਨੂੰ ਉਹੋ ਲੇਖ ਤੁਹਾਡੇ ਬਾਰੇ ਲਿਖਣ ਲਈ ਕਹੋ, ਜਦੋਂ ਦੋਸਤ ਨੇ ਵੀ ਤੁਹਾਡੇ ਬਾਰੇ ਲੇਖ ਲਿਖ ਲਿਆ ਤਾਂ ਉਸ ਲੇਖ ਨੂੰ ਆਪਣੇ ਲੇਖ ਨਾਲ਼ ਮਿਲ਼ਾ ਕੇ ਵੇਖੋ। ਇਹ ਵੇਖੋ ਉਹ ਦੋਵੇਂ ਲੇਖ ਆਪੋ ਵਿੱਚ ਕਿੰਨਾਂ ਕੁ ਮਿਲ਼ਦੇ ਹਨ? ਉਹ ਲੇਖ ਕਿੰਨੇ ਕੁ ਇੱਕ ਦੂਜੇ ਨਾਲ਼ੋਂ ਵੱਖਰੇ ਹਨ?

➢ ਜੇ ਤੁਸੀਂ ਤੇ ਤੁਹਾਡੇ ਮਿੱਤਰ ਨੇ ਉਪਰ ਦਸੇ ਅਨੁਸਾਰ ਆਪੋ ਆਪਣੇ ਲੇਖ ਲਿਖੇ ਹਨ ਤਾਂ ਵੀ ਇਹਨਾਂ ਦੋਵਾਂ ਲੇਖਾਂ ਦਾ ਮੁਕਾਬਲਾ ਕਰਕੇ ਵੇਖੋ, ਇਹ ਕਿੰਨੇ ਕੁ ਆਪੋ ਵਿੱਚ ਮਿਲ਼ਦੇ ਹਨ? ਕਿੰਨੇ ਕੁ ਇਕ ਦੂਜੇ ਨਾਲ਼ੋਂ ਵੱਖਰੇ ਹਨ। ਤੁਸੀਂ ਲੋਕਾਂ ਨੇ ਉਹ ਕਿਹੜੇ ਕਿਹੜੇ ਤੱਤ ਵਰਣਿਤ ਕੀਤੇ ਹਨ ਜੋ ਤੁਹਾਡੇ ਵਿਅਕਤਿਤਵ ਨੂੰ ਪ੍ਰਭਾਵਿਤ ਕਰਦੇ ਹਨ।

## ਮੁਲਾਂਕਣ ।

1. ਵਿਸ਼ੇਸ਼ਤਾਵਾਂ ਦਾ ਸਮੂਹ ਜੋ ਤੁਹਾਨੂੰ ਹੋਰਾਂ ਤੋਂ ਵਿਲੱਖਣ ਬਣਾਉਂਦਾ ਹੈ ਉਸ ਨੂੰ ------------------- ਕਹਿੰਦੇ ਹਨ

2. ਸ਼ਬਦ Personality (ਵਿਅਕਤਿਤਵ) ਲਾਤੀਨੀ ਸ਼ਬਦ ------------------ ਤੋਂ ਬਣਿਆ ਹੈ ਜਿਸਦਾ ਅਰਥ ਹੈ ----------------- ।

3. ਸਾਧਾਰਨ ਸ਼ਬਦਾਂ ਵਿੱਚ ਵਿਅਕਤਿਤਵ ਦਾ ਅਰਥ ਹੈ ------------------

4. ਵਿਅਕਤਿਤਵ ਦੇ ਪ੍ਰਮੁੱਖ ਨਿਰਧਾਰਕ ------------------ ਅਤੇ ------------------- ਹਨ।

**2 ਠੀਕ ਜਾਂ ਗ਼ਲਤ :**

1. ਮਨੁੱਖ ਦਾ ਵਿਅਕਤਿਤਵ ਉਮਰ ਭਰ ਇੱਕੋ ਜਿਹਾ ਰਹਿੰਦਾ ਹੈ।

2. ਵਿਅਕਤਿਤਵ 'ਤੇ ਮਨੁੱਖ ਦਾ ਗੁਆਂਢ ਸਭ ਤੋਂ ਵੱਧ ਪ੍ਰਭਾਵ ਪਾਉਂਦਾ ਹੈ।

3. ਵਿਅਕਤਿਤਵ ਨੂੰ ਵਿਕਸਿਤ ਕਰਨ ਲਈ ਸਾਡੇ ਮੁਢਲੇ ਅਨੁਭਵ ਵਿਸ਼ੇਸ਼ ਮਹੱਤਵਪੂਰਨ ਹੁੰਦੇ ਹਨ।

4. ਵਿਅਕਤਿਤਵ ਕੁਦਰਤੀ ਵੀ ਹੁੰਦਾ ਹੈ ਅਤੇ ਆਪਣੇ ਆਪ ਵੱਲੋਂ ਵੀ ਵਿਕਸਿਤ ਕੀਤਾ ਜਾਂਦਾ ਹੈ।

## 1.4 ਵਿਅਕਤਿਤਵ ਵਿਕਾਸ




ਵਿਅਕਤਿਤਵ ਦੇ ਨਿਰਧਾਰਕਾਂ ਬਾਰੇ ਉਪਰੋਕਤ ਵਿਚਾਰ ਚਰਚਾ ਸਾਡੇ ਸਾਹਮਣੇ ਸਦੀਆਂ ਪੁਰਾਣੀ ਉਸ ਬਹਿਸ ਨੂੰ ਲਿਆ ਰੱਖਦੀ ਹੈ ਕਿ ਕੀ ਵਿਅਕਤਿਤਵ ਕੁਦਰਤੀ ਹੁੰਦਾ ਹੈ ਜਾਂ ਇਹ ਮਨੁੱਖ ਵੱਲੋਂ ਬਣਾਇਆ ਜਾਂਦਾ ਹੈ। ਇਸ ਸੰਬੰਧ 'ਚ ਇੱਕ ਚੋਟੀ ਦੇ ਮਨੋਵਿਗਿਆਨੀ ਵੱਲੋਂ ਪੇਸ਼ ਕੀਤੇ ਵਿਚਾਰ ਇਸ ਤਰ੍ਹਾਂ ਹਨ ਕਿ ਹਰ ਵਿਅਕਤੀ ਮੌਲਿਕ ਵਿਅਕਤਿਤਵ ਦੇ ਨਾਲ਼ ਜਨਮ ਲੈਂਦਾ ਹੈ। ਪਰ ਜਦੋਂ ਬਾਹਰੀ ਵਾਤਾਵਰਨ ਵਲੋਂ ਪੇਸ਼ ਚੁਣੌਤੀਆਂ ਨਾਲ ਸਾਹਮਣਾ ਹੁੰਦਾ ਹੈ ਤਾਂ ਵਿਅਕਤੀ ਆਪਣੇ ਪੂਰੇ ਜੀਵਨ ਦੌਰਾਨ ਆਪਣੇ ਵਿਅਕਤਿਤਵ ਨੂੰ ਬਦਲਦਾ ਤੇ ਵਿਕਸਿਤ ਕਰਦਾ ਰਹਿੰਦਾ ਹੈ।

ਇਸ ਪ੍ਰਕਾਰ ਵਿਅਕਤਿਤਵ ਵਿਕਾਸ ਦੀ ਪ੍ਰਕਿਰਿਆ ਲਗਾਤਾਰ ਚੱਲਦੀ ਹੈ ਤੇ ਇਹ ਬਹੁਪੱਖੀ ਪ੍ਰਕਿਰਿਆ ਹੁੰਦੀ ਹੈ। ਇਸ ਨੂੰ ਚਲਦੀ ਰੱਖਣ ਲਈ ਕੁਝ ਨਿਪੁੰਨਤਾਵਾਂ ਦੀ ਲੋੜ ਹੁੰਦੀ ਹੈ ਜਿਨ੍ਹਾਂ 'ਚੋਂ ਕੁਝ ਤਾਂ ਸਿੱਖੀਆਂ ਜਾ ਸਕਦੀਆਂ ਹਨ ਤੇ ਕੁਝ ਕਈ ਵਾਰ ਨਹੀਂ ਸਿੱਖ ਹੁੰਦੀਆਂ। ਵਿਅਕਤੀਗਤ ਤੇ ਪੇਸ਼ਾਵਾਰਾਨਾ ਨਾ ਲੋੜਾਂ ਦੇ ਮੁਤਾਬਕ ਵਿਅਕਤਿਤਵ ਦੇ ਵਿਕਾਸ ਦਾ ਲੋੜ ਵਿਅਕਤਿਤਵ ਵਿਕਾਸ ਦੀ ਪ੍ਰੀਕ੍ਰਿਆ ਨੂੰ ਉਤਸਾਹਿਤ ਕਰਦੀ ਹੈ। ਮੌਜੂਦਾ ਹਾਲਾਤ ਵਿੱਚ ਇਹ ਵਿਸ਼ੇਸ਼ ਤੌਰ 'ਤੇ ਸੱਚ ਹੈ ਕਿਉਂਕਿ ਹੁਣ ਸਨਅਤ ਦੇ ਖੇਤਰ 'ਚ ਬਹੁਤ ਵੱਡੀ ਤਬਦੀਲੀ ਆ ਚੁੱਕੀ ਹੈ। ਹੁਣ ਕੋਈ ਕੰਮ ਕਰਨ ਲਈ ਸਿਰਫ਼ ਤਕਨੀਕੀ ਜਾਣਕਾਰੀ ਹੀ ਕਾਫ਼ੀ ਨਹੀਂ ਸਗੋਂ ਸੱਨਅਤ ਦੀ ਬਦਲਦੀ ਮੰਗ ਨੂੰ ਪੂਰਾ ਕਰਨ ਲਈ ਕਈ

ਹੋਰ ਨਿਪੁੰਨਤਾ ਵਾਂ (ਹੁਨਰਾਂ) ਦੀ ਵੀ ਲੋੜ ਪੈਂਦੀ ਹੈ। ਇਹਨਾਂ ਨਿਪੁੰਨਤਾਵਾਂ 'ਚੋਂ ਵਿਅਕਤਿਤਵ ਦੀ ਸਮਾਜਕ ਆਕਰਸ਼ਕਤਾ ਸਭ ਤੋਂ ਵੱਧ ਮਹੱਤਵਪੂਰਨ ਹੈ।



ਹੁਣ ਇਹ ਸਪਸ਼ਟ ਹੈ ਕਿ ਵਿਅਕਤੀ ਜੋ ਕੰਮ ਕਰਨਾ ਚਾਹੁੰਦਾ ਹੈ ਉਸ ਦੀਆਂ ਪੇਸ਼ਾਵਰਾਨਾਂ ਆਸ਼ਾਵਾਂ ਦੀ ਪਛਾਣ ਕਰਕੇ ਲੋੜੀਂਦੀਆਂ ਵਿਅਕਤਿਤਵ ਵਿਸ਼ੇਸ਼ਤਾਵਾਂ ਨੂੰ ਆਪਣਾ ਲਵੇ ਤੇ ਉਹਨਾਂ ਅਨੁਸਾਰ ਹੀ ਕੰਮ ਕਰੇ। ਇਸ ਪ੍ਰਕਾਰ ਉਹ ਆਪਣਾ ਲੋੜੀਂਦਾ ਵਿਅਕਤਿਤਵ ਵਿਕਸਿਤ ਕਰ ਲਵੇਗਾ ਤੇ ਦੂਜੇ ਲੋਕਾਂ ਨਾਲ਼ ਵਧੀਆ ਢੰਗ ਨਾਲ਼ ਮੁਕਾਬਲਾ ਕਰ ਸਕੇਗਾ। ਸੈਰ-ਸਪਾਟਾ ਸਨਅਤ ਵਿੱਚ ਤਾਂ ਇਹ ਹੋਰ ਵੀ ਵੱਧ ਜਰੂਰੀ ਹੈ ਕਿਉਂਕਿ ਇਸ ਸਨਅਤ ਵਿੱਚ ਹੋਰ ਨਿਪੁੰਨਤਾਵਾਂ ਦੇ ਮੁਕਾਬਲੇ ਉੱਚ ਸਮਾਜਕ ਆਕਰਸ਼ਕਤਾ ਯੁਕਤ ਵਿਅਕਤਿਤਵ ਵੱਧ ਅਵੱਸ਼ਕ ਹੈ। ਇਸ ਦੇ ਕਾਰਨ ਅਸੀਂ ਪਿਛਲੇ ਸਾਲ ਪਹਿਲੇ ਯੂਨਿਟਾਂ ਵਿੱਚ ਵਿਚਾਰ ਚੁੱਕੇ ਹਾਂ।

ਹੁਣ ਇਹ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਅਸੀਂ ਯਾਤਰਾ ਤੇ ਸੈਰ ਸਪਾਟਾ ਸਨਅਤ ਲਈ ਢੁਕਵਾਂ ਤੇ ਲੋੜੀਂਦਾ ਵਿਅਕਤਿਤਵ ਕਿਵੇਂ ਵਿਕਸਿਤ ਕਰੀਏ? ਸਾਡੇ ਵਿਅਕਤਿਤਵ ਦੇ ਉਹ ਕਿਹੜੇ-ਕਿਹੜੇ ਖੇਤਰ ਹਨ ਜਿਨ੍ਹਾਂ ਨੂੰ ਸੈਰ-ਸਪਾਟਾ ਸਨਅਤ ਦੇ ਅਨੁਸਾਰੀ ਬਣਾਇਆ ਜਾਣਾ ਹੈ?

ਇਸ ਪ੍ਰਸ਼ਨ ਦਾ ਉੱਤਰ ਦੇਣ ਲਈ, ਪਹਿਲਾਂ ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ, ਸੈਰ-ਸਪਾਟਾ ਸਨਅਤ ਵਿਅਕਤੀ ਦੇ ਵਿਅਕਤੀ ਨਾਲ਼ ਸੰਪਰਕ ਦੀ ਸਨਅਤ ਹੈ ਜਿੱਥੇ ਸੇਵਾ ਕਰਨ ਵਾਲਾ ਸੈਰ ਸਪਾਟਾ ਸਥਾਨ ਦਾ ਅਨਿਖੜਵਾਂ ਅੰਗ ਹੁੰਦਾ ਹੈ। ਮਿਸਾਲ ਦੇ ਤੌਰ 'ਤੇ ਪੰਜ ਤਾਰਾ ਹੋਟਲ ਦੇ ਆਰਾਮਦਾਇਕ ਕਮਰੇ, ਉੱਚ ਮਿਆਰੀ ਬੈੱਡ, ਵਧੀਆ ਫ਼ਰਨੀਚਰ, ਕੌਮਾਂਤਰੀ ਮਿਆਰ ਦਾ ਖਾਣਾ ਆਦਿ ਸਭ ਵਿਅਰਥ ਚਲੇ ਜਾਣਗੇ ਜੇਕਰ ਹੋਟਲ ਵਿੱਚ ਕੰਮ ਕਰਨ ਵਾਲ਼ਿਆਂ ਵਿੱਚ ਪੇਸ਼ਾਵਾਰਨਾ ਸੇਵਾ ਵਿਹਾਰ, ਬੋਲ ਚਾਲ ਤੇ ਵਿਹਾਰ, ਸੰਚਾਰ ਦਾ ਹੁਨਰ ਆਦਿ ਦੀ ਅਣਹੋਂਦ ਹੈ। ਇਸ ਪ੍ਰਕਾਰ ਅਸੀਂ ਕਹਿ ਸਕਦੇ ਹਾਂ ਕਿ ਹਰ ਰੋਜ ਖੁਸ਼ ਗਾਹਕ (ਸੈਲਾਨੀ ਖਿੱਚਣ ਲਈ ਹੋਟਲ ਦੇ ਸਟਾਫ਼ ਵਿੱਚ ਹੇਠ ਲਿਖੇ ਗੁਣ ਹੋਣੇ ਚਾਹੀਦੇ ਹਨ।

1) ਕੰਮ ਪ੍ਰਤੀ ਹਾਂ – ਪੱਖੀ ਵਿਹਾਰ

2) ਪਹਿਲਾ ਪ੍ਰਭਾਵ ਉਤਪੰਨ ਕਰਨ ਲਈ ਸਜਣ – ਸੰਬਰਨ ਵਾਲ਼ੀ ਪੁਸ਼ਾਕ

3) ਸਮਾਜਕ ਸ਼ਿਸ਼ਟਾਚਾਰ ਤੇ ਟੈਲੀਫ਼ੋਨ 'ਤੇ ਗੱਲ ਕਰਨ ਦਾ ਸਲੀਕਾ

4) ਪੇਸ਼ਾਵਰਾਨਾ ਹਾਵ – ਭਾਵ (ਬਾਡੀ ਲੈਂਗੁਏਜ)

ਇਸ ਸਭ ਕੁਝ ਦੇ ਅੰਤ ਵਿੱਚ ਕਹਿ ਸਕਦੇ ਹਾਂ ਕਿ ਉੱਪਰ ਵਰਣਿਤ ਗੁਣ ਹੋਟਲ ਸਨਅਤ ਦੇ ਸਟਾਫ ਵਿੱਚ ਲੋੜੀਂਦਾ ਵਿਅਕਤਿਤਵ ਵਿਕਸਿਤ ਕਰ ਸਕਦੇ ਹਨ। ਅਗਲੇ ਪੰਨਿਆਂ ਵਿੱਚ ਅਸੀਂ ਪੜ੍ਹਾਂਗੇ ਕਿ ਸੈਰ-ਸਪਾਟਾ ਸਨਅਤ ਲਈ ਢੁਕਵਾਂ ਵਿਅਕਤਿਤਵ ਵਿਕਸਿਤ ਕਿਵੇਂ ਕੀਤਾ ਜਾਵੇ ?

## ਸ਼੍ਰੇਣੀ ਵਿੱਚ ਕਰਨ ਵਾਲ਼ੀ ਗਤੀਵਿਧੀ : ਖ਼ੁਸ਼ ਸੈਲਾਨੀਆਂ ਤੇ ਵਿਅਕਿਤਤਵ ਵਿਸ਼ੇਸ਼ਤਾਵਾਂ ਲਈ ਨੁਸਖਾ

ਅਧਿਆਪਕ ਸ਼੍ਰੇਣੀ ਦੇ ਬੱਚਿਆਂ ਨੂੰ ਪੰਜ-ਪੰਜ ਦੀਆਂ ਟੋਲੀਆਂ ਵਿੱਚ ਵੰਡ ਲਵੇ। ਫਿਰ ਅਧਿਆਪਕ, ਵਿਦਿਆਰਥੀਆਂ ਨੂੰ ਪੁੱਛੇ ਕਿ ਆਪਣੇ ਗਾਹਕਾਂ (ਸੈਲਾਨੀਆਂ) ਨੂੰ ਖ਼ੁਸ਼ ਕਰਨ ਲਈ ਸੇਵਾ ਕਰਨ ਵਾਲ਼ਾ ਮੁਲਾਜ਼ਮ ਕਿਨ੍ਹਾਂ ਵਿਅਕਤਿਤਵ ਨਿਪੁੰਨਤਾਵਾਂ ਦੀ ਵਰਤੋਂ ਦਾ ਨੁਸਖਾ ਅਪਣਾਵੇ। ਵਿਦਿਆਰਥੀਆਂ ਨੂੰ ਸੋਚਣ ਲਈ ਦਸ ਮਿੰਟ ਦਾ ਸਮਾਂ ਦਿੱਤਾ ਜਾਵੇ।

ਜਦੋਂ ਵਿਦਿਆਰਥੀ ਆਪੋ ਆਪਣੇ ਨੁਸਖੇ ਦੱਸ ਲੈਣ ਤਾਂ ਅਧਿਆਪਕ ਹੇਠਾਂ ਲਿਖੇ ਨੁਸਖਿਆਂ ਬਾਰੇ ਵਿਚਾਰ ਚਰਚਾ ਕਰੇ ਜਿਨ੍ਹਾਂ ਨਾਲ਼ ਸੈਲਾਨੀ ਨੂੰ ਖ਼ੁਸ਼ ਕੀਤਾ ਜਾ ਸਕਦਾ ਹੈ – ਅਧਿਆਪਕ ਵਿਅਕਤਿਤਵ ਵਿਸ਼ੇਸ਼ਤਾਵਾਂ ਬਾਰੇ ਵੀ ਚਰਚਾ ਕਰੇ।

1. ਇੱਕ ਮੁਸਕੁਰਾਹਟ
2. ਦੋ ਅੱਖਾਂ
3. ਇੱਕ ਆਵਾਜ਼

4. ਇੱਕ ਦਿਮਾਗ਼
5. ਦੋ ਕੰਨ
6. ਇੱਕ ਵਾਰ ਨਿੱਘਾ ਹੱਥ ਮਿਲਾਉਣਾ

ਮੁਸਕੁਰਾਹਟ ਸੈਲਾਨੀ ਦਾ ਨਿੱਘਾ ਸੁਆਗਤ ਹੋਵੇਗੀ। ਅੱਖਾਂ ਸੈਲਾਨੀ ਨਾਲ ਮਿਲ਼ ਕੇ ਸੰਪਰਕ ਬਣਾਉਂਣਗੀਆਂ ਆਵਾਜ਼ ਤੇ ਦਿਮਾਗ ਸੈਲਾਨੀ ਨੂੰ ਇਹ ਪ੍ਰਭਾਵ ਦੇਣਗੇ ਕਿ ਇਸ ਖੇਤਰ 'ਚ ਜਾਦੂਮਈ ਆਵਾਜ਼ ਹੈ ਤੇ ਆਸ ਪਾਸ ਦਾ ਦ੍ਰਿਸ਼ ਮਨਮੋਹਕ ਹੈ। ਦੋਵੇਂ ਕੰਨ ਇਹ ਸੁਣਨ ਦਾ ਕੰਮ ਕਰਨਗੇ ਕਿ ਸੈਲਾਨੀ ਕੀ ਚਾਹੁੰਦਾ ਹੈ। ਨਿੱਘ ਨਾਲ਼ ਹੱਥ ਮਿਲਾਉਣ ਦਾ ਅਰਥ ਹੋਵੇਗਾ ਕਿ ਸੈਲਾਨੀ ਲਈ ਇੱਥੇ ਠਹਿਰਨਾ ਸੁਖਮਈ ਹੋਵੇਗਾ। ਪੂਰੀ ਤਰ੍ਹਾਂ ਸਿੱਖਿਅਤ ਸਟਾਫ਼ ਦੇ ਨਾਲ਼ ਤੁਸੀਂ ਇਸ ਨੂੰ ਹੋਰ ਵੀ ਰੌਚਿਕ ਬਣਾ ਸਕਦੇ ਹੋ। ਗਰਮੀ ਦੇ ਮੌਸਮ 'ਚ ਖਾਣਾ ਚੰਗੀ ਤਰ੍ਹਾਂ ਪਕਾਓ।

(**ਸ੍ਰੋਤ** : Hospitality & Tourism Activity by New Brunswick. Department of Education)

## ਮੁੱਲਾਂਕਣ 2 - ਸੰਖੇਪ ਉੱਤਰਾਂ ਵਾਲ਼ੇ ਪ੍ਰਸ਼ਨ :

1. ਵਿਅਕਤਿਤਵ ਵਿਕਾਸ ਨੂੰ ਪਰਿਭਾਸ਼ਤ ਕਰੋ।

--------------------------------------------------

--------------------------------------------------

--------------------------------------------------

------------------------------------

2. ਵਿਅਕਤਿਤਵ ਕੁਦਰਤੀ ਹੁੰਦਾ ਹੈ, ਇਵੇਂ ਹੀ ਇਹ ਮਨੁੱਖ ਵੱਲੋਂ ਵੀ ਬਣਾਇਆ ਜਾਂਦਾ ਹੈ। ਕੀ ਤੁਸੀਂ ਇਸ ਵਿਚਾਰ ਨਾਲ਼ ਸਹਿਮਤ ਹੋ? ਵਿਸਥਾਰ 'ਚ ਲਿਖੋ ਤੇ ਆਪਣੇ ਅਨੁਭਵਾਂ ਦੇ ਅਨੁਸਾਰ ਉਦਾਹਰਨਾਂ ਵੀ ਦਿਉ?

-----------------------------------------------------

--------------------------------------------------------

--------------------------------------------------------

----------------------------------------

3. ਸੈਰ – ਸਪਾਟਾ ਸਨਅਤ ਅਜਿਹੀ ਸਨਅਤ ਹੈ ਜਿੱਥੇ ਵਿਅਕਤਿਤਵ ਦੀ ਸਮਾਜਕ ਆਕਰਸ਼ਿਕਤਾ ਬਹੁਤ ਹੀ ਮਹੱਤਵਪੂਰਨ ਹੈ। ਵਿਸਥਾਰ 'ਚ ਦੱਸੋ ਤੇ ਆਪਣੀ ਦਲੀਲ ਦੀ ਪੁਸ਼ਟੀ ਲਈ ਆਪਣੇ ਵੱਲੋਂ ਉਦਾਹਰਨਾਂ ਵੀ ਦਿਓ।

-----------------------------------------------------

--------------------------------------------------------

--------------------------------------------------------

----------------------------------------

## 1.5 ਹਾਂ - ਪੱਖੀ ਕੰਮ ਵਿਹਾਰ

ਵਿਹਾਰ (ਰੁਚੀ) ਇਕ ਰਹੱਸਮਈ ਤੇ ਉਤੇਜਕ ਵਿਸ਼ਾ ਹੈ ਜੋ ਖੋਜਾਰਥੀਆਂ ਅਤੇ ਮਨੋਵਿਗਿਆਨੀਆਂ ਦੀ ਦਿਲਚਸਪੀ ਦਾ ਕੇਂਦਰ ਰਿਹਾ ਹੈ। ਵਿਹਾਰ ਤੇ ਵਿਅਕਤਿਤਵ ਵਿੱਚ ਗਹਿਰਾ ਸੰਬੰਧ ਵੀ ਹੈ ਕਿਉਂਕਿ ਵਿਅਕਤਿਤਵ ਦੇ ਨਿਰਧਾਰਨ ਲਈ ਵਿਹਾਰ ਦੀ ਮੁੱਖ ਭੂਮਿਕਾ ਹੁੰਦੀ ਹੈ। ਇਹੀ ਕਾਰਨ ਹੈ ਕਿ ਸਾਨੂੰ ਇਹ ਜਾਣਨ ਦਾ ਵਿਸ਼ੇਸ਼ ਲੋੜ ਹੈ ਕਿ ਵਿਹਾਰ ਆਖ਼ਰ ਹੁੰਦਾ ਕੀ ਹੈ? ਇਹ ਵਿਅਕਤਿਤਵ ਨੂੰ ਕਿਵੇਂ ਪ੍ਰਭਾਵਿਤ ਕਰਦਾ ਹੈ।



ਸਾਨੂੰ ਕੰਮ – ਸਥਾਨ 'ਤੇ ਹਾਂ-ਪੱਖੀ ਵਿਹਾਰ ਕਿਵੇਂ ਬਣਾਉਣਾ ਚਾਹੀਦਾ ਹੈ। ਆਕਸਫੋਰਡ ਡਿਕਸ਼ਨਰੀ ਅਨੁਸਾਰ ਵਿਹਾਰ (Attitude) ਦਾ ਅਰਥ ਹੈ ਕਿਸੇ ਵਿਅਕਤੀ, ਵਸਤੂ ਜਾਂ ਮਸਲੇ ਬਾਰੇ ਸੋਚਣ ਤੇ ਮਹਿਸੂਸ ਕਰਨ ਦਾ ਇੱਕ ਢੰਗ ਇਹ ਸੋਚਣਾਂ ਤੇ ਮਹਿਸੂਸ ਕਰਨਾ ਹਾਂ-ਪੱਖੀ ਵੀ ਹੋ ਸਕਦਾ ਹੈ ਤੇ ਨਾਂਹ-ਪੱਖੀ ਵੀ।

ਵਿਹਾਰ ਜਾਂ ਰਵੱਈਆਂ ਇਹ ਹੁੰਦਾ ਹੈ ਕਿ ਅਸੀਂ ਚੀਜ਼ਾਂ, ਘਟਨਾਵਾਂ ਤੇ ਲੋਕਾਂ ਨੂੰ ਕਿਵੇਂ ਵੇਖਦੇ ਹਾਂ ਅਤੇ ਇਹ ਸਭ ਕੁਝ ਸਾਡੇ ਦਿਮਾਗ਼ ਵਿੱਚ ਵਾਪਰਦਾ ਹੈ। ਕਹਿ ਸਕਦੇ ਹਾਂ ਕਿ ਵਿਹਾਰ ਜਾਂ ਰਵੱਈਆ ਸਾਡੇ ਆਲ਼ੇ ਦੁਆਲ਼ੇ ਪ੍ਰਤੀ ਸਾਡੇ ਮਨ ਦਾ ਪ੍ਰਤੀਕਰਮ ਹੈ ਅਸੀਂ ਇਸ ਨੂੰ ਮਨਚਾਹਤ – ਚੰਗੇ ਜਾਂ ਮੰਦੇ 'ਤੇ ਕੇਂਦ੍ਰਿਤ ਕਰ ਸਕਦੇ ਹਾਂ। ਉਹ ਵਸਤੂ ਹਾਂ–ਪੱਖੀ ਵੀ ਹੋ ਸਕਦੀ ਹੈ ਤੇ ਨਾਂਹ-ਪੱਖੀ ਵੀ, ਸਮੱਸਿਆ ਵੀ ਹੋ ਸਕਦੀ ਹੈ ਤੇ ਸ਼ੁੱਭ ਮੌਕਾ ਵੀ। ਕੋਈ ਵਿਅਕਤੀ ਮਨ ਨੂੰ ਕੇਂਦ੍ਰਿਤ ਕਰਨ ਲਈ ਜੋ ਕੁਝ ਵੀ ਚੁਣਦਾ ਹੈ ਉਹ ਉਸਦੀ ਆਦਤ ਤੇ ਵਿਹਾਰਾਂ ਜਾਂ ਰਵੱਈਆਂ ਬਣ ਜਾਂਦਾ ਹੈ ਤੇ ਇਹ ਉਸਦੀ ਮਾਨਸਿਕਤਾ ਦਾ ਹਿੱਸਾ ਹੋ ਨਿਬੜਦਾ / ਨਿਬੜਦੀ ਹੈ, ਤੇ ਫਿਰ ਇਹ ਸਾਡੇ ਕੰਮ ਕਾਰ ਚੋਂ ਪ੍ਰਤੀਬਿੰਬਤ ਹੋਣ ਲੱਗਦੀ ਹੈ ਅਖੀਰ ਵਿੱਚ ਇਹ ਸਾਡੇ ਵਿਅਕਤਿਤਵ ਦਾ ਹਿੱਸਾ ਬਣ ਜਾਂਦੀ / ਜਾਂਦਾ ਹੈ। ਆਪਣੇ ਮਨ ਦਾ ਕੇਂਦਰ ਬਦਲਣ ਨਾਲ਼ ਸਾਡਾ ਵਿਅਕਤਿਤਵ ਵੀ ਬਦਲ ਜਾਂਦਾ ਹੈ।

## ਹਾਂ-ਪੱਖੀ ਵਿਹਾਰ ਦੀ ਸ਼ਕਤੀ

ਖੋਜਕਾਰਾਂ ਨੇ ਸਾਬਤ ਕਰ ਦਿੱਤਾ ਹੈ ਕਿ ਜੋ ਵਿਅਕਤੀ ਕਿਸੇ ਚੀਜ਼ ਦੇ ਹਾਂ-ਪੱਖੀ ਪਾਸੇ ਵਲ ਮਨ ਨੂੰ ਕੇਂਦ੍ਰਿਤ ਕਰਦਾ ਹੈ, ਉਹ ਸਿਰਫ ਚੀਜ਼ ਨਹੀਂ ਵਿਅਕਤੀ ਵੀ ਹੋ ਸਕਦਾ ਹੈ , ਘਟਨਾ ਵੀ ਹੋ ਸਕਦੀ ਹੈ, ਉਹ ਵਿਅਕਤੀ ਹੋਰਾਂ ਤੋਂ ਵੱਧ ਖ਼ੁਸ਼ੀ ਮਹਿਸੂਸ ਕਰਦਾ ਹੈ, ਲੰਬੀ ਉਮਰ ਭੋਗਦਾ ਹੈ ਤੇ ਜੀਵਨ ਵਿੱਚ ਸਫ਼ਲ ਵੀ ਹੁੰਦਾ ਹੈ ਜੋ ਜਦਕਿ ਨਾਂਹ ਵਿਹਾਰ ਵਾਲਿਆਂ ਨਾਲ ਏਂਦਾ ਨਹੀਂ ਵਾਪਰਦਾ। ਪ੍ਰਸਿੱਧ ਅਮਰੀਕੀ

ਫਿਲਸਫਰ ਵਿਲੀਅਮ ਜੇਮਜ਼ ਦਾ ਕਥਨ ਹੈ ਨਿਰਾਸ਼ਾਵਾਦ ਕਮਜ਼ੋਰੀ ਪੈਦਾ ਕਰਦਾ ਹੈ ਜਦਕਿ ਆਸ਼ਾਰਵਾਦ ਵਿਅਕਤੀ ਨੂੰ ਤਾਕਤ ਦਿੰਦਾ ਹੈ' ਇਸ ਤੱਥ ਦੀ ਹੀ ਪੁਸ਼ਟੀ ਕਰਦਾ ਹੈ।




ਹਾਂ-ਪੱਖੀ ਵਿਹਾਰ ਦੀ ਸ਼ਕਤੀ ਦੀ ਪੁਸ਼ਟੀ ਹਾਰਵਰਡ ਯੂਨੀਵਰਸਿਟੀ ਦੇ ਇੱਕ ਅਧਿਐਨ ਤੋਂ ਵੀ ਹੁੰਦਾ ਹੈ ਜਿਸ ਵਿੱਚ ਕਿਹਾ ਗਿਆ ਹੈ ਕਿ 85% ਕੇਸਾਂ 'ਚ ਨੌਕਰੀ ਜਾਂ ਰੁਜ਼ਗਾਰ ਲੋਕਾਂ ਨੂੰ ਉਹਨਾਂ ਦੇ ਵਿਹਾਰ ਕਾਰਨ ਮਿਲਦਾ ਹੈ ਜਦਕਿ ਬਾਕੀ 15% ਨੂੰ ਇਹ ਰੁਜ਼ਗਾਰ ਜਾਂ ਨੌਕਰੀ ਉਹਨਾਂ ਦੀ ਤਕਨੀਕੀ ਨਿਪੁੰਨਤਾ ਦੇ ਆਧਾਰ ਤੇ ਮਿਲ਼ਦਾ / ਮਿਲ਼ਦੀ ਹੈ।

ਇਸ ਪ੍ਰਕਾਰ ਹਾਂ ਪੱਖੀ ਵਿਹਾਰ ਸਾਡੀ ਵਿਅਕਤਿਤਵ ਦੀ ਵਿਸ਼ੇਸ਼ਤਾ ਨੂੰ ਵਧਾਉਂਦਾ ਹੈ ਤੇ ਇਹ ਸਾਡੇ ਵਿਅਕਤਿਤਵ ਨੂੰ ਉਚਾ ਪੱਧਰ ਤੱਕ ਲੈ ਜਾਂਦਾ ਹੈ ਭਾਵੇਂ ਉਹ ਪੱਧਰ ਨਿੱਜੀ ਹੋਵੇ ਤੇ ਭਾਵੇਂ ਪੇਸ਼ਾਵਰਾਨਾ ਇਸ ਤੋਂ ਇਲਾਵਾ ਹੇਠ ਲਿਖੇ ਨੁਕਤੇ ਹਾਂ-ਪੱਖੀ ਵਿਹਾਰ (ਰਵੱਈਏ) ਦੀ ਸ਼ਕਤੀ ਨੂੰ ਬਿਆਨ ਕਰਦੇ ਹਨ :

1) ਹਾਂ-ਪੱਖੀ ਵਿਹਾਰ (ਰਵੱਈਏ) ਸਾਡੇ ਵਿੱਚ ਜੋਸ਼ ਨੂੰ ਵਧਾਉਂਦਾ ਹੈ।

2) ਹਾਂ-ਪੱਖੀ ਵਿਹਾਰ ਸਾਡੇ ਵਿੱਚ ਰਚਨਾਤਮਕਤਾ ਵਧਾਉਂਦਾ ਹੈ।

3) ਹਾਂ-ਪੱਖੀ ਵਿਹਾਰ ਨਾਲ ਚੰਗੀਆਂ ਘਟਨਾਵਾਂ ਵਾਪਰਦੀਆਂ ਹਨ।

## ਹਾਂ ਪੱਖੀ ਕੰਮ - ਵਿਹਾਰ

ਹੁਣ ਤੱਕ ਅਸੀਂ ਇਹ ਜਾਣਿਆ ਹੈ ਕਿ ਹਾਂ-ਪੱਖੀ ਵਿਹਾਰ ਰਵੱਈਆ – ਮਨੋਵਿਅਕਤੀ ਕਿਸੇ ਦੇ ਵਿਅਕਤਿਤਵ ਦਾ ਸਦਗੁਣ ਹੁੰਦਾ ਹੈ ਪਰ ਕੰਮ ਦੀ ਥਾਂ, ਸਕੂਲ, ਦਫ਼ਤਰ, ਸਮਾਜ ਆਦਿ ਵਿੱਚ ਹਰ

ਸਮੇਂ ਹਾਂ-ਪੱਖੀ ਰਹਿਣਾ ਮੁਸ਼ਕਲ ਕੰਮ ਹੁੰਦਾ ਹੈ। ਰੋਜ਼ਾਨਾ ਕੰਮ ਦੀ ਥਾਂ 'ਤੇ ਸਾਨੂੰ ਕਈ ਮੁਸ਼ਕਲਾਂ ਤੇ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਕਈ ਵਾਰ ਅਸੀਂ ਹਾਂ-ਪੱਖੀ ਮਹਿਸੂਸਦੇ ਹਾਂ ਤੇ ਕਈ ਵਾਰ ਨਾਂਹ-ਪੱਖੀ। ਸਾਡੇ ਲਈ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਅਸੀਂ ਇਹਨਾਂ ਸਮੱਸਿਆਵਾਂ ਦਾ ਹਾਂ-ਪੱਖੀ ਰਵੱਈਏ ਨਾਲ਼ ਸਾਹਮਣਾ ਕਰੀਏ। ਪਰ ਅਸੀਂ ਅਜਿਹਾ ਕਿਵੇਂ ਕਰ ਸਕਦੇ ਹਾਂ? ਹੇਠ ਲਿਖੀਆਂ ਕੁਝ ਗੱਲਾਂ ਕੰਮ, ਸਥਾਨ 'ਤੇ ਸਾਨੂੰ ਹਾਂ – ਪੱਖੀ ਰਹਿਣ ਵਿੱਚ ਸਹਾਈ ਹੋ ਸਕਦੀਆਂ ਹਨ।

1. ਆਪਣੇ ਵਿਹਾਰ ( ਰਵੱਈਏ) ਦੀ ਲਗਾਤਾਰ ਘੋਖ ਕਰੋ : ਸਾਨੂੰ ਰੋਜ਼ਾਨਾਂ ਆਪਣੇ ਕੰਮ, ਕੰਮ ਕਰਨ ਵਾਲ਼ੇ ਸਾਥੀਆਂ ਅਤੇ ਅਫਸਰ ਪ੍ਰਤੀ ਆਪਣੇ ਵਿਵਾਰ ਦੀ ਘੋਖ ਕਰਨੀ ਚਾਹੀਦੀ ਹੈ, ਇਹ ਜਾਂਚਣਾ ਚਾਹੀਦਾ ਹੈ ਕਿ ਸਾਡਾ ਵਿਵਹਾਰ ਹਾਂ – ਪੱਖੀ ਹੈ ਜਾਂ ਨਾਂਹ-ਪੱਖੀ। ਜੇ ਇਹ ਹਾਂ-ਪੱਖੀ ਹੈ ਤਾਂ ਕੀ ਤੁਹਾਡੇ ਸਾਥੀ ਜਾਂ ਤੁਹਾਡਾ ਬੌਸ ਵੀ ਇਸ ਨੂੰ ਹਾਂ-ਪੱਖੀ ਹੀ ਸਮਝਦੇ ਹਨ ਜਾਂ ਨਹੀਂ? ਜੇ ਇਹ ਨਾਂਹ-ਪੱਖੀ ਹੈ ਤਾਂ ਇਸ ਦੇ ਪਿੱਛੇ ਕੀ ਕਾਰਨ ਹਨ? ਜਦੋਂ ਤੁਸੀਂ ਇਸ ਸੰਬੰਧੀ ਆਪਣੇ ਆਪ ਨੂੰ ਪ੍ਰਸ਼ਨ ਕਰੋਗੇ ਤਾਂ ਤੁਹਾਨੂੰ ਸਮੱਸਿਆ ਦਾ ਪਤਾ ਲੱਗ ਜਾਵੇਗਾ ਅਤੇ ਜੇ ਇਹ ਸਮੱਸਿਆ ਹੋਵੇਗੀ ਤਾਂ ਇਸ ਦਾ ਕੋਈ ਨਾ ਕੋਈ ਹੱਲ ਵੀ ਹੋਵੇਗਾ। ਫਿਰ ਤੁਸੀਂ ਆਪਣੇ ਵਿਹਾਰ ਨੂੰ ਬਦਲ ਕੇ ਇਸ ਸਮੱਸਿਆ ਨੂੰ ਹੱਲ ਕਰਨ ਦਾ ਯਤਨ ਕਰੋ ਤੇ ਜੇ ਲੋੜ ਪਵੇ ਤਾਂ ਆਪਣੇ ਵਿਹਾਰ ਨੂੰ ਨਾਂਹ-ਪੱਖੀ ਤੋਂ ਬਦਲ ਕੇ ਹਾਂ-ਪੱਖੀ ਵੀ ਬਣਾਉ।

2. ਕੰਮ ਅਤੇ ਨਿੱਜੀ ਜੀਵਨ ਵਿੱਚ ਸੰਤੁਲਨ ਬਣਾਓ : ਇੱਕ ਹੋਰ ਨੀਤੀ ਹੈ ਕਿ ਕੰਮ ਵਿੱਚ ਹਾਸੇ – ਠੱਠੇ ਤੇ ਖੇਡ ਨੂੰ ਵੀ ਸ਼ਾਮਲ ਕਰੋ। ਇਸ ਲਈ ਤੁਸੀਂ ਆਪਣੇ ਜੀਵਨ ਵਿੱਚ ਤਰਜੀਹਾਂ ਨਿਸਚਿਤ ਕਰੋ। ਤਰਜੀਹਾਂ ਨਿਸਚਿਤ ਕਰਨ ਦਾ ਅਰਥ ਹੈ ਕਿ ਕਿਹੜੀ ਚੀਜ਼ ਤੁਹਾਡੇ ਲਈ ਹੋਰ ਚੀਜ਼ਾਂ ਨਾਲ਼ੋਂ ਵੱਧ ਮਹੱਤਵਪੂਰਨ ਹੈ। ਘਰ ਵਿੱਚ ਪਰਿਵਾਰ ਤੁਹਾਡੀ ਤਰਜੀਹਾ ਹੋਣੀ ਚਾਹੀਦੀ ਹੈ ਤੇ ਕੰਮ ਦੇ ਸਥਾਨ ਤੇ ਤੁਹਾਡੀ ਤਰਜੀਹ ਕੰਮ ਪ੍ਰਤੀ ਹੀ ਹੋਣੀ ਚਾਹੀਦੀ ਹੈ। ਸਾਨੂੰ ਘਰ ਵਿੱਚ ਹੁੰਦਿਆਂ ਦਫ਼ਤਰੀ ਕੰਮ ਬਾਰੇ

ਨਹੀਂ ਸੋਚਣਾ ਚਾਹੀਦਾ ਤੇ ਜਦੋਂ ਅਸੀਂ ਕੰਮ ਸਥਾਨ ਤੇ ਕੰਮ ਕਰ ਰਹੇ ਹੋਈਏ ਤਾਂ ਪਰਿਵਾਰਕ ਗੱਲਾਂ 'ਚ ਉਲਝ ਕੇ ਦਫਤਰ ਦੇ ਕੰਮ ਵਿੱਚ ਵਿਘਨ ਨਾ ਪਾਓ। ਇਸ ਤਰ੍ਹਾਂ ਤਰਜੀਹਾਂ ਨਿਸਚਿਤ ਕਰਕੇ ਅਸੀਂ ਆਪਣੇ ਵਿਹਾਰ ਨੂੰ ਹਾਂ – ਪੱਖੀ ਬਣਾ ਸਕਦੇ ਹਾਂ।

3. **ਹਾਂ-ਪੱਖ 'ਤੇ ਕੇਂਦ੍ਰਿਤ ਰਹੋ :** ਭਾਵੇਂ ਤੁਸੀਂ ਹਰ ਪੱਖ ਤੋਂ ਕਿਸੇ ਕੰਮ ਵਿੱਚ ਸਫ਼ਲ ਹੋਣ ਦੇ ਯੋਗ ਨਾ ਵੀ ਹੋਵੋ ਤਾਂ ਵੀ ਆਪਣੀ ਸਮਰੱਥਾ ਤੇ ਸਫ਼ਲਤਾਵਾਂ ਬਾਰੇ ਮਨ ਨੂੰ ਕੇਂਦ੍ਰਿਤ ਰੱਖੋ।

4. **ਸੰਚਾਰ :** ਸੰਚਾਰ, ਸੰਬੰਧਾਂ ਦੀ ਜੀਵਨ – ਰੇਖਾ ਹੈ। ਜਦੋਂ ਸੰਚਾਰ ਖ਼ਤਮ ਹੋ ਜਾਵੇ ਤਾਂ ਅਸੰਚਾਰ ਸ਼ੁਰੂ ਹੋ ਜਾਂਦਾ ਹੈ ਤੇ ਨਾਂਹ – ਪੱਖ ਪਸਰ ਜਾਂਦਾ ਹੈ। ਇਸ ਲਈ ਜ਼ਰੂਰੀ ਹੈ ਕਿ ਪ੍ਰਭਾਵੀ ਢੰਗ ਨਾਲ਼ ਆਪਣੀ ਗੱਲ ਕਰੋ ਤੇ ਹੋਰਾਂ ਨੂੰ ਵੀ ਧਿਆਨ ਨਾਲ਼ ਸੁਣੋ। ਤੁਸੀਂ ਇਸ ਯੋਗ ਬਣੋ ਕਿ ਦੂਸਰੇ ਤੁਹਾਡੀ ਗੱਲ ਨੂੰ ਪੂਰੀ ਤਰ੍ਹਾਂ ਸਮਝ ਲੈਣ ਇਸੇ ਤਰ੍ਹਾਂ ਜੋ ਦੂਸਰੇ ਕਹਿਣਾ ਚਾਹੁੰਦੇ ਹਨ ਤੁਸੀਂ ਉਸ ਨੂੰ ਵੀ ਪੂਰੀ ਤਰ੍ਹਾਂ ਸਮਝੋ। ਆਪਣੀ ਗੱਲ ਕਹਿਣ ਤੇ ਦੂਜਿਆਂ ਦੀ ਗੱਲ ਸੁਣਨ ਦਾ ਹਰ ਰੋਜ਼ ਅਭਿਆਸ ਕਰੋ।

5. **ਅਣ-ਇਛਤ ਤਬਦੀਲੀਆਂ ਨੂੰ ਸ਼ੁੱਭ ਮੌਕੇ 'ਚ ਬਦਲੋ :** ਤਬਦੀਲੀ ਨਾ ਟਾਲਣ ਯੋਗ ਪ੍ਰਕਿਰਿਆ ਹੈ ਤੇ ਇਹ ਟਕਰਾਓ ਦਾ ਕਾਰਨ ਵੀ ਬਣਦੀ ਹੈ। ਮਨੁੱਖ ਹੋਲ਼ੀ ਹੋਲ਼ੀ ਤਬਦੀਲੀ ਨੂੰ ਰੁਟੀਨ ਵਿੱਚ ਬਦਲ ਲੈਂਦਾ ਹੈ। ਕਈ ਵਾਰ ਤਬਦੀਲੀ ਨਾਂਹ – ਪੱਖੀ ਪ੍ਰਤਿਕਿਰਿਆ ਵੀ ਪੈਦਾ ਕਰਦੀ ਹੈ – ਮਿਸਾਲ ਦੇ ਤੌਰ ਤੇ – ਤੁਹਾਡੇ ਅਫ਼ਸਰ ( ਬੌਸ) ਜਾਂ ਕਿਸੇ ਸਾਥੀ ਦਾ ਬਦਲ ਜਾਣਾ ਜਾਂ ਕੰਮ ਦੀ ਕਿਸਮ ਬਦਲ ਜਾਣਾ, ਸਾਨੂੰ ਉਸ ਤਬਦੀਲੀ ਨੂੰ ਹਾਂ-ਪੱਖੀ ਰਹਿ ਕੇ ਪ੍ਰਵਾਨ ਕਰ ਲੈਣਾ ਚਾਹੀਦਾ ਹੈ। ਇਹ ਧਿਆਨ ਦਿਓ ਕਿ ਤੁਸੀਂ ਉਸ ਤਬਦੀਲੀ ਤੋਂ ਕੀ ਸਿੱਖ ਸਕਦੇ ਹੋ ਅਤੇ ਉਸ ਤਬਦੀਲੀ ਨੂੰ ਇਸ ਤਰ੍ਹਾਂ ਲਓ ਜਿਵੇਂ ਇਹ ਤੁਹਾਨੂੰ ਨਵੀਆਂ ਗੱਲਾਂ ਸਿੱਖਣ ਤੇ ਅੱਗੇ ਵਧਣ ਦਾ ਸ਼ੁੱਭ ਅਵਸਰ ਹੋਵੇ।

6. **ਪੜ੍ਹਦੇ ਤੇ ਸਿੱਖਦੇ ਰਹੋ :** ਤੁਹਾਨੂੰ ਆਪਣੇ ਕੰਮ ਵਿੱਚ ਨਿਪੁੰਨ ਹੋਣਾ ਚਾਹੀਦਾ ਹੈ ਤਾਂ ਹੀ ਤੁਸੀਂ ਉਸ

ਨੂੰ ਮਾਣ ਸਕੋਗੇ। ਜੇ ਤੁਸੀਂ ਆਪਣੇ ਕੰਮ 'ਚ ਨਿਪੁੰਨ ਵੀ ਹੋਵੋ ਤਾਂ ਵੀ ਉਸ ਨਿਪੁੰਨਤਾ ਵਿੱਚ ਸੁਧਾਰ ਲਈ ਹਮੇਸ਼ਾ ਯਤਨਸ਼ੀਲ ਰਹੋ। ਜੇ ਤੁਸੀਂ ਆਪਣੇ ਕੰਮ ਵਿੱਚ ਪੂਰੀ ਤਰ੍ਹਾਂ ਨਿਪੁੰਨ ਵੀ ਹੋਵੋ ਤਾਂ ਆਪਣੇ ਗਿਆਨ ਨੂੰ ਸਮੇਂ ਮੁਤਾਬਕ ਸੁਧਾਰਦੇ ਰਹੋ ਤੇ ਨਵੀਆਂ ਚੀਜ਼ਾਂ ਸਿੱਖਦੇ ਰਹੋ। ਜ਼ਿੰਦਗੀ ਭਰ ਪੜ੍ਹਨ ਤੇ ਸਿੱਖਣ ਦੀ ਆਦਤ ਬਣਾਓ। ਜਿੰਨਾਂ ਵੱਧ ਤੁਸੀਂ ਸਿੱਖੋਗੇ ਉਨਾਂ ਵੱਧ ਹੀ ਤੁਹਾਡੇ 'ਚ ਵਿਸ਼ਵਾਸ ਵਧੇਗਾ।

7. **ਦਿਸਚਸਪੀ ਬਣਾਈ ਰੱਖੋ :** ਨਵੇਂ ਕੰਮ ਦਾ ਅਰਥ ਹੈ ਨਵੀਆਂ ਚੁਣੋਤੀਆਂ ਅਤੇ ਕੁਝ ਨਵਾਂ ਸਿੱਖਣ ਦਾ ਮੌਕਾ / ਪਰ ਸਮੇਂ ਦੇ ਬੀਤਣ ਨਾਲ ਇਹ ਚੁਣੌਤੀਆਂ ਰੁਟੀਨ ਵਿੱਚ ਸ਼ਾਮਲ ਹੋ ਜਾਂਦੀਆਂ ਹਨ। ਤੁਸੀਂ ਬੋਰ ਹੋਣ ਲ਼ੱਗਦੇ ਹੋ ਤੇ ਨਾਂਹ-ਪੱਖ ਹਾਵੀ ਹੋ ਜਾਂਦਾ ਹੈ। ਇਸ ਲਈ ਤੁਹਾਨੂੰ ਮੁੜ ਦਿਸਚਸਪੀ ਬਣਾਉਣ ਦੇ ਢੰਗ ਤਲਾਸ਼ਣੇ ਚਾਹੀਦੇ ਹਨ। ਰੁਟੀਨ ਦੇ ਕੰਮ ਨੂੰ ਨਿਪਟਾਉਣ ਲਈ ਨਵੇਂ ਵਿਚਾਰ ਬਣਾਓ ਤੇ ਨਵੇਂ ਯਤਨ ਤਲਾਸ਼ੋ।

8. **ਹਾਸ - ਰਸ ਦੀ ਭਾਵਨਾ ਬਣਾਈ ਰੱਖੋ :** ਹਾਸ-ਰਸ ਕੰਮ ਨਾਲ਼ ਪੈਦਾ ਹੋਇਆ ਤਣਾਅ ਦੂਰ ਕਰਨ 'ਚ ਮਦਦ ਕਰਦਾ ਹੈ ਤੇ ਇਸ ਨਾਲ਼ ਮਨੁੱਖ ਹਰ ਚੀਜ਼ ਦਾ ਸੁਖਾਵਾਂ ਪੱਖ ਲੱਭ ਲੈਂਦਾ ਹੈ। ਹਾਸ-ਰਸ ਦੀ ਭਾਵਨਾ ਦਾ ਅਰਥ ਨਿਰੀ ਵਿਅੰਗ ਬਾਜ਼ੀ ਜਾਂ ਟਿੱਚਰ – ਮਖੌਲ ਨਹੀਂ ਹੁੰਦਾ ਸਗੋਂ ਇਸ ਦਾ ਅਰਥ ਹੈ ਚੀਜ਼ਾਂ ਵਿਚਲੇ ਹਾਂ-ਪੱਖੀ ਤੇ ਸੁਖਾਵੇਂ ਪੱਖ ਲੱਭਣ ਦੀ ਯੋਗਤਾ ਜਿਸ ਨਾਲ ਮਨੁੱਖ ਆਪਣੇ ਤਣਾਅ ਨੂੰ ਦੂਰ ਕਰ ਸਕਦਾ ਹੈ। ਅਮਰੀਕਾ ਦੇ 34 ਵੇਂ ਰਾਸ਼ਟਰਪਤੀ ਡੀ. ਡੀ. ਨੂੰ ਆਈਜ਼ਨਹਾਵਰ ਦਾ ਹਾਸ-ਰਸ ਪ੍ਰਤੀ ਕਥਨ ਹੈ "ਨੇਤਾਵਾਂ ਦੀ ਕਲਾ ਦਾ ਹਿੱਸਾ ਹਾਸ-ਰਸ ਦੀ ਭਾਵਨਾ ਹੈ, ਇਸ ਨਾਲ਼ ਉਹ ਲੋਕਾਂ ਦੇ ਨਾਲ਼ ਜੁੜਦੇ ਹਨ, ਅਤੇ ਸਾਰੇ ਕੰਮ ਨਿਪਟਾ ਲੈਂਦੇ ਹਨ।"

9. **ਆਪਣੀ ਸਿਹਤ ਦਾ ਵੀ ਪੂਰਾ ਧਿਆਨ ਰੱਖੋ :** ਸਿਹਤਮੰਦ ਆਦਤਾਂ, ਉਤਪਾਦਕਤਾ ਤੇ ਹਾਂ – ਪੱਖੀ ਵਿਹਾਰ ਵਿੱਚ ਸਿੱਧਾ ਸੰਬੰਧ ਹੈ। ਜਿਸ ਵਿਅਕਤੀ ਨੂੰ ਰੋਜ਼ਾਨਾ ਕਸਰਤ ਕਰਨ ਦੀ ਆਦਤ ਹੈ ਉਹ

ਯਕੀਨੀ ਤੌਰ ਤੇ ਸਿਹਤਮੰਦ ਹੋਵੇਗਾ ਤੇ ਉਹ ਕੰਮ ਦੀ ਥਾਂ 'ਤੇ ਵੀ ਵੱਧ ਉਤਪਾਦਕ ਸਾਬਤ ਹੋਵੇਗਾ। ਅਜਿਹੇ ਵਿਅਕਤੀ ਦੀ ਵੱਧ ਹਾਂ-ਪੱਖੀ ਊਰਜਾ ਹੋਵੇਗੀ । ਕੰਮ ਵਾਲ਼ੀ ਥਾਂ 'ਤੇ ਹੋਰ ਲੋਕਾਂ ਪ੍ਰਤਿ ਉਸਦਾ ਵਿਹਾਰ ਵੀ ਹਾਂ – ਪੱਖੀ ਹੋਵੇਗਾ। ਪਰ ਜੇ ਕੋਈ ਦੇਰ ਨਾਲ਼ ਸੌਂਦਾ ਹੋਵੇਗਾ ਤੇ ਸਵੇਰੇ ਕਸਰਤ ਨਹੀਂ ਕਰਦਾ ਹੋਵੇਗਾ, ਕੰਮ ਦੀ ਥਾਂ 'ਤੇ ਉਸ ਦੀ ਊਰਜਾ ਦਾ ਪੱਧਰ ਨੀਵਾਂ ਹੋਵੇਗਾ ਤੇ ਯਕੀਨੀ ਤੌਰ 'ਤੇ ਉਸ ਦੀ ਉਦਪਾਦਕਤਾ ਵੀ ਘੱਟ ਹੋਵੇਗੀ ਉਸ ਦਾ ਆਪਣੇ ਅਫ਼ਸਰ ਤੇ ਸਾਥੀ ਵਰਕਰਾ ਪ੍ਰਤਿ ਵਿਹਾਰ ਵੀ ਨਾਂਹ – ਪੱਖੀ ਹੋਵੇਗਾ। ਇਹ ਕਮਜ਼ੋਰ ਸਿਹਤ ਵਾਲੀ ਆਦਤ ਉਸ ਦੇ ਕੰਮ, ਪ੍ਰਦਰਸ਼ਨ ਤੇ ਵਿਹਾਰ 'ਤੇ ਵੀ ਅਸਰ ਪਾਵੇਗੀ।

**10. ਸਫ਼ਲਤਾ ਲਈ ਲਿਬਾਸ :** ਤੁਸੀਂ ਕਿਹੋ ਜਿਹੇ ਕੱਪੜੇ ਪਾਉਂਦੇ ਹੋ ਤੇ ਤੁਸੀਂ ਆਪਣੇ ਆਪ ਨੂੰ ਕਿਵੇਂ ਪੇਸ਼ ਕਰਦੇ ਹੋ ਇਸ ਤੋਂ ਤੁਹਾਡੇ ਵਿਹਾਰ ਦੀ ਝਲਕ ਮਿਲ਼ ਜਾਂਦੀ ਹੈ। ਅਸਲ ਵਿੱਚ ਵਿਅਕਤਿਤਵ ਵਿਕਾਸ ਦਾ ਇਹ ਸਭ ਤੋਂ ਮਹੱਤਵਪੂਰਨ ਪੱਖ ਹੈ ਅਤੇ ਇਹ ਸਾਡੇ ਅਧਿਐਨ ਦਾ ਵੀ ਅਗਲਾ ਮਹੱਤਵਪੂਰਨ ਵਿਸ਼ਾ ਹੈ। ਇਹ ਪੱਖ ਅਗਲੇ ਪੰਨਿਆਂ 'ਤੇ ਵੱਖਰੇ ਵਿਸ਼ੇ ਵਜੋਂ ਪੇਸ਼ ਕੀਤਾ ਗਿਆ ਹੈ।

ਇਸ ਪ੍ਰਕਾਰ ਹਾਂ-ਪੱਖੀ ਵਿਹਾਰ ਨੂੰ ਕਾਇਮ ਰੱਖਣ ਲਈ ਉੱਪਰ ਵਰਣਿਤ ਦਸ ਨੁਕਤੇ ਸਹਾਈ ਹੋ ਸਕਦੇ ਹਨ ਅਤੇ ਇਹ ਤੁਹਾਡੇ ਵਿਅਕਤਿਤਵ ਨੂੰ ਸੈਰ – ਸਪਾਟਾ ਸਨਅਤ ਦੇ ਅਨੁਸਾਰੀ ਵੀ ਬਣਾ ਸਕਦੇ ਹਨ।

## ਸ਼੍ਰੇਣੀ ਵਿੱਚ ਕੰਮ ਵਾਲਾ ਕੰਮ - 2

### ਕੇਸ ਸਟੱਡੀ - ਦੋ ਤਰਜੀਹਾਂ ਵਿੱਚ ਜਕੜਨ

ਤੁਹਾਡੇ ਸਕੂਲ ਦੇ ਇੱਕ ਸਖ਼ਤ ਅਧਿਆਪਕ ਨੇ ਅੰਤਰ - ਸਕੂਲ ਪ੍ਰਾਜੈਕਟ ਮੁਕਾਬਲੇ ਲਈ ਤੁਹਾਨੂੰ ਪ੍ਰਾਜੈਕਟ ਦਾ ਕੈਪਟਨ ਨਿਯੁਕਤ ਕੀਤਾ ਹੈ। ਇਸ ਪ੍ਰਾਜੈਕਟ ਮੁਕਾਬਲੇ ਵਿੱਚ ਤੁਸੀਂ ਆਪਣੇ ਸਕੂਲ ਦੀ ਟੀਮ ਦੀ ਪ੍ਰਤਿਨਿਧਤਾ ਕਰਨੀ ਹੈ। ਇਹ ਪ੍ਰਾਜੈਕਟ ਪੇਸ਼ ਕਰਨ ਦਾ ਆਖ਼ਰੀ ਦਿਨ ਮਹੀਨੇ ਦਾ ਆਖ਼ਰੀ ਸ਼ਨੀਵਾਰ ਹੈ ‘ਤੇ ਤੁਹਾਡੀ ਇੱਛਾ ਹੈ ਕਿ ਤੁਹਾਡਾ ਸਕੂਲ ਬਿਹਤਰੀਨ ਪ੍ਰਾਜੈਕਟ ਦਾ ਖਿਤਾਬ ਜਿੱਤੇ। ਇਸ ਪ੍ਰਾਜੈਕਟ ਲਈ ਮਦਦ ਵਾਸਤੇ ਐਤਵਾਰ ਨੂੰ ਵੀ ਸਕੂਲ ਆਉਣਾ ਪੈਂਦਾ ਹੈ। ਇਸੇ ਦੌਰਾਨ ਤੁਹਾਡੇ ਪਰਿਵਾਰ ਨੇ ਆਪਣਾ ਘਰ ਬਦਲਣਾ ਹੈ। ਤੁਹਾਡੇ ਪਰਿਵਾਰ ਵਾਲ਼ੇ ਤੁਹਾਨੂੰ ਸਮਾਨ ਬਨ੍ਹਣ ‘ਚ ਮਦਦ ਕਰਨ ਲਈ ਕਹਿ ਦਿੰਦੇ ਹਨ। ਉਹਨਾਂ ਵੱਲੋਂ ਤੁਹਾਡੇ ਸਪੁਰਦ ਕੀਤੇ ਕੰਮ ਨਾਲ਼ ਤੁਸੀਂ ਸਰੀਰਿਕ ਤੇ ਮਾਨਸਿਕ ਤੌਰ ਤੇ ਥੱਕ ਜਾਂਦੇ ਹੋ ਇਸ ਪ੍ਰਕਾਰ ਤੁਸੀਂ ਦੋ ਜ਼ਿੰਮੇਵਾਰੀਆਂ ਵਿਚਕਾਰ ਜਕੜੇ ਜਾਂਦੇ ਹੋ। ਪਹਿਲੀ ਪਰਿਵਾਰ ਵੱਲੋਂ ਸੌਂਪੇ ਕੰਮ ਲਈ ਤੁਹਾਨੂੰ ਘਰ ਰਹਿਣਾ ਪੈਂਦਾ ਹੈ ਤੇ ਦੂਸਰੀ ਤੁਹਾਡੀ ਇੱਛਾ ਕਿ ਟੀਮ ਲੀਡਰ ਹੋਣ ਦੇ ਨਾਤੇ ਤੁਸੀਂ ਸਕੂਲ ਵਿੱਚ ਜਾ ਕੇ ਮੁਕਾਬਲੇ ਲਈ ਆਪਣੇ ਪ੍ਰਾਜੈਕਟ ਨੂੰ ਤਿਆਰ ਕਰੋ।

ਕੇਸ ਬਾਰੇ ਬਹਿਸ (ਅਧਿਆਪਕ ਦੀ ਸਾਲਸੀ ਵਿੱਚ)

1. ਇਸ ਸਥਿਤੀ ਨਾਲ਼ ਨਿਪਟਣ ਲਈ ਤਿੰਨ ਵਿਕਲਪਾਂ ਦੀ ਸੂਚੀ ਬਣਾਓ ।
2. ਉਹ ਵਿਕਲਪ ਦੱਸੋ ਜੋ ਤੁਸੀਂ ਚੁਣਿਆਂ ਹੈ, ਇਹ ਵੀ ਬਿਆਨ ਕਰੋ ਕਿ ਤੁਸੀਂ ਇਹ ਵਿਕਲਪ ਕਿਉਂ ਚੁਣਿਆਂ ਹੈ?

## ਮੁੱਲਾਂਕਣ 3. ਸੰਖੇਪ ਉੱਤਰਾਂ ਵਾਲ਼ੇ ਪ੍ਰਸ਼ਨ :

1. ਵਿਹਾਰ (ਰਵੱਈਏ) ਨੂੰ ਪਰਿਭਾਸ਼ਤ ਕਰੋ। ਇਹ ਵੀ ਦੱਸੋ ਕਿ ਵਿਹਾਰ ਤੇ ਵਿਅਕਤਿਤਵ ਕਿਵੇਂ ਆਪੋ ਵਿੱਚ ਸੰਬੰਧਿਤ ਹਨ। ਕੀ ਤੁਸੀਂ ਆਪਣੇ ਵਿਹਾਰ ਨੂੰ ਬਦਲ ਕੇ ਆਪਣੇ ਵਿਅਕਤਿਤਵ ਨੂੰ ਵੀ ਬਦਲ ਸਕਦੇ ਹਾਂ?

--------------------------------------------------

--------------------------------------------------

----------------------------------------------

2. ਆਪਣੇ ਵਿਹਾਰ (ਰਵੱਈਏ) ਨੂੰ ਸੁਧਾਰਨ 'ਚ ਸਹਾਇਤਾ ਕਰਨ ਵਾਲ਼ੇ ਦਸ ਨੁਕਤਿਆਂ ਦੀ ਸੂਚੀ ਬਣਾਓ।

--------------------------------------------------

--------------------------------------------------

----------------------------------------------

3. ਉਸ ਮੁਸ਼ਕਲ ਸਥਿਤੀ ਦਾ ਵਰਣਨ ਕਰੋ ਜਦੋਂ ਤੁਹਾਨੂੰ ਆਪਣਾ ਹਾਂ – ਪੱਖੀ ਵਿਹਾਰ ਕਾਇਮ ਰੱਖਣ ਦੀ ਲੋੜ ਪਈ ਹੋਵੇ, ਭਾਵੇਂ ਇਹ ਮੁਸ਼ਕਲ ਵੀ ਹੋਵੇ। ਤੁਸੀਂ ਇਸ ਸਮੇਂ ਕਿਹੜੀ-ਕਿਹੜੀ ਨੀਤੀ ਅਪਨਾਓਗੇ?

--------------------------------------------------

--------------------------------------------------

------------------------------------

## 1.6 ਪਹਿਲਾ 'ਪ੍ਰਭਾਵ' ਬਣਾਉਣਾ -:

ਤੁਸੀਂ ਇਹ ਮੁਹਾਵਰਾ ਜ਼ਰੂਰ ਪੜ੍ਹਿਆ ਹੋਵੇਗਾ, "ਪਹਿਲਾ ਪ੍ਰਭਾਵ ਹੀ ਆਖ਼ਰੀ ਪ੍ਰਭਾਵ ਹੁੰਦਾ ਹੈ" ਕੀ ਤੁਸੀਂ ਕਦੇ ਸੋਚਿਆ ਹੈ ਕਿ ਇਹ ਪ੍ਰਭਾਵ ਕੀ ਹੈ? ਇਹ ਕਿਵੇਂ ਪੈਦਾ ਕੀਤਾ ਜਾਂਦਾ ਹੈ? ਪਹਿਲਾ ਪ੍ਰਭਾਵ ਹੀ ਕਿਉਂ ਮਹੱਤਵਪੂਰਨ ਹੈ ਅਤੇ ਕਿਵੇਂ ਅਸੀਂ ਪਹਿਲੇ ਪ੍ਰਭਾਵ ਨੂੰ ਅਸਾਧਾਰਨ ਬਣਾ ਸਕਦੇ ਹਾਂ? ਇਸ ਸੈਕਸ਼ਨ ਵਿੱਚ ਅਸੀਂ ਇਹਨਾਂ ਪ੍ਰਸ਼ਨਾਂ ਦਾ ਉੱਤਰ ਲੱਭਣ ਦੀ ਕੋਸ਼ਿਸ਼ ਕਰਾਂਗੇ।

ਆਕਸਫੋਰਡ ਡਿਕਸ਼ਨਰੀ ਅਨੁਸਾਰ 'ਪ੍ਰਭਾਵ' ਇਹ ਵਿਚਾਰ ਹੈ, ਮਹਿਸੂਸ ਕਰਨਾ ਹੈ ਜਾਂ ਕਿਸੇ ਚੀਜ਼ ਜਾਂ ਵਿਅਕਤੀ ਪ੍ਰਤਿ ਵਿਚਾਰ ਬਣਾਉਣਾ ਹੈ। ਵਿਸ਼ੇਸ਼ ਤੌਰ 'ਤੇ ਵਿਚਾਰ ਜਾਂ ਰਾਏ ਅਵਚੇਤਨ ਹੀ ਬਣਾਈ ਜਾਵੇ ਜਾਂ ਛੋਟੇ ਮੋਟੇ ਸੰਕੇਤ ਦੇ ਆਧਾਰ 'ਤੇ ।" ਜਦੋਂ ਅਸੀਂ ਕਿਸੇ ਨੂੰ ਪਹਿਲੀ ਵਾਰ ਮਿਲ਼ਦੇ ਹਾਂ ਤੇ ਅਸੀਂ ਉਸ ਬਾਰੇ ਪਹਿਲਾਂ ਕੁਝ ਵੀ ਨਹੀਂ ਜਾਣਦੇ ਹੁੰਦੇ ਅਸੀਂ ਉਸ ਬਾਰੇ ਕੁਝ ਵਿਚਾਰ ਬਣਾ ਲੈਂਦੇ ਹਾਂ। ਪਹਿਲਾ ਪ੍ਰਭਾਵ ਇਸ ਲਈ ਵੀ ਮਹੱਤਵਪੂਰਨ ਹੈ ਕਿ ਜੋ ਉਸ ਵਿਅਕਤੀ ਜਾਂ ਵਸਤੂ ਪ੍ਰਤਿ ਵਿਚਾਰ ਜਾਂ ਰਾਏ ਬਣਾਈ ਹੁੰਦੀ ਹੈ, ਉਹ ਚਿਰਸਥਾਈ ਰਹਿੰਦੀ ਹੈ। ਹਾਰਵਰਡ ਬਿਜ਼ਨਸ ਸਕੂਲ ਦੇ ਮਨੋਵਿਗਿਆਨੀ ਐਮੀ ਕੱਡੀ ਦਾ ਕਥਨ ਹੈ ਕਿ ਜੇ ਮੁਲਾਕਾਤ ਦੇ ਪਹਿਲੇ ਕੁਝ ਸੈਕਿੰਡਾਂ ਵਿੱਚ ਅਸੀਂ ਆਪਣੇ ਵਿਅਕਤਿਤਵ ਦੀ ਵਿਸ਼ਵਾਸ ਯੋਗਤਾ ਤੇ ਭਰੋਸਾ ਪ੍ਰਦਰਸ਼ਿਤ ਕਰਨ ਦੇ ਯੋਗ ਹੋ ਜਾਂਦੇ ਹਾਂ ਤਾਂ ਸਾਡੇ ਸੰਬੰਧ ਚਿਰਸਥਾਈ ਬਣ ਜਾਣਗੇ ਅਤੇ ਇਹ ਦੋਵੇਂ ਲੱਛਣ ਕਿਸੇ ਦੇ ਅਨੁਭਵ ਜਾਂ ਬੌਧਿਕਤਾ ਦੇ ਆਧਾਰ 'ਤੇ ਪ੍ਰਦਰਸ਼ਿਤ ਨਹੀਂ ਹੁੰਦੇ ਸਗੋਂ ਇਹ ਵਿਅਕਤੀ ਦੇ ਪਹਿਨੇ ਲਿਬਾਸ ਸਲੀਕੇ ਦੇ ਆਧਾਰ 'ਤੇ ਹੀ ਪ੍ਰਦਰਸ਼ਿਤ ਹੁੰਦੇ ਹਨ। ਇਸ ਲਈ ਕਿਸੇ ਦੇ ਵਿਅਕਤਿਤਵ ਦੇ ਇਹਨਾਂ ਦੋ ਲੱਛਣਾਂ ਤੇ ਕੰਮ ਕਰਕੇ ਹੀ ਉਸ ਦੇ ਪਹਿਲੇ ਪ੍ਰਭਾਵ ਨੂੰ ਅਸਾਧਾਰਨ ਬਣਾਇਆ ਜਾ ਸਕਦਾ ਹੈ।

### ਪਹਿਰਾਵਾ / ਲਿਬਾਸ


ਪਹਿਰਾਵੇ ਦਾ ਅਰਥ ਹੈ ਕਿ ਅਸੀਂ ਕਿਹੋ ਜਿਹੇ ਕੱਪੜੇ ਪਾਉਂਦੇ ਹਾਂ ਜਿਵੇਂ ਅਸੀਂ ਕਿਤਾਬਾਂ ਬਾਰੇ ਰਾਏ ਉਹਨਾਂ ਦੀਆਂ ਜਿਲਦਾਂ ਦੀ ਸੱਜ – ਸਜਾਵਟ ਤੋਂ ਬਣਾਉਂਦੇ ਹਾਂ ਉਵੇਂ ਹੀ ਅਸੀਂ ਕਿਸੇ ਵਿਅਕਤੀ ਬਾਰੇ ਰਾਏ ਉਸ ਦੇ ਪਹਿਰਾਵੇ ਤੋਂ ਬਣਾਉਂਦੇ ਹਾਂ। ਜਿਵੇਂ ਦਾ ਸਾਡਾ ਪਹਿਰਾਵਾ ਹੁੰਦਾ ਹੈ ਉਸ ਤੋਂ ਸਾਡੇ ਜੀਵਨ

ਬਾਰੇ ਵਿਵਹਾਰ ਦਾ ਵੀ ਪਤਾ ਚੱਲ ਜਾਂਦਾ ਹੈ। ਇਹ ਮਹੱਤਵਪੂਰਨ ਹੈ ਕਿ ਸਾਨੂੰ ਉਹੋ ਜਿਹੇ ਕੱਪੜੇ ਹੀ ਪਹਿਨਣੇ ਚਾਹੀਦੇ ਹਨ ਜੋ ਸਾਡੇ ਬਾਰੇ ਹਾਂ-ਪੱਖੀ ਸੰਦੇਸ਼ ਦੇਣ। ਪਰ ਆਪਣੀ ਕੰਮ ਵਾਲੀ ਥਾਂ 'ਤੇ ਅਸੀਂ ਅਜਿਹਾ ਕਿਵੇਂ ਕਰ ਸਕਦੇ ਹਾਂ? ਆਮ ਨਿਯਮ ਹੈ ਕਿ ਆਪਣੇ ਕੰਮ ਵਾਲ਼ੀ ਥਾਂ 'ਤੇ ਸਾਨੂੰ ਉੱਥੋਂ ਦਾ ਡਰੈੱਸ ਕੋਡ ਅਪਨਾਉਣਾ ਚਾਹੀਦਾ ਹੈ। ਜਦੋਂ ਅਸੀਂ ਕੰਮ ਵਾਲ਼ੀ ਥਾਂ 'ਤੇ ਸੰਬੰਧਤ ਸੱਨਅਤ ਦਾ ਡਰੈੱਸ ਕੋਡ ਅਪਨਾਉਂਦੇ ਹਾਂ ਅਸੀਂ ਇਹ ਵੀ ਦੱਸ ਰਹੇ ਹੁੰਦੇ ਹਾਂ ਕਿ ਕੰਮ ਵਾਲੀ ਥਾਂ ਦਾ ਸੱਭਿਆਚਾਰ ਅਪਨਾਇਆ ਹੋਇਆ ਹੈ।

ਸੈਰ – ਸਪਾਟਾ ਸਨਅਤ ਵਿੱਚ ਇਹ ਬਹੁਤ ਹੀ ਜ਼ਰੂਰੀ ਹੈ ਕਿਉਂਕਿ ਜਿਵੇਂ ਅਸੀਂ ਆਪਣੇ ਆਪ ਨੂੰ ਪੇਸ਼ ਕਰਦੇ ਹਾਂ ਉਸ ਤੋਂ ਕੰਪਨੀ ਦੀ ਸਾਖ਼ ਤੇ ਸੇਵਾਵਾਂ ਦੇ ਮਿਆਰ ਦਾ ਵੀ ਪਤਾ ਲੱਗਦਾ ਹੈ। ਇਹੀ ਕਾਰਨ ਹੈ ਕਿ ਏਅਰ ਲਾਈਨਜ਼ ਦੇ ਕਰਮਚਾਰੀ ਉੱਚ ਮਿਆਰ ਦਾ ਰਸਮੀ ਲਿਬਾਸ ਪਹਿਨਦੇ ਹਨ ਇਸ ਤਰ੍ਹਾਂ ਉਹ ਇਹ ਵੀ ਸੰਕੇਤ ਦੇ ਰਹੇ ਹੁੰਦੇ ਹਨ ਕਿ ਉਹਨਾਂ ਦੀਆਂ ਸੇਵਾਵਾਂ ਦਾ ਮਿਆਰ ਵੀ ਉੱਚ ਪਾਏ ਦਾ ਹੈ। ਇਸ ਪ੍ਰਕਾਰ ਕੰਮ ਵਾਲੀ ਥਾਂ 'ਤੇ ਜੋ ਕੁਝ ਅਸੀਂ ਪਹਿਨਦੇ ਹਾਂ ਉਸ ਤੋਂ ਸਾਡੀ ਪੇਸ਼ਾਵਰਾਨਾ ਪਹੁੰਚ ਦਾ ਸੰਕੇਤ ਮਿਲ਼ਦਾ ਹੁੰਦਾ ਹੈ। ਸੈਰ ਸਪਾਟਾ ਸੱਨਅਤ ਵਿੱਚ ਦੋ ਪ੍ਰਕਾਰ ਦੇ ਪਹਿਰਾਵੇ ਪ੍ਰਚਲਤ ਹਨ। ਪਹਿਲੀ ਕਿਸਮ – ਰਸਮੀ ਵਪਾਰਕ (ਆਮ ਤੌਰ 'ਤੇ ਸੋਮਵਾਰ ਤੋਂ ਵੀਰਵਾਰ ਤੱਕ) ਅਤੇ ਇਤਫਾਕੀਆ ਵਪਾਰਿਕ (ਆਮ ਤੌਰ 'ਤੇ ਸ਼ੁਕਰਵਾਰ ਨੂੰ) ਹੇਠ ਲਿਖੀਆਂ ਦੋ ਸੂਚੀਆਂ ਤੋਂ ਸੈਰ-ਸਪਾਟਾ ਸੱਨਅਤ ਵਿੱਚ ਪ੍ਰਚਲਿਤ ਰਸਮੀ ਵਪਾਰਿਕ ਤੇ ਇਤਫ਼ਾਕੀਆ ਵਪਾਰਿਕ ਪਹਿਰਾਵਿਆਂ ਬਾਰੇ ਵਿਸਤਾਰ 'ਚ ਪਤਾ ਲੱਗ ਜਾਂਦਾ ਹੈ।

| ਔਰਤਾਂ ਲਈ ਪਹਿਰਾਵਾ | | |
|---|---|---|
| ਜੈਕਟਾਂ, ਸਕਰਟਾਂ, ਪੈਂਟਾਂ | ਵਪਾਰਕ ਪੇਸ਼ਾਵਰਾਨਾ | ਵਪਾਰਕ ਇਤਫ਼ਾਕੀਆ |
| ਫੈਬਰਿਕ | ਊਨੀ, ਘੱਟ ਭਾਰੇ ਤੇ ਊਨੀ ਬਲੈਂਡ ਦੀ ਸਕਰਟ / ਪੈਂਟ, ਸੂਟ, ਸਕਰਟ ਦੀ ਲੰਬਾਈ | ਲੀਨਨ, ਹਾਈ ਸ਼ੀਨ ਸਿਲਕ ਕਾਟਨ |


| | | |
|---|---|---|
| | ਗੋਡਿਆਂ ਤੋਂ ਹੇਠਾਂ ਨਹੀਂ ਹੋਣੀ ਚਾਹੀਦੀ | |
| ਰੰਗ | ਕਾਲ਼ਾ, ਗੂੜ੍ਹਾ ਗਰੇਅ, ਨੇਵੀ ਬਲਿਊ | ਅਰਥ ਟੋਨ, ਚਾਰਕੋਲ ਗਰੇਅ, ਨੇਵੀ ਬਲਿਊ, ਦਰਮਿਆਨਾ ਬਲਿਊ, ਕਾਲ਼ਾ |
| ਬਟਨ | ਫੈਬਰਿਕ ਨਾਲ਼ ਮੇਲ਼ ਖਾਂਦੇ, ਢਕੇ ਹੋਏ ਜਾਂ ਡਾਰਕ ਰੇਸਿਨ | ਮੈਟਲ ਗਿਲਟ – ਸਿਲਵਰ, ਚਿੱਟੇ ਜਾਂ ਕਲੀਅਰ ਪਲਾਸਟਿਕ |
| ਟੌਪਸ, ਬਲਾਊਜ਼, ਕਮੀਜ਼ਾਂ | | |
| ਫੈਬਰਿਕ | ਸਿਲਕ, ਸਿਲਕ ਬਲੈਂਡ, ਕਾਟਨ / ਪੋਲੀ ਬਲੈਂਡਜ਼ | ਕਸ਼ਮੀਰੀ, ਨਿਟ ਟਵਿਨ ਸਵੈਟਰ ਸੈਟ, ਜਰਸੀ, ਹੈਵੀ ਵੇਟ ਸਵੈਟਰ, 100% ਕਾਟਨ |
| ਕਾਲਰ | ਹਾਈ ਸਟੈਂਡ ਅਪ ਵਿੱਚ ਨੌਚਸ, ਸ਼ਾਰਪ ਪੁਆਇੰਟਸ | ਸੌਕ ਟਰਟਲਨੈਕ, ਸਾਫਟ ਰਾਊਂਡਡ ਪੁਆਇੰਟਸ |
| ਬਲੀਵਜ਼ | ਲੌਂਗ ਸਲੀਵ ਡਬਲਯੂ / ਕੱਫ | ਲੌਂਗ ਔਰ ਸ਼ਾਰਟ ਸਲੀਵ |
| ਰੰਗ | ਚਿੱਟਾ, ਆਈਵਰੀ, ਕਰੀਮ | ਕਾਲ਼ਾ, ਬਰਾਊਨ, ਪਰਪਲ ਕੋਰਲ, ਏਕੂਆ, ਅਰਥ ਟੋਨਜ਼ |
| | **ਬਿਜ਼ਨਸ ਪੇਸ਼ਾਵਰਾਨਾ** | **ਬਿਜ਼ਨਸ ਇਤ.ਫਾਕੀਆ** |



(ਸ੍ਰੋਤ : ਇਨਟਰਨੈਸ਼ਨਲ ਗਾਈਡ : ਬਿਜ਼ਨਸ ਐਟਾਇਰ ਬਾਈ ਦਿ ਯੂਨੀਵਰਸਿਟੀ ਆਫ ਟੈਕਸਾਸ ਐਟ ਅਸਟਿਨ

| ਪੁਰਸ਼ਾਂ ਲਈ ਪਹਿਰਾਵਾ | | |
|---|---|---|
| | ਬਿਜਨਸ ਪੇਸ਼ਾਵਰਾਨਾ | ਬਿਜਨਸ ਇਤਫ਼ਾਕੀਆ |
| ਜੈਕਟਾਂ, ਟਰਾਉਜਰਜ਼ | | |
| ਫੈਬਰਿਕ | ਊਨੀ, ਲਾਈਟ ਵੇਟ, ਵੂਲ ਬਲੈਂਡ ਸੂਟ | ਕਾਟਨ ਬਲੈਂਡ, ਹੈਵੀ ਵੇਟ ਵੂਲਜ਼ |
| ਰੰਗ | ਕਾਲ਼ਾ, ਡਾਰਕ ਗਰੇਅ, ਨੇਵੀ ਬਲਿਊ | ਅਰਥ ਟੋਨ, ਟੈਨ, ਲਾਈਟ ਗਰੇਅ |
| ਬਟਨ | ਡਾਰਕ ਰੇਸਿਨ | ਚਿਟੇ ਪਲਾਸਟਿਕ |
| ਟੌਪਸ, ਕਮੀਜ਼ਾਂ | | |
| ਫੈਬਰਿਕ | 100% ਕਾਟਨ, ਕਾਟਨ / ਪੋਲੀ ਬਲੈਂਡਜ਼ | ਕਸ਼ਮੀਰੀ ਸਵੈਟਰ, ਟੈਕਸਚਰਜ਼ ਕਾਟਨ ਬਲੈਂਡਜ਼ ਨਿੱਟ ਪੋਲੋ ਸ਼ਰਟਸ ਦਰਮਿਆਨੇ ਭਾਰ ਵਾਲ਼ੇ ਸਵੈਟਰ |
| ਕਾਲਰ | ਹਾਈ, ਸਟੈਂਡਅਪ, ਸ਼ਾਰਪ ਪੁਆਇੰਟਸ | ਨੋ ਪੋਲੋ ਸ਼ਰਟਸ |
| ਨੈਕਲਾਈਨ | ਆਲ ਬਟਨਜ ਬਟਨ ਵਿੱਚ ਹਾਈ ਕੁਆਲਿਟੀ ਸਿਲਕ, ਟਾਈ ਦਾ ਰਵਾਇਤੀ ਰੰਗ | ਟੋਪ ਬਟਨ, ਅਨਬਟਨਜ਼ ਵਿਦ ਨੋ ਟਾਈ |
| ਸਲੀਵਜ਼ | ਲੌਂਗ ਸਲੀਵ ਵਿਦ ਫਰੈਂਚ ਕਫ ਅਤੇ ਕਫ ਲਿੰਕਸ | ਲੋਂਗ ਸਲੀਵ |
| ਰੰਗ | ਚਿੱਟਾ, ਲਾਈਟ ਬਲਿਊ | ਪੇਸਟਲਜ਼, ਅਰਥ ਟੋਨਜ਼, ਆਇਵਰੀ ਕਾਲ਼ਾ, ਕਿਸੇ ਵੀ ਰੰਗ ਦੀ ਗੂੜ੍ਹੀ ਸ਼ੇਡ ਵਾਲ਼ੇ |

**ਬਿਜ਼ਨਸ ਪੇਸ਼ਾਵਰਾਨਾ** **ਬਿਜ਼ਨਸ ਇਤਫ਼ਾਕੀਆ**



(ਸ੍ਰੋਤ : ਇਨਟਰਨੈਸ਼ਨਲ ਗਾਈਡ : ਬਿਜ਼ਨਸ ਐਟਾਇਰ ਬਾਈ ਦਿ ਯੂਨੀਵਰਸਿਟੀ ਆਫ ਟੈਕਸਾਸ ਐਟ ਅਸਟਿਨ

## ਸਜ - ਸਜਾਵਟ -:

ਦੂਸਰਾ ਮਹੱਤਵਪੂਰਨ ਤੱਤ ਹੈ ਸਜ – ਸਜਾਵਟ ਜੋ ਵਧੀਆ ਪਹਿਲਾ ਪ੍ਰਭਾਵ ਬਣਾਉਣ ਵਿਚ ਸਾਡੀ ਮਦਦ ਕਰਦਾ ਹੈ। ਅਕਸਪਫੋਰਡ ਡਿਕਸ਼ਨਰੀ ਅਨੁਸਾਰ ਗਰੂਮਿੰਟ ਨਾਂਵ ਹੈ ( ਜੋ groom ਤੋਂ ਬਣਿਆ ਹੈ) ਤੇ ਇਸ ਦਾ ਅਰਥ ਹੈ ਸੁੰਦਰ ਤੇ ਸਾਫ ਆਪਣੀ ਸਮੁੱਚੀ ਦਿੱਖ ਨੂੰ ਧਿਆਨਪੂਰਵਕ ਸਜਾਉਣਾ, ਇਸ ਵਿੱਚ ਸਰੀਰ ਦੀ ਅਤੇ ਵਾਲ਼ਾਂ ਦੀ ਸਫ਼ਾਈ ਸ਼ਾਮਲ ਹੈ। ਇਸ ਵਿੱਚ ਇਹ ਵੀ ਸ਼ਾਮਲ ਹੈ ਕਿ ਅਸੀਂ ਆਪਣੇ ਪਹਿਰਾਵੇ ਦੇ ਨਾਲ ਸਹਾਇਕ ਸਮਗਰੀ – ਬੈਲਟ, ਜੁੱਤੇ, ਪਰਸ, ਘੜੀ, ਗਹਿਣੇ ਆਦਿ ਕਿਵੇਂ ਪਹਿਨਦੇ ਹਾਂ। ਰੋਜ਼ਾਨਾ ਸਜ-ਸਜਾਵਟ ਖ਼ਾਸ ਕਰਕੇ ਆਪਣੇ ਕੰਮ ਦੀ ਥਾਂ ’ਤੇ ਬੇਹੱਦ ਜ਼ਰੂਰੀ ਹੈ। ਤੁਹਾਡੀ ਸਿਹਤ ਇਸੇ ਪ੍ਰਕਾਰ ਹੋਰਾਂ ਦੀ ਸਿਹਤ ਤੁਹਾਡੀ ਨਿੱਜੀ ਸਫ਼ਾਈ ਦੇ ਢੰਗ ‘ਤੇ ਨਿਰਭਰ ਕਰਦੀ ਹੈ। ਜੇ ਅਸੀਂ ਚੰਗੀ ਤਰ੍ਹਾਂ ਸਜੇ ਫਬੇ ਕੱਪੜੇ ਆਦਿ ਸਲੀਕੇ ਨਾਲ਼ ਨਹੀਂ ਪਹਿਨੇ ਹੋਏ ਤਾਂ ਕੀਮਤੀ ਕੱਪੜੇ ਵੀ ਬੰਦੇ ਬਾਰੇ ਪਹਿਲਾ ਵਧੀਆ ਪ੍ਰਭਾਵ ਨਹੀਂ ਬਣਾ ਸਕਦੇ। ਲੋੜੋਂ ਵੱਧ ਮੇਕਅੱਪ ਤੇ ਸਲੀਕੇ ਰਹਿਤ ਸਹਾਇਕ ਸਮਗਰੀ ਦੀ ਵਰਤੋਂ ਕਈ ਵਾਰ ਪੇਸ਼ਾਵਰਾਨਾ ਪਹਿਰਾਵੇ ਦੀ ਸ਼ਾਨ ਹੀ ਵਿਗਾੜ ਦਿੰਦੇ ਹਨ।

ਇਸ ਪ੍ਰਕਾਰ ਕੰਮ ਵਾਲ਼ੀ ਥਾਂ ‘ਤੇ ਸਹੀ ਪੇਸ਼ਾਵਰਨਾ ਦਿੱਖ ਬਣਾਉਣ ਲਈ ਸਾਨੂੰ ਕਈ ਗੱਲਾਂ ਛੱਡਣ

ਤੇ ਕਈ ਅਪਨਾਉਣ ਦਾ ਧਿਆਨ ਰੱਖਣਾ ਚਾਹੀਦਾ ਹੈ। ਸਜ-ਸਜਾਵਟ ਬਾਰੇ ਹੇਠ ਲਿਖੇ ਨੁਕਤੇ ਸਜ ਸਜਾਵਟ ਵਿੱਚ ਤੁਹਾਡੀ ਮਦਦ ਕਰ ਸਕਦੇ ਹਨ।

1. ਵਾਲ : ਸਾਫ਼ ਤੇ ਸਟਾਈਲ ਵਾਲ਼ੇ ਹੋਣੇ ਚਾਹੀਦੇ ਹਨ, ਨਮ ਨਹੀਂ ਹੋਣੇ ਚਾਹੀਦੇ, ਲੋੜ ਤੋਂ ਵੱਧ ਹੇਅਰ ਸਟਾਈਲ ਨਹੀਂ ਬਣਾਉਣਾ ਚਾਹੀਦਾ। ਪੁਰਸ਼ਾਂ ਦੇ ਵਾਲ਼ ਛੋਟੇ ਕੱਟੇ ਹੋਣੇ ਚਾਹੀਦੇ ਹਨ, ਛਾਤੀ ਦੇ ਵਾਲ਼ ਵੀ ਕੱਟੇ ਹੋਣੇ ਚਾਹੀਦੇ ਹਨ (ਨੈਕਲਾਈਨ 'ਤੇ ਵੀ ਵਾਲ਼ ਨਹੀਂ ਦਿਸਣੇ ਚਾਹੀਦੇ।)
2. ਬੂਟ : ਵਧੀਆ ਹਾਲਤ ਵਿਚ ਤੇ ਪਾਲਸ਼ ਕੀਤੇ ਹੋਣੇ ਚਾਹੀਦੇ ਹਨ
3. ਨਹੁੰ : ਸਾਫ, ਕੱਟੇ ਤੇ ਚੰਗੀ ਤਰ੍ਹਾਂ ਮੈਨੀਕਿਓਰ ਕੀਤੇ ਹੋਣੇ ਚਾਹੀਦੇ ਹਨ, ਔਰਤਾਂ ਦੇ ਨਹੁੰ ਗੂੜ੍ਹੇ ਰੰਗੇ ਹੋਏ ਨਹੀਂ ਹੋਣੇ ਚਾਹੀਦੇ ਤੇ ਨਾ ਹੀ ਇਨ੍ਹਾਂ ਦੀ ਵੱਧ ਲੰਬਾਈ ਹੋਣੀ ਚਾਹੀਦੀ ਹੈ।
4. ਕਾਸਮੈਟਿਕਸ : ਮੇਅਕਪ ਰਵਾਇਤੀ ਕਿਸਮ ਦਾ ਹੋਵੇ ਅਤੇ ਕੁਦਰਤੀ ਲੱਗੇ।
5. ਪਰਫਿਊਮ : ਬਹੁਤ ਥੋੜ੍ਹਾ ਜਾਂ ਬਿਲਕੁਲ ਨਾ ਵਰਤੋ, ਕੱਪੜੇ ਵੀ ਸੁਗੰਧੀ ਰਹਿਤ ਹੋਣ।
6. ਚਿਹਰੇ ਦੇ ਵਾਲ਼ : ਚੰਗੀ ਤਰ੍ਹਾਂ ਸ਼ੇਵ ਕੀਤੇ ਜਾਣ ਜਾਂ ਟ੍ਰਿਮ ਕੀਤੇ ਹੋਣ, ਚਿਹਰਾ ਸਾਫ ਹੋਵੇ।
7. ਟੈਟੂਜ਼ : ਜੇ ਸੰਭਵ ਹੋਵੇ ਤਾਂ ਟੈਟੂਜ਼ ਢਕੇ ਹੋਏ ਹੋਣ, ਕੋਈ ਵੀ ਟੈਟੂ ਨਜ਼ਰ ਨਹੀਂ ਆਉਣਾ ਚਾਹੀਦਾ।
8. ਦਾਗ : ਚਿਹਰੇ ਅਤੇ ਸਰੀਰ 'ਤੇ ਕੋਈ ਦਾਗ਼ ਜਾਂ ਭੇਦਕ ਨਜ਼ਰ ਨਹੀਂ ਆਉਣਾ ਚਾਹੀਦਾ।ਔਰਤਾਂ ਲਈ ਦੋਵੇਂ ਕੰਨਾਂ ਵਿੱਚ ਇੱਕ ਇੱਕ ਈਅਰ ਰਿੰਗ ਹੀ ਹੋਣਾ ਚਾਹੀਦਾ ਹੈ ਤੇ ਪੁਰਸ਼ਾ ਲਈ ਈਅਰ ਰਿੰਗ ਪਹਿਨਣ ਦੀ ਮਨਾਹੀ ਹੈ।
9. ਬੈਕ ਪੈਕ : ਇੰਟਰਵਿਊ ਸਥਾਨ 'ਤੇ ਬੈਕ – ਪੈਕ ਕਦੇ ਵੀ ਨਹੀਂ ਲਿਜਾਣਾ ਚਾਹੀਦਾ।
10. ਪਰਸ : ਛੋਟਾ, ਰਵਾਇਤੀ ਹੈਂਡ ਬੈਗ ਜਾਂ ਬਿਜ਼ਨਸ ਬੈਗ ਹੀ ਲਿਜਾਣਾ ਚਾਹੀਦਾ ਹੈ। ਇਸ ਦਾ ਰੰਗ ਵੀ ਬੂਟਾਂ ਦੇ ਰੰਗ ਅਨੁਸਾਰ ਹੋਣਾ ਚਾਹੀਦਾ ਹੈ। ਪਹਿਰਾਵੇ ਸੰਬੰਧੀ ਉਕਤ ਵੇਰਵੇ ਤੇ ਸਜ-ਸਜਾਵਟ ਜਦੋਂ ਧਿਆਨ ਨਾਲ਼ ਅਪਣਾਏ ਜਾਣ ਇਹ ਤੁਹਾਡੇ ਪੇਸ਼ਾਵਰਾਨਾ ਪਹਿਲਾ ਪ੍ਰਭਾਵ ਪੈਦਾ ਕਰਨ 'ਚ ਮਦਦ ਕਰੇਗਾ। ਇਸ ਤਰੀਕੇ ਨਾਲ਼ ਤੁਸੀਂ ਸ਼ੁਰੂ ਵਿੱਚ ਹੀ ਅੱਧੀ ਲੜਾਈ ਜਿੱਤ ਲਵੋਗੇ।

## ਸ਼੍ਰੇਣੀ ਵਿੱਚ ਕੀਤਾ ਜਾਣ ਵਾਲਾ ਕੰਮ - 3

### ਪਹਿਰਾਵਾ ਤੇ ਸਜ-ਸਜਾਵਟ ਦੀ ਪੜਤਾਲ ਸੂਚੀ -:

1. ਹਰੇਕ ਵਿਦਿਆਰਥੀ ਨੂੰ ਲੰਬੇ ਰੁਖ ਤੋਂ ਅੱਧਾ ਫੋਲਡ ਕਰ ਕੇ ਕਾਗਜ਼ ਦਿਓ। ਵਿਦਿਆਰਥੀਆਂ ਨੂੰ ਕਹੋ ਕਿ ਅੱਧਾ ਜਾਂ ਕਾਲਮ 'ਤੇ "ਪਾਰਟੀ ਵਿੱਚ" ਲਿਖਣ ਤੇ ਦੂਜੇ ਅੱਧ ਤੇ ਜਾਂ ਕਾਲਮ ਵਿੱਚ "ਕੰਮ 'ਤੇ " ਲਿਖਣ।

2. ਹਰੇਕ ਵਿਦਿਆਰਥੀ ਨੂੰ ਕਹੋ ਕਿ ਪਹਿਰਾਵੇ ਤੇ ਸਜ – ਸਜਾਅ ਲਈ ਉਹਨਾਂ ਨੂੰ ਜਿਨ੍ਹਾਂ ਚੀਜ਼ਾਂ ਦੀ ਲੋੜ ਪੈਂਦੀ ਹੈ ਉਹਨਾਂ ਦੀ ਸੂਚੀ ਬਣਾਉਣ। ਇਹ ਸੂਚੀ ਦੋਵਾਂ ਹਾਲਤਾਂ ਦੀ ਅਲੱਗ- ਅਲੱਗ ਹੋਣੀ ਚਾਹੀਦੀ ਹੈ। ਉਹਨਾਂ ਨੂੰ ਯਾਦ ਕਰਾਓ ਕਿ ਸ਼ੋਅਰ (ਛਿੜਕਾਓ) ਆਦਿ ਦੋਵਾਂ ਕਾਲਮਾਂ 'ਚ ਲਿਖੇ ਜਾ ਸਕਦੇ ਹਨ ਜਦਕਿ ਬੂਟਾਂ ਨੂੰ ਪਾਲਸ਼ ਤੇ ਡਰੈਸ ਆਦਿ ਦੋਵਾਂ ਕਾਲਮਾਂ 'ਚ ਵੱਖ-ਵੱਖ ਹੋ ਸਕਦੇ ਹਨ।

3. ਵਿਦਿਆਰਥੀਆਂ ਨੂੰ 5 – 10 ਮਿੰਟ ਆਪਣੀ ਨਿੱਜੀ ਪੜਤਾਲ ਸੂਚੀ ਬਣਾਉਣ ਲਈ ਦਿਓ। ਜਦੋਂ ਇਹ ਇਸ ਨੂੰ ਮੁਕਮਲ ਕਰ ਲੈਣ ਉਹਨਾਂ ਨੂੰ ਸ਼੍ਰੇਣੀ ਵਿੱਚ ਬੁਲਾ ਲਓ ਤੇ ਮਾਸਟਰ ਪੜਤਾਲ ਸੂਚੀ ਬਣਾਓ ਜਿਸ ਵਿੱਚ ਸਾਰਿਆਂ ਦੇ ਸੁਝਾਅ ਸ਼ਾਮਲ ਕਰੋ। ਇਸ ਪੜਤਾਲ ਸੂਚੀ ਨੂੰ ਬੋਰਡ ਉੱਪਰ ਜਾਂ ਕਾਗਜ ਉੱਪਰ ਲਿਖ ਲਵੋ। ਇਹ ਯਕੀਨੀ ਬਣਾਓ ਕਿ ਜੋ ਆਈਟਮਜ਼ ਪ੍ਰਸ਼ਨਵਾਚਕ ਹੋਣ ਉਹਨਾਂ 'ਤੇ ਬਹਿਸ ਕਰੋ। ਇਹ ਵੀ ਧਿਆਨ ਵਿਚ ਰੱਖੋ ਕਿ ਲੜਕੇ ਤੇ ਲੜਕੀਆਂ ਵੱਲੋਂ ਤਿਆਰ ਕੀਤੀਆਂ ਸੂਚੀਆਂ ਕੁਝ ਕੁਝ ਵੱਖਰੀਆਂ ਹੋ ਸਕਦੀਆਂ ਹਨ।

4. ਪਹਿਰਾਵੇ ਤੇ ਸਜ-ਸਜਾਅ ਵਾਲ਼ੀਆਂ ਸੂਚੀਆਂ ਦੀਆਂ ਸਮਾਨਤਾਵਾਂ ਦੀ ਅਤੇ ਵੱਖਰਤਾਵਾਂ ਬਾਰੇ ਵਿਚਾਰ ਚਰਚਾ ਕਰੋ। ਇਹ ਵਿਚਾਰ ਚਰਚਾ ਪਾਰਟੀ ਮੌਕੇ ਪਹਿਰਾਵੇ ਦੀ ਅਤੇ ਕੰਮ ਵਾਲ਼ੀ ਥਾਂ ਮੌਕੇ ਪਹਿਰਾਵੇ ਬਾਰੇ ਹੋਵੇ। ਕਿਹੜੀਆਂ ਚੀਜ਼ਾਂ ਤੁਸੀਂ ਪਾਰਟੀ ਮੌਕੇ ਕਰੋਗੇ? ਕਿਹੜੀਆਂ ਚੀਜ਼ਾਂ ਤੁਸੀਂ ਪੇਸ਼ਾਵਰ ਹੋਣ ਮੌਕੇ ਵਰਤੋਗੇ? ਵਿਦਿਆਰਥੀਆਂ ਨੂੰ ਕਹੋ ਕਿ ਉਹ ਆਪਣੇ ਵੱਲੋਂ ਤਿਆਰ ਪੜਤਾਲ ਸੂਚੀ ਨੂੰ ਸ਼੍ਰੇਣੀ ਵਿੱਚ ਤਿਆਰ ਕੀਤੀ ਮਾਸਟਰ ਪੜਤਾਲ ਸੂਚੀ ਅਨੁਸਾਰ ਸੋਧ ਲੈਣ।

## ਮੁੱਲਾਂਕਣ 4 - ਠੀਕ ਤੇ ਗ਼ਲਤ

1. ਬੋਲਡ ਰੰਗ ਜਿਵੇਂ ਕਿ ਚਮਕ ਵਾਲ਼ਾ ਹਰਾ ਜਾਂ ਪਿੰਕ ਰੰਗ ਕੰਮ ਵਾਲ਼ੀ ਥਾਂ ਲਈ ਵਧੀਆ ਚੋਣ ਹੈ।
2. ਪਹਿਰਾਵੇ ਨਾਲ਼ ਸਹਾਇਕ ਸਮਗਰੀ ਦੀ ਵੱਧ ਵਰਤੋਂ ਪੇਸ਼ਾਵਰਾਨਾ ਦਿੱਖ ਨੂੰ ਵਧਾਉਂਦੀ ਹੈ।
3. ਕੁਝ ਰੁਜਗਾਰਦਾਤਾ ਫ਼ੈਸਲਾ ਕਰ ਸਕਦੇ ਹਨ ਕਿ ਤੁਹਾਡੇ ਚਿਹਰੇ ’ਤੇ ਕੋਈ ਵੀ ਵਾਲ਼ ਨਹੀਂ ਹੋਣਾ ਚਾਹੀਦਾ।
4. ਪੇਸ਼ਾਵਰਨਾ ਸਜ-ਸਜਾਅ ਦੇ ਮਿਆਰ ਅਨੁਸਾਰ ਪੁਰਸ਼ਾਂ ਨੂੰ ਕੰਨ ਵਿੰਨ੍ਹਣ ਦੀ ਖ਼ੁੱਲ੍ਹ ਹੈ।
5. ਜੇ ਸੰਭਵ ਹੋਵੇ ਤਾਂ ਟੈਟੂਜ਼ ਨੂੰ ਕੱਪੜੇ ਨਾਲ਼ ਢੱਕ ਲਵੋ।
6. ਤੁਹਾਡਾ ਪਹਿਲਾ ਕੰਮ ਆਪਣੇ ਆਪ ਦਾ ਧਿਆਨ ਰੱਖਣਾ ਹੁੰਦਾ ਹੈ।
7. ਪੇਸ਼ਾਵਰਨਾ ਕੱਪੜਿਆਂ ਨੂੰ ਸਾਂਭਣ ਲਈ ਅਲਮਾਰੀ ਕਾਫੀ ਮਹਿੰਗੀ ਪੈਂਦੀ ਹੈ।
8. ਇੰਟਰਵਿਊ ਤੇ ਜਾਣ ਮੌਕੇ ਆਪਣੀ ਦਿੱਖ ਨੂੰ ਸੁੰਦਰ ਬਣਾਓ ਕਿਉਂਕਿ ਇੰਟਰਵਿਊ ਲੈਣ ਵਾਲ਼ਾ ਤੁਹਾਡੀ ਦਿੱਖ ਵੱਲ ਵੱਧ ਧਿਆਨ ਦਿੰਦਾ ਹੈ।
9. ਜੇ ਤੁਸੀਂ ਡਰੈਸ ਕੋਡ ਬਾਰੇ ਨਹੀਂ ਜਾਣਦੇ ਤਾਂ ਆਪਣੇ ਰੁਜ਼ਗਾਰ ਦਾਤਾ ਨੂੰ ਪੁੱਛੋ।
10. ਇੱਕ ਵਾਰ ਜੇ ਤੁਹਾਨੂੰ ਕੰਮ ਲਈ ਚੁਣ ਲਿਆ ਜਾਂਦਾ ਹੈ ਤਾਂ ਆਪਣੇ ਪਹਿਰਾਵੇ ਤੇ ਸਜ-ਸਜਾਅ ਬਾਰੇ ਬਹੁਤੀ ਚਿੰਤਾ ਨਾ ਕਰੋ।

## 1.7 ਮੁੱਢਲੇ ਸਮਾਜਕ ਸ਼ਿ੍ਸਟਾਚਾਰ -:

ਸਮਾਜੀ ਸ਼ਿ੍ਸ਼ਟਾਚਾਰ ਵੀ ਸਾਡੇ ਵਿਅਕਤਿਤਵ ਨੂੰ ਪਰਿਭਾਸ਼ਤ ਕਰਨ ਤੇ ਇਸ ਨੂੰ ਸੇਧ ਦੇਣ ਵਿੱਚ ਸਾਡੀ ਮਦਦ ਕਰਦਾ ਹੈ।ਆਕਸਫੋਰਡ ਡਿਕਸ਼ਨਰੀ ਅਨੁਸਾਰ ਇਹ ਸਮਾਜ ਵਿੱਚ ਤੇ ਕਿਸੇ ਪੇਸ਼ਾਵਰਾਨਾ

ਗਰੁੱਪ ਦੇ ਮੈਂਬਰਾਂ ਨਾਲ ਨਿਮਰ ਵਿਹਾਰ ਦਾ ਰਵਾਇਤੀ ਕੋਡ ਹੈ।




ਸਾਧਾਰਨ ਸ਼ਬਦਾਂ 'ਚ ਕਹਿਣਾ ਹੋਵੇ ਤਾਂ ਸ਼ਿਸ਼ਟਾਚਾਰ ਦਾ ਅਰਥ ਹੈ ਚੰਗਾ ਵਿਹਾਰ, ਕਿਸੇ ਵੀ ਸਮਾਜਕ ਤਾਣੇ ਬਾਣੇ ਵਿੱਚ, ਭਾਵੇਂ ਇਹ ਦਫ਼ਤਰ ਹੋਵੇ, ਦੋਸਤ ਮੰਡਲੀ ਹੋਵੇ ਜਾਂ ਪਰਿਵਾਰ ਹੋਵੇ ਉਸ ਦੇ ਮੈਂਬਰਾਂ ਨਾਲ਼ ਨਿਮਰ ਤੇ ਚੰਗਾ ਵਿਹਾਰ ਹੀ ਸ਼ਿਸ਼ਟਾਚਾਰ ਹੈ। ਇਸ ਯੂਨਿਟ ਦੇ ਮੰਤਵ ਲਈ ਅਸੀਂ ਵਪਾਰਿਕ ਸ਼ਿਸ਼ਟਾਚਾਰ ਦੇ ਦੋ ਪੱਖਾਂ : ਕੰਮ ਸ਼ਿਸ਼ਟਾਚਾਰ ਤੇ ਟੈਲੀਫ਼ੋਨ ਸ਼ਿਸ਼ਟਾਚਾਰ ਬਾਰੇ ਧਿਆਨ ਕੇਂਦ੍ਰਿਤ ਕਰਾਂਗੇ।

## ਕੰਮ / ਦਫ਼ਤਰੀ ਸ਼ਿਸ਼ਟਾਚਾਰ -:

ਇਹਨਾਂ ਦਿਨਾਂ ਵਿੱਚ ਅਸੀਂ ਘਰ ਦੇ ਮੁਕਾਬਲੇ ਕੰਮ ਕਰਨ ਦੇ ਵਧੇਰੇ ਘੰਟੇ ਦਫ਼ਤਰ ਵਿੱਚ ਗੁਜ਼ਾਰਦੇ ਹਾਂ। ਦਫ਼ਤਰ ਦਾ ਵਾਤਾਵਰਨ ਤੇ ਦਫ਼ਤਰ 'ਚ ਕੰਮ ਕਰਨ ਵਾਲ਼ੇ ਲੋਕ ਸਾਡੇ ਜੀਵਨ ਦਾ ਇੱਕ ਮਹੱਤਵਪੂਰਨ ਹਿੱਸਾ ਬਣ ਚੁਕੇ ਹਨ ਅਤੇ ਇਹੋ ਸਾਡੀ ਜੀਵਨ 'ਚ ਸਫ਼ਲ ਹੋਣ ਵਿੱਚ ਮਦਦ ਕਰਦੇ ਹਨ। ਇਸ ਲਈ ਇਹ ਜਰੂਰੀ ਹੋ ਜਾਂਦਾ ਹੈ ਕਿ ਅਸੀਂ ਦਫ਼ਤਰ ਵਿਚਲੇ ਲੋਕਾਂ ਨਾਲ਼ ਘਰ ਦੇ ਮੈਂਬਰਾਂ ਨਾਲੋਂ ਵੀ ਵਧੀਆ ਵਰਤਾਓ ਕਰੀਏ। 'ਯੁਜ਼ਿੰਗ ਪਰੋਪਰ ਐਟੀਕੇਟਸ ਵਿੱਚ ਮਿਰਨਾ ਹੂਵਰ ਦਾ ਸਿਧਾਂਤ ਹੈ ਜੋ ਕਰਮਚਾਰੀਆਂ ਨੂੰ ਅਪਨਾਉਣਾ ਚਾਹੀਦਾ ਹੈ ਕਿ ਦਫ਼ਤਰ ਦੇ ਕਰਮਚਾਰੀ ਯੋਗ ਸ਼ਿਸ਼ਟਾਚਾਰ ਅਪਨਾਉਣ ; ਇਸ ਵਿੱਚ ਕੰਮ ਵਾਤਾਵਰਨ ਦੇ ਸਾਰੇ ਪੱਖ ਆ ਜਾਂਦੇ ਹਨ।

1. **ਸਮੇਂ ਦੀ ਪਾਬੰਦੀ :** ਕਿਸੇ ਦੇ ਵਿਅਕਤਿਤਵ ਦਾ ਮੁੱਖ ਤੇ ਮਹੱਤਵਪੂਰਨ ਉਸ ਦਾ ਕੰਮ ਅਤੇ ਮੀਟਿੰਗ

ਆਦਿ ਵਿੱਚ ਸਮੇਂ ਸਿਰ ਪਹੁੰਚਣਾ ਹੈ। ਇਸ ਦਾ ਅਰਥ ਇਹੋ ਹੋਵੇਗਾ ਕਿ ਤੁਹਾਨੂੰ ਸਮੇਂ ਦੀ ਪੂਰੀ ਕਦਰ ਹੈ। ਜੋ ਤੁਹਾਨੂੰ ਕੰਮ ਸੌਂਪਿਆ ਗਿਆ ਹੋਵੇ ਉਸ ਨੂੰ ਵੀ ਸਮੇਂ ਸਿਰ ਪੂਰਾ ਕਰੋ।

2. **ਨਿਮਰਤਾ :** ਨਿਮਰ ਸ਼ਿਸ਼ਟ ਤੇ ਮਿਲ਼ਨਸਾਰ ਬਣੋ, ਦੂਜਿਆਂ ਨਾਲ਼ ਇਸ ਤਰਾਂ ਵਰਤਾਓ ਕਰੋ ਜਿਵੇਂ ਤੁਸੀਂ ਚਾਹੁੰਦੇ ਹੋ ਕਿ ਉਹ ਤੁਹਾਡੇ ਨਾਲ਼ ਵਰਤਾ ਕਰਨ।

3. **ਦਫਤਰੀ ਕੰਮ ਕਾਰ ਦਾ ਢੰਗ ਸਿੱਖੋ :** ਸਾਨੂੰ ਦਫ਼ਤਰ ਤੇ ਵੱਖ ਵੱਖ ਕਰਮਚਾਰੀਆਂ ਦੀ ਭੂਮਿਕਾ ਦੀ ਸਮਝ ਹੋਣੀ ਚਾਹੀਦੀ ਹੈ। ਸੁਣਨ ਦੀ ਯੋਗਤਾ ਨੂੰ ਲੁਭਾਉਣੀ ਬਣਾਓ ਤੇ ਸੁਯੋਗ ਦਫ਼ਤਰੀ ਵਰਤਾਓ ਅਪਨਾਓ।

4. **ਵਪਾਰ ਦੇ ਚਾਰ ਅਣਲਿਖੇ ਨਿਯਮਾਂ ਨੂੰ ਸਮਝੋ**

   a) ਅਫ਼ਸਰ ਅਫ਼ਸਰ ਹੀ ਹੁੰਦਾ ਹੈ ਭਾਵੇਂ ਉਹ ਗ਼ਲਤ ਹੋਵੇ ਜਾਂ ਠੀਕ ਹੋਵੇ, ਆਖ਼ਰਕਾਰ ਅਫ਼ਸਰ ਦਾ ਫੈਸਲਾ ਹੀ ਅੰਤਮ ਹੁੰਦਾ ਹੈ।

   b) ਚੰਗਾ ਹੋਵੇ ਜਾਂ ਬੁਰਾ, ਅਫ਼ਸਰ ਨੂੰ ਪੂਰੀ ਜਾਣਕਾਰੀ ਦਿਓ। ਇਹ ਨਹੀਂ ਹੋਣਾ ਚਾਹੀਦਾ ਕਿ ਅਫ਼ਸਰ ਨੂੰ ਕਿਸੇ ਗੈਰਵਾਜਬ ਸ੍ਰੋਤ ਤੋਂ ਜਾਣਕਾਰੀ ਹਾਸਲ ਹੋਵੇ।

   c) ਐਵੇਂ ਹੀ ਅਫ਼ਸਰ ਦੇ ਸਿਰ ਨਾ ਚੜ੍ਹੋ ਪਹਿਲਾਂ ਉਸ ਨੂੰ ਆਪਣੀ ਗੱਲ ਦੱਸ ਲੈਣ ਦਿਓ

   d) ਅਫ਼ਸਰ ਨੂੰ ਚੰਗਾ ਲੱਗਣ ਦਿਓ। ਜਦੋਂ ਤੁਸੀਂ ਸੰਸਥਾ ਦੇ ਮੰਤਵਾਂ ਦੀ ਪੂਰਤੀ ਲਈ ਕੰਮ ਕਰੋਗੇ ਤਾਂ ਤਰੱਕੀ ਆਦਿ ਦੇ ਸ਼ੁੱਭ ਮੌਕੇ ਖੁਦ ਬਖ਼ੁਦ ਬਣਦੇ ਰਹਿਣਗੇ।

5. **ਹਾਂਦਰੂ ਰਵੱਈਆ ਅਪਨਾਓ :** ਇਹ ਤੁਹਾਡੇ ਵਿਅਕਤਿਤਵ ਦਾ ਹਾਂਦਰੂ ਪੱਖ ਹੈ। ਜੋ ਚੁਣੌਤਿਆਂ ਨੂੰ ਸ਼ੁਭ ਮੌਕਿਆਂ ਵਜੋਂ ਅਪਨਾਉਂਦੇ ਹਨ ਉਹ ਰਚਨਾਤਮਕ ਦਾ ਵਿਖਾਵਾ ਕਰਦੇ ਹਨ ਤ ਉਹਨਾਂ ਦੀ ਕਦਰ ਵੀ ਪੈਂਦੀ ਹੈ।

6. **ਲਚਕਦਾਰ ਬਣੋ :** ਇਹ ਜ਼ਰੂਰੀ ਨਹੀਂ ਹੁੰਦਾ ਕਿ ਜੋ ਕੁਝ ਵੀ ਦਫ਼ਤਰ 'ਚ ਵਾਪਰਦਾ ਹੈ ਉਹ ਤੁਹਾਨੂੰ ਪਸੰਦ ਹੋਵੇ। ਕਈ ਵਾਰ ਤੁਹਾਡੀ ਰਾਏ ਉਸ ਤੋਂ ਵੱਖਰੀ ਵੀ ਹੋ ਸਕਦੀ ਹੈ ਕਿਸੇ ਹੋ ਚੁੱਕੀ ਤਬਦੀਲੀ ਬਾਰੇ ਪਰ ਉਸ ਵੇਲ਼ੇ ਵੀ ਤੁਸੀਂ ਲਚਕ ਨੂੰ ਬਣਾਈ ਰੱਖੋ। ਲਚਕ ਕਾਇਮ ਰੱਖਣ ਅਤੇ ਤਬਦੀਲੀ ਨੂੰ ਬਰਦਾਸ਼ਤ ਕਰੋ ਇਸ ਨਾਲ ਤੁਹਾਡੇ ਬਾਰੇ ਇਹ ਪ੍ਰਭਾਵ ਬਣੇਗਾ ਕਿ ਤੁਸੀਂ ਸਹਿਯੋਗੀ ਕਰਮਚਾਰੀ ਹੋ।
7. **ਹਰੇਕ ਨੂੰ ਬਣਦਾ ਸਤਿਕਾਰ ਦਿਓ :** ਕਿਸੇ ਪ੍ਰਾਜੈਕਟ ਲਈ ਜੋ ਵੀ ਕੋਈ ਕੰਮ ਕਰਦਾ ਹੈ ਉਸ ਨੂੰ ਉਸਦਾ ਬਣਦਾ ਸਤਿਕਾਰ ਦਿਓ। ਇਸ ਤਰ੍ਹਾਂ ਕਰਨ ਨਾਲ਼ ਤੁਹਾਡੇ ਬਾਰੇ ਚੰਗਾ ਪ੍ਰਭਾਵ ਬਣੇਗਾ ਅਤੇ ਹੋਰ ਲੋਕ ਵੀ ਤੁਹਾਨੂੰ ਬਣਦਾ ਸਤਿਕਾਰ ਦੇਣਗੇ।
8. ਕੰਪਨੀ ਵਿੱਚ ਰੁਤਬੇ ਤੇ ਪੱਧਰ ਦੇ ਆਧਾਰ 'ਤੇ ਲੋਕਾਂ ਵਿੱਚ ਫ਼ਰਕ ਨਾ ਸਮਝੋ। ਇਸ ਪ੍ਰਕਾਰ ਵੱਧ ਤੋਂ ਵੱਧ ਵਪਾਰਿਕ ਸ਼ਿਸ਼ਟਾਚਾਰ ਅਪਨਾ ਕੇ ਤੁਸੀਂ ਆਪਣੇ ਵਿਅਕਤਿਤਵ ਬਾਰੇ ਵਧੀਆ ਪ੍ਰਭਾਵ ਬਣਾ ਲਵੋ। ਤੁਹਾਡੀ ਪੇਸ਼ਾਵਰਾਨਾ ਸਫ਼ਲਤਾ ਲਈ ਇਹ ਸਪਸ਼ਟ ਸੰਕੇਤ ਹੋਵੇਗਾ।

## ਵਪਾਰਿਕ ਟੈਲੀਫ਼ੋਨ ਸ਼ਿਸ਼ਟਾਚਾਰ -:

ਸੋਚੋ ਕਿ ਕਦੇ ਕਿਸੇ ਦਿਨ ਤੁਹਾਨੂੰ ਟੈਲੀਫ਼ੋਨ ਦੀ ਲੋੜ ਨਹੀਂ ਪਈ? ਸੰਚਾਰ ਦੇ ਵੱਖ-ਵੱਖ ਸਾਧਨਾਂ 'ਚੋਂ ਟੈਲੀਫ਼ੋਨ ਇੱਕ ਬਹੁਤ ਹੀ ਮਹੱਤਵਪੂਰਨ ਸੰਚਾਰ ਯੰਤਰ ਹੈ। ਇਹ ਵੀ ਕਿਹਾ ਜਾ ਸਕਦਾ ਹੈ ਕਿ ਅੱਜ ਦਾ ਬਹੁਤਾ ਵਪਾਰ ਟੈਲੀਫ਼ੋਨ ਜ਼ਰੀਏ ਹੀ ਕੀਤਾ ਜਾਂਦਾ ਹੈ ਕਿਉਂਕਿ ਇਹ ਸੰਚਾਰ ਦਾ ਵਧੀਆ ਸਾਧਨ ਹੈ।



ਵਿਸ਼ੇਸ਼ ਕਰਕੇ ਸੈਰ-ਸਪਾਟਾ ਸਨਅਤ ਵਿੱਚ ਗਾਹਕਾਂ, ਸਪਲਾਇਰਾਂ ਨਾਲ਼ ਅਤੇ ਦਫ਼ਤਰ ਦੇ ਵਿੱਚ ਵੀ ਟੈਲੀਫ਼ੋਨ ਸੰਚਾਰ ਲਈ ਬਹੁਤ ਜਿਆਦਾ ਕੰਮ ਆਉਂਦਾ ਹੈ। ਬਾਹਰੋਂ ਆਈ ਟੈਲੀਫ਼ੋਨ ਕਾਲ਼ ਦਾ ਉੱਤਰ ਦੇਣ ਦੇ ਢੰਗ ਨਾਲ ਕੰਪਨੀ ਦੀ ਸਾਖ ਦਾ ਪਤਾ ਲੱਗਦਾ ਹੈ। ਅਸੀਂ ਟੈਲੀਫ਼ੋਨ ਕਰਨ ਦੇ ਵਧੀਆ ਨਿਮਰ ਤੇ ਪ੍ਰਭਾਵੀ ਢੰਗ ਨਾਲ਼ ਪੇਸ਼ਾਵਰਾਨਾ ਪ੍ਰਭਾਵ ਵੀ ਬਣਾ ਲੈਂਦੇ ਹਾਂ। ਇਹ ਸਾਬਤ ਹੋ ਚੁੱਕਾ ਹੈ ਕਿ ਜੇ ਅਸੀਂ ਟੈਲੀਫ਼ੋਨ ਕਾਲ ਨੂੰ ਪੇਸ਼ਾਵਰਾਨਾ ਢੰਗ ਨਾਲ ਨਹੀਂ ਸੁਣਦੇ ਤਾਂ ਲੋਕ ਸਾਡੀ ਕੰਪਨੀ ਨਾਲ ਵਪਾਰ ਕਰਨ ਤੋਂ ਪਹਿਲਾਂ ਦੋ ਵਾਰ ਸੋਚਣਗੇ। ਇਹੀ ਕਾਰਨ ਹੈ ਕਿ ਅੱਜ-ਕੱਲ੍ਹ ਕੰਪਨੀਆਂ ਨੇ ਬੜੇ ਮਿਆਰੀ ਟੈਲੀਫ਼ੋਨ ਉਪਕਰਨ ਲਗਾ ਹੋਏ ਹਨ ਜਿਨ੍ਹਾਂ ਰਾਹੀਂ ਟੈਲੀਫ਼ੋਨ ਸੁਣਨ ਤੇ ਕਰਨ ਸਮੇਂ ਸਾਰੀਆਂ ਗੱਲਾਂ ਦਾ ਧਿਆਨ ਰੱਖਿਆ ਜਾਂਦਾ ਹੈ। ਹੇਠ ਲਿਖੇ ਪੱਖ ਖ਼ਾਸ ਤੌਰ ਤੇ ਮਹੱਤਵਪੂਰਨ ਹਨ।

1) ਟੈਲੀਫ਼ੋਨ ਕਾਲ ਦਾ ਉੱਤਰ ਦੇਣਾ
2) ਟੈਲੀਫ਼ੋਨ ਕਰਨਾ
3) ਸੁਨੇਹਾ ਪ੍ਰਾਪਤ ਕਰਨਾ
4) ਸੁਨੇਹਾ ਦੇਣਾ

## ਟੈਲੀਫ਼ੋਨ ਕਾਲ ਦਾ ਉੱਤਰ ਦੇਣਾ-:

* ਤੁਰੰਤ ਟੈਲੀਫ਼ੋਨ ਸੁਣੋ, ਜੋਂਗਾ ਚੁਕਣ ਤੋਂ ਪਹਿਲਾਂ ਦੋ ਜਾਂ ਤਿੰਨ ਘੰਟੀਆਂ ਤੋਂ ਵੱਧ ਨਾ ਵੱਜਣ ਦਿਓ। ਤੁਹਾਡੇ ਤੁਰੰਤ ਹੁੰਗਾਰੇ ਨਾਲ਼ ਤੁਹਾਡੇ ਬਾਰੇ ਚੰਗਾ ਪ੍ਰਭਾਵ ਬਣੇਗਾ ਤੇ ਵਧੀਆ ਲੋਕ- ਸੰਪਰਕ ਬਣ ਸਕੇਗਾ।
* ਤੁਹਾਡੇ ਵੱਲੋਂ ਮੁਸਕਰਾ ਕੇ ਦਿੱਤੇ ਉੱਤਰ ਨੂੰ ਜਦੋਂ ਟੈਲੀਫ਼ੋਨ ਕਰਨ ਵਾਲ਼ਾ ਸੁਣੇਗਾ, ਖ਼ੁਸ਼ੀ ਭਰੀ ਆਵਾਜ਼ ਉਸ ਨੂੰ ਖ਼ੁਸ਼ ਕਰ ਦੇਵੇਗੀ ਤੇ ਉਸ ਦੇ ਮਨ 'ਚ ਤੁਹਾਡੇ ਬਾਰੇ ਵਧੀਆ ਪ੍ਰਭਾਵ ਬਣ

ਜਾਵੇਗਾ।

* ਨਿੱਘ ਨਾਲ਼ ਅਤੇ ਸੁਣਨ ਯੋਗ ਤੇ ਸਪਸ਼ਟ ਆਵਾਜ਼ ਵਿੱਚ ਉੱਤਰ ਦਿਓ ਤਾਂ ਕਿ ਟੈਲੀਫ਼ੋਨ ਕਰਨ ਵਾਲ਼ਾ ਤੁਹਾਡੀ ਗੱਲ-ਬਾਤ ਪੂਰੀ ਤਰ੍ਹਾਂ ਸਮਝ ਸਕੇ।
* ਟੈਲੀਫ਼ੋਨ ਕਰਦਿਆਂ / ਸੁਣਦਿਆਂ ਨਾ ਕੁਝ ਖਾਓ ਤੇ ਨਾ ਪੀਵੋ ਅਤੇ ਨਾ ਹੀ ਖੰਘੋ। ਜੇ ਤੁਹਾਨੂੰ ਖੰਘ ਆ ਵੀ ਜਾਵੇ ਮਾਫ਼ੀ ਮੰਗ ਕੇ ਟੈਲੀਫ਼ੋਨ ਦਾ ਮਾਊਥ ਪੀਸ ਹੱਥ ਨਾਲ਼ ਢਕ ਲਵੋ ਤੇ ਮੂੰਹ ਉਸ ਤੋਂ ਪਰ੍ਹਾਂ ਕਰਕੇ ਖੰਘ ਲਓ।
* ਆਵਾਜ਼ ਨੂੰ ਪੇਸ਼ਾਵਰਾਨਾ ਰੱਖੋ, ਦੂਸਰੇ ਦਾ ਟੈਲੀਫ਼ੋਨ ਖ਼ੁਸ਼ੀ-ਖੁਸ਼ੀ ਸੁਣੋ ਤੇ ਉਸ ਦੀ ਕਹੀ ਗੱਲ 'ਤੇ ਅਮਲ ਕਰੋ।

## ਕਿਸੇ ਹੋਰ ਨੂੰ ਟੈਲੀਫ਼ੋਨ ਕਰਨਾ -:

* ਟੈਲੀਫ਼ੋਨ 'ਤੇ ਤੁਸੀਂ ਕਿਹੋ ਜਿਹਾ ਪ੍ਰਭਾਵ ਬਣਾਉਗੇ ਉਹ ਸਿਰਫ ਤੁਹਾਡੇ ਵਿਅਕਤਿਤਵ ਦਾ ਹੀ ਪ੍ਰਗਟਾਵਾ ਨਹੀਂ ਹੋਵੇਗਾ ਸਗੋਂ ਇਸ ਤੋਂ ਕੰਪਨੀ, ਸੰਸਥਾ ਤੇ ਤੁਹਾਡੇ ਰੁਜ਼ਗਾਰ ਦਾਤਾ ਦੀ ਸਾਖ ਦੀ ਵੀ ਝਲਕ ਨਜ਼ਰ ਆਵੇਗੀ। ਉਦੋਂ ਹੀ ਫੋਨ ਕਰੋ ਜਦੋਂ ਤੁਹਾਨੂੰ ਪਤਾ ਹੋਵੇ ਕਿ ਅਗਲਾ ਸੁਣਨ ਲਈ ਤਿਆਰ ਹੈ ਤੇ ਇਹ ਵੀ ਪੁਸ਼ਟੀ ਕਰ ਲਵੋ ਕਿ ਕੀ ਉਹ ਟੈਲੀਫ਼ੋਨ ਸੁਣਨ ਦੇ ਯੋਗ ਵੀ ਹੈ ਜਾਂ ਨਹੀਂ।
* ਟੈਲੀਫ਼ੋਨ ਕਰਨ ਵੇਲੇ ਪਹਿਲਾਂ ਆਪਣੇ ਤੇ ਆਪਣੀ ਕੰਪਨੀ ਦੀ ਪਛਾਣ ਕਰਵਾਓ। ਇਹ ਜਾਣਕਾਰੀ ਦੇਣ ਨਾਲ਼ ਤੁਹਾਨੂੰ ਇਹ ਪਤਾ ਲੱਗ ਜਾਵੇਗਾ ਕਿ ਜਿਸ ਨਾਲ਼ ਤੁਸੀਂ ਗੱਲ ਕਰਨਾ ਚਾਹੁੰਦੇ ਹੋ ਉਸ ਤੱਕ ਪਹੁੰਚ ਸਕਦੇ ਹੋ।
* ਜੇ ਤੁਸੀਂ ਕਾਫ਼ੀ ਲੰਬੀ ਦੂਰੀ 'ਤੇ ਫ਼ੋਨ ਕਰ ਰਹੇ ਹੋਵੋ ਤੇ ਜਿਸ ਨੂੰ ਤੁਸੀਂ ਫ਼ੋਨ ਕਰਨਾ ਸੀ ਉਹ ਫ਼ੋਨ ਸੁਣਨ ਲਈ ਮੌਜੂਦ ਨਾ ਹੋਵੇ। ਤੁਸੀਂ ਕੁਝ ਦੇਰ ਪਿੱਛੋਂ ਦੁਬਾਰਾ ਕੋਸ਼ਿਸ਼ ਕਰੋ। ਇਹ ਸੁਨੇਹਾ ਕਦੇ ਨਾ

ਦੇਵੋ ਕਿ ਜਦੋਂ ਉਹ, ਜਿਸ ਨੂੰ ਤੁਸੀਂ ਫ਼ੋਨ ਕਰਨਾ ਸੀ ਆਵੇ ਤਾਂ ਉਸ ਨੂੰ ਕਹਿਣਾ ਕਿ ਮੈਨੂੰ ਫ਼ੋਨ ਕਰੇ।

* ਮੁਸਕਰਾ ਕੇ ਉੱਤਰ ਦਿਓ ਜਿਸ ਨੂੰ ਫ਼ੋਨ ਕਾਲ ਸੁਣਨ ਵਾਲ਼ਾ ਤੁਹਾਡੀ ਆਵਾਜ਼ ਵਿੱਚ ਸੁਣੇ। ਪ੍ਰਸੰਨ ਆਵਾਜ਼ ਫ਼ੋਨ ਸੁਣਨ ਵਾਲੇ ਨੂੰ ਖ਼ੁਸ਼ ਕਰ ਦੇਵੇਗੀ ਤੇ ਉਸ ਦੇ ਮਨ ਵਿੱਚ ਤੁਹਾਡੇ ਬਾਰੇ ਵਧੀਆ ਪ੍ਰਭਾਵ ਬਣ ਜਾਵੇਗਾ।

## ਜਦੋਂ ਤੁਸੀਂ ਸੁਨੇਹਾ (ਮੈਸੇਜ) ਛੱਡਣਾ ਹੋਵੇ -:

* ਆਪਣੇ ਬਾਰੇ ਪੂਰੇ ਵੇਰਵੇ ਦਿਓ ਤਾਂ ਕਿ ਜਿਸ ਲਈ ਤੁਸੀਂ ਸੁਨੇਹਾ ਛੱਡਿਆ ਹੈ ਉਹ ਤੁਹਾਨੂੰ ਵਾਪਸੀ ਕਾਲ ਕਰਕੇ ਤੁਹਾਡੇ ਨਾਲ਼ ਸੰਪਰਕ ਕਰ ਸਕੇ।
* ਆਪਣਾ ਪੂਰਾ ਨਾਂ ਤੇ ਤਖ਼ੱਲਸ ਦੱਸੋ ਕਿਉਂਕਿ ਇਹ ਮਹੱਤਵਪੂਰਨ ਹੁੰਦਾ ਹੈ, ਇਹ ਵੀ ਜ਼ਰੂਰ ਦੱਸੋ ਕਿ ਤੁਹਾਡੇ ਫ਼ੋਨ ਕਰਨ ਦਾ ਕਾਰਨ ਕੀ ਹੈ?
* ਜੇ ਫ਼ੋਨ 'ਤੇ ਤੁਸੀਂ ਕੋਈ ਪੇਸ਼ਕਸ਼ ਜਾਂ ਕਿਸੇ ਚੀਜ਼ ਦੀ ਵਿਕਰੀ ਦੀ ਗੱਲ ਕਰਨੀ ਹੋਵੇ ਤਾਂ ਸੁਨੇਹਾ ਨਾ ਛੱਡੋ, ਸਗੋਂ ਕੁਝ ਦੇਰ ਬਾਅਦ ਦੁਬਾਰਾ ਫ਼ੋਨ ਕਰੋ। ਇਹ ਪੁੱਛ ਲਵੋ ਕਿ ਸੰਬੰਧਿਤ ਵਿਅਕਤੀ ਨਾਲ਼ ਕਦੋਂ ਕੁ ਗੱਲ ਸੰਭਵ ਹੋ ਸਕੇਗੀ। ਜਦੋਂ ਤੁਹਾਨੂੰ ਠੀਕ ਸਮੇਂ ਬਾਰੇ ਪਤਾ ਲੱਗ ਜਾਵੇ ਤਾਂ ਉਸ ਸਮੇਂ 'ਤੇ ਕਾਲ ਕਰੋ।

## ਜਦੋਂ ਟੈਲੀਫ਼ੋਨ 'ਤੇ ਤੁਸੀਂ ਕਿਸੇ ਦਾ ਸੁਨੇਹਾ ਲੈਣਾ ਹੋਵੇ-:

* ਹੇਠ ਲਿਖੀਆਂ ਚੀਜ਼ਾਂ ਆਪਣੀ ਪਹੁੰਚ ਵਿੱਚ ਰੱਖੋ; ਪੈੱਨ, ਸੁਨੇਹਿਆਂ ਵਾਲ਼ੀ ਕਾਪੀ, ਕੈਲੰਡਰ, ਅਤੇ ਡਾਇਰੀ (ਜੇਕਰ ਤੁਸੀਂ ਮੁਲਾਕਾਤਾਂ ਨਿਸਚਿਤ ਕਰਨੀਆ ਹੋਣ)
* ਸੁਨੇਹਾ ਧਿਆਨ ਨਾਲ਼ ਆਪਣੀ ਸੁਨੇਹਿਆ ਵਾਲੀ ਕਾਪੀ ਵਿਚ ਲਿਖ ਲਵੋ, ਇਸ ਦੇ ਪੂਰੇ ਵੇਰਵੇ ਨੋਟ ਕਰ ਲਓ ਤਾਂ ਕਿ ਇਹ ਭਵਿੱਖ ਵਿੱਚ ਵੀ ਤੁਹਾਡੇ ਕੰਮ ਆ ਸਕੇ। ਇਹ ਵੀ ਨੋਟ ਕਰ ਲਓ ਕਿ

ਸੁਨੇਹਾ ਕਿਸ ਨੂੰ ਦਿੱਤਾ ਗਿਆ ਹੈ ਇਸ ਦੇ ਨਾਲ਼ ਹੀ ਸੁਨੇਹਾ ਦੇਣ ਵਾਲ਼ੇ ਦਾ ਨਾਂ ਤੇ ਅਹੁਦਾ ਵੀ ਨੋਟ ਕਰ ਲਵੋ। ਇਹ ਯਕੀਨੀ ਬਣਾਓ ਕਿ ਕੀ ਤੁਸੀਂ ਸਾਰੇ ਨਾਵਾਂ ਤੇ ਉਪਨਾਵਾਂ ਦੇ ਸ਼ਬਦ ਜੋੜ ਠੀਕ ਲਿਖੇ ਹਨ। ਟੈਲੀਫ਼ੋਨ ਕਾਲ ਦਾ ਸਮਾਂ ਤੇ ਤਾਰੀਖ ਵੀ ਨੋਟ ਕਰੋ।

* ਟੈਲੀਫ਼ੋਨ ਕਰਨ, ਸੁਨੇਹਾ ਦੇਣ ਵਾਲ਼ੇ ਦਾ ਫ਼ੋਨ ਨੰਬਰ ਤੇ ਕੋਡ ਵੀ ਜ਼ਰੂਰ ਨੋਟ ਕਰੋ, ਐਕਸਟੈਨਸ਼ਨ ਦਾ ਨੰਬਰ ਵੀ ਜ਼ਰੂਰ ਲਿਖੋ। ਇਹ ਵੀ ਪੁੱਛ ਲਵੋ ਕਿ ਉਹਨਾਂ (ਸੁਨੇਹਾ ਦੇਣ ਵਾਲ਼ੇ) ਨਾਲ਼ ਕਿਸ ਸਮੇਂ ਗੱਲ-ਬਾਤ ਹੋ ਸਕੇਗੀ।
* ਸੰਸਥਾ ਜਾਂ ਕੰਪਨੀ ਜਿਸ ਨਾਲ ਸੁਨੇਹਾ ਦੇਣ ਵਾਲ਼ਾ ਸੰਬੰਧਿਤ ਹੈ, ਸੁਨੇਹਾ ਦੇਣ ਦਾ ਮੰਤਵ ਵੀ ਨੋਟ ਕਰੋ?
* ਜੇਕਰ ਸੁਨੇਹਾ ਜ਼ਰੂਰੀ ਹੋਵੇ ਤਾਂ ਸੁਨੇਹਾ ਦੇਣ ਵਾਲ਼ੇ ਦਾ ਘਰ ਦਾ ਨੰਬਰ ਜਾਂ ਟੈਲੀਫ਼ੋਨ ਦਾ ਨੰਬਰ ਵੀ ਨੋਟ ਕਰ ਲਵੋ।
* ਬਚਾਓ ਦੇ ਲਈ, ਇਹ ਹੱਥ ਲਿਖਤ ਸੁਨੇਹਾ ਸੰਬੰਧਿਤ ਵਿਅਕਤੀ ਦੇ ਡੈਸਕ 'ਤੇ ਪੁਚਾ ਦਿਓ।

ਇਸ ਪ੍ਰਕਾਰ ਇਸ ਸੰਚਾਰ ਨੂੰ ਜੇ ਅਸੀਂ ਦਫ਼ਤਰ ਵਿੱਚ ਪ੍ਰਭਾਵੀ ਢੰਗ ਨਾਲ਼ ਵਰਤੀਏ ਤਾਂ ਸਮੱਸਿਆਵਾਂ ਬੜੀ ਸੌਖੀ ਤਰ੍ਹਾਂ ਹੱਲ ਹੋ ਜਾਂਦੀਆਂ ਹਨ ਅਤੇ ਉਤਪਾਦਕਾਂ ਤੇ ਗਾਹਕਾਂ ਦੀ ਸੰਤੁਸ਼ਟੀ ਸੌਖਿਆਂ ਹੀ ਹੋ ਜਾਂਦੀ ਹੈ। ਇਸ ਤੋਂ ਇਲਾਵਾ ਇਸ ਤਰ੍ਹਾਂ ਕਰਨ ਨਾਲ਼ ਤੁਹਾਡੀ ਹਾਂ-ਪੱਖੀ ਸਾਖ ਵੀ ਬਣਦੀ ਹੈ, ਦਫ਼ਤਰ ਵਿੱਚ ਅਤੇ ਗਾਹਕ ਦੇ ਮਨ 'ਚ ਤੁਹਾਡੀ ਪੇਸ਼ਾਵਰਨਾ ਸਾਖ ਵੀ ਵਧਦੀ ਹੈ।

## ਸ਼੍ਰੇਣੀ ਵਿੱਚ ਕਰਨ ਵਾਲ਼ਾ ਕੰਮ -:

### ਗਾਹਕ ਦੀ ਸੇਵਾ ਲਈ ਨਿਯੁਕਤ ਐਗਜ਼ੀਕਿਊਟਿਵ ਤੇ ਖਿਝੇ ਹੋਏ ਗਾਹਕ ਦੀ ਭੂਮਿਕਾ ਦਾ ਅਭਿਆਸ

ਅਧਿਆਪਕ ਤੁਹਾਨੂੰ ਕਹੇਗਾ ਕਿ ਇਹ ਭੂਮਿਕਾ ਅਭਿਆਸ ਨੂੰ ਸਵੈ ਇੱਛਾ ਨਾਲ ਕੌਣ- ਕੌਣ ਕਰੇਗਾ? ਇੱਕ ਵਿਦਿਆਰਥੀ ਖਿਝਿਆ ਹੋਇਆ ਗਾਹਕ ਬਣੇਗਾ ਜੋ ਇਸ ਗੱਲ ਤੋਂ ਦੁਖੀ ਹੋਵੇਗਾ ਕਿ ਉਸ ਦੇ ਲੰਦਨ ਦੇ ਦੌਰੇ ਦੌਰਾਨ ਉਸ ਨੂੰ ਜੋ ਸੇਵਾਵਾਂ ਦਿੱਤੀਆਂ ਗਈਆ ਉਹ ਠੀਕ ਨਹੀਂ ਸਨ। ਦੋ ਹੋਰ ਵਿਦਿਆਰਥੀ ਗਾਹਕ ਸੇਵਾ ਐਗਜ਼ੀਕਿਊਟਿਵ ਦੀ ਭੂਮਿਕਾ ਨਿਭਾਉਣਗੇ – ਇੱਕ ਬੇਹੱਦ ਪ੍ਰਭਾਵੀ ਢੰਗ ਨਾਲ ਟੈਲੀਫ਼ੋਨ ਕਾਲਾਂ ਕਰਨ / ਸੁਣਨ ਵਾਲ਼ਾ ਹੋਵੇਗਾ ਜਦ ਕਿ ਦੂਸਰਾ ਟੈਲੀਫ਼ੋਨ ਸ਼ਿਸ਼ਟਾਚਾਰ ਤੋਂ ਬਿਲਕੁਲ ਕੋਰਾ ਹੋਵੇਗਾ।

ਇਸ ਭੂਮਿਕਾ ਅਭਿਆਸ ਵੇਲ਼ੇ ਅਧਿਆਪਕ ਨੂੰ ਇਹ ਵੇਖਣਾ ਤੇ ਨੋਟ ਕਰਨਾ ਚਾਹੀਦਾ ਹੈ ਕਿ ਗਾਹਕ ਸੇਵਾ ਐਗਜੀਕਿਊਟਿਵ ਟੈਲੀਫ਼ੋਨ ਤੇ ਸ਼ਿਸ਼ਟਾਚਾਰ ਦੀਆਂ ਕਰਨ ਵਾਲ਼ੀਆਂ ਤੇ ਨਾ ਕਰਨ ਵਾਲੀਆਂ ਗੱਲਾਂ ਠੀਕ ਤਰ੍ਹਾਂ ਨਿਭਾ ਰਿਹਾ ਹੈ ਜਾਂ ਨਹੀਂ। ਦੂਸਰੇ ਵਿਦਿਆਰਥੀ ਵੀ ਇਸ ਭੂਮਿਕਾ ਦਾ ਮੁੱਲਾਂਕਣ ਕਰਦੇ ਰਹਿਣਗੇ ਤੇ ਨਾਲ਼ੋਂ-ਨਾਲ਼ੋਂ ਸਿੱਖਦੇ ਵੀ ਰਹਿਣਗੇ ਕਿ ਕਿਵੇਂ ਟੈਲੀਫ਼ੋਨ ਸ਼ਿਸ਼ਟਾਚਾਰ ਨੂੰ ਠੀਕ ਤਰ੍ਹਾਂ ਅਪਨਾ ਕੇ ਅਸੀਂ ਨਾਖ਼ੁਸ਼ ਗਾਹਕ ਨੂੰ ਸੰਤੁਸ਼ਟ ਤੇ ਸ਼ਾਂਤ ਕਰ ਸਕਦੇ ਹਾਂ।

## ਮੁੱਲਾਂਕਣ 5. ਸੰਖੇਪ ਉੱਤਰਾਂ ਵਾਲ਼ੇ ਪ੍ਰਸ਼ਨ -:

1. ਸ਼ਿਸ਼ਟਾਚਾਰ ਨੂੰ ਪਰਿਭਾਸ਼ਤ ਕਰੋ। ਸਾਨੂੰ ਕੰਮ ਵਾਲ਼ੀ ਥਾਂ 'ਤੇ ਸ਼ਿਸ਼ਟਾਚਾਰ ਨੂੰ ਕਿਉਂ ਮਹੱਤਵ ਦੇਣਾ ਚਾਹੀਦਾ ਹੈ?

---------------------------------------------------------

---------------------------------------------------------

---------------------------------------------------------

---------------------------------------------------------

2. ਕੰਮ ਵਾਲ਼ੀ ਥਾਂ 'ਤੇ ਸ਼ਿਸ਼ਟਾਚਾਰ ਅਪਨਾਉਣ 'ਚ ਕਿਹੜੇ-ਕਿਹੜੇ ਨਿਯਮ ਸਾਡੀ ਮਦਦ ਕਰਦੇ ਹਨ?

---------------------------------------------------------

---------------------------------------------------------

---------------------------------------------------------

3. ਜਦੋਂ ਤੁਸੀਂ ਆਪਣੇ ਦਫ਼ਤਰ ਤੋਂ ਗਾਹਕ ਨੂੰ ਟੈਲੀਫ਼ੋਨ ਕਰ ਰਹੇ ਹੋਵੋ ਤੁਹਾਨੂੰ ਕੀ-ਕੀ ਸਾਵਧਾਨੀਆਂ ਵਰਤਣੀਆਂ ਚਾਹੀਦੀਆਂ ਹਨ। ਕੋਈ ਵੀ ਗਲ਼ਤੀ ਕਿਵੇਂ ਤੁਹਾਡੀ ਕੰਪਨੀ ਦੀ ਸਾਖ ਨੂੰ ਖ਼ਰਾਬ ਕਰ ਦੇਂਦੀ ਹੈ?

---------------------------------------------------------

---------------------------------------------------------

---------------------------------------------------------

---------------------------------------------------------

## 1.8 ਹਾਂ - ਪੱਖੀ ਹਾਵ - ਭਾਵ ( ਬਾਡੀ ਲੈਂਗੁਏਜ਼ ) ( ਸਰੀਰਿਕ ਭਾਸ਼ਾ )

ਅਸੀਂ ਪਿੱਛਲੇ ਸਾਲ ਸਰੀਰਿਕ ਹਾਵ – ਭਾਵਾਂ ਬਾਰੇ, ਪਹਿਲਾਂ ਹੀ ਪੜ੍ਹ ਚੁਕੇ ਹਾਂ। ਇਹ ਸਾਡੇ ਸਰੀਰ ਦੇ ਅੰਗਾਂ ਅੱਖਾਂ, ਸਿਰ, ਹੱਥਾਂ, ਲੱਤਾਂ, ਤੁਰਨ ਦੇ ਢੰਗ ਆਦਿ ਦੇ ਹਿੱਲਣ – ਜੁੱਲਣ ਦਾ ਅਧਿਐਨ ਹੈ – ਇਹਨਾਂ ਅੰਗਾਂ ਦੀ ਗਤੀ ਨੂੰ ਹੀ ਸਰੀਰਿਕ ਭਾਸ਼ਾ ਅਰਥਾਤ ਹਾਵ – ਭਾਵ ਕਹਿ ਦਿੰਦੇ ਹਨ। ਇਸ ਨੂੰ

ਸਰੀਰਿਕ ਹਾਵ – ਭਾਵਾਂ ਜ਼ਰੀਏ ਸੰਚਾਰ ਵੀ ਕਹਿ ਸਕਦੇ ਹਾਂ। ਜੋ ਗੱਲ ਸਾਡੇ ਮਨ ਵਿੱਚ ਹੁੰਦੀ ਹੈ ਹਾਵ ਭਾਵ ਉਸ ਨੂੰ ਠੀਕ ਠੀਕ ਪ੍ਰਗਟ ਕਰਦੇ ਹਨ। ਅਸੀਂ ਸ਼ਬਦਾਂ ਦੇ ਹੇਰ – ਫੇਰ ਨਾਲ ਆਪਣੇ ਅੰਦਰਲੇ ਭਾਵ ਨੂੰ ਛੁਪਾ ਸਕਦੇ ਹਾਂ ਪਰ ਸਾਡੇ ਸਰੀਰਿਕ ਅੰਗਾਂ ਦੇ ਹਾਵ–ਭਾਵ ਉਹ ਭਾਵ ਠੀਕ-ਠੀਕ ਪ੍ਰਗਟ ਕਰ ਦਿੰਦੇ ਹਨ।

ਸਾਨੂੰ ਇਹ ਸਮਝਣਾ ਚਾਹੀਦਾ ਹੈ ਕਿ ਹਾਂ–ਪੱਖੀ ਸਰੀਰਿਕ ਭਾਸ਼ਾ ਹਾਵ-ਭਾਵ ਨੂੰ ਕਿਵੇਂ ਪਰਿਭਾਸ਼ਤ ਕੀਤਾ ਜਾਵੇ ਤਾਂ ਕਿ ਅਸੀਂ ਸਹੀ ਤਰ੍ਹਾਂ ਵਿਕਸਿਤ ਵਿਅਕਤੀਤਵ ਦਾ ਪ੍ਰਭਾਵ ਦੇ ਸਕੀਏ। ਸਾਨੂੰ ਸਰੀਰ ਦੇ ਹੇਠਲੇ ਅੰਗਾਂ ’ਤੇ ਕੰਮ ਕਰਨਾ ਚਾਹੀਦਾ ਹੈ।

## 1. ਅੱਖਾਂ ਨਾਲ਼ ਸੰਪਰਕ

ਅੱਖਾਂ ਦਾ ਸੰਪਰਕ ਪਹਿਲੀ ਚੀਜ਼ ਹੈ, ਜੋ ਜਦੋਂ ਕੋਈ ਸਾਨੂੰ ਮਿਲ਼ਦਾ ਹੈ, ਉਹ ਉਦੋਂ ਬਣਦਾ ਹੈ। ਚੰਗਾ ਅੱਖ – ਸੰਪਰਕ ਆਉਣ ਵਾਲੇ ਨੂੰ ਖ਼ੁਸ਼ੀ ਦਿੰਦਾ ਹੈ, ਜੇ ਉਹ ਸਾਡੀ ਕੰਪਨੀ ‘ਚ ਆਇਆ ਹੋਵੇ ਇਸ ਚੰਗੇ ਸੰਪਰਕ ਦੀ ਬਦੌਲਤ ਖ਼ੁਸ਼ ਹੋ ਜਾਂਦਾ ਹੈ। ਅੱਖਾਂ ਦਾ ਵਧੀਆ ਸੰਪਰਕ ਆਉਣ ਵਾਲ਼ੇ ਨੂੰ ਸਤਿਕਾਰ ਤੇ ਦਿਲਸਚਪੀ ਦਾ ਪ੍ਰਭਾਵ ਦਿੰਦਾ ਹੈ ਅਤੇ ਜੇ ਇਹ ਸੰਪਰਕ ਮਾੜਾ ਹੋਵੇ ਤਾਂ ਗਾਹਕ ਜਾਂ ਆਉਣ ਵਾਲ਼ਾ ਇਹੋ ਸਮਝੇਗਾ ਕਿ ਅਸੀਂ ਉਸ ਵੱਲ ਧਿਆਨ ਹੀ ਨਹੀਂ ਦੇ ਰਹੇ ਤੇ ਉਸ ਵਿੱਚ ਦਿਲਚਸਪੀ ਨਹੀ ਲੈ ਰਹੇ।

## 2. ਖੜ੍ਹਨ ਜਾਂ ਬੈਠਣ ਦੀ ਮੁਦਰਾ -:

ਸਾਡੀ ਖੜ੍ਹਨ ਜਾਂ ਬੈਠਣ ਦੀ ਮੁਦਰਾ ਆਪਣੇ ਆਪ ਹੀ ਸਾਨੂੰ ਵੱਧ ਭਰੋਸੇਮੰਦ ਬਣਾਵੇਗੀ ਅਤੇ ਜਦੋਂ ਤੁਸੀਂ ਚੰਗਾ ਅਨੁਭਵ ਕਰੋਗੇ ਹੋਰ ਲੋਕ ਤੁਹਾਡੇ ਵੱਲ ਖਿੱਚੇ ਜਾਣਗੇ। ਜਦੋਂ ਅਸੀਂ ਚੰਗਾ ਮਹਿਸੂਸ ਨਹੀਂ ਕਰ ਰਹੇ ਹੋਵਾਂਗੇ ‘ਆਪਣੇ ਮੋਢੇ ਸੁੰਗੇੜ ਲਵਾਂਗੇ’ ਭੱਦੀ ਤਰ੍ਹਾਂ ਤੁਰਨ ਲਗਾਂਗੇ, ਮੋਢੇ ਥੱਲੇ ਨੂੰ ਤੇ ਅੰਦਰ ਵੱਲ ਮੋੜ ਲਵਾਂਗੇ, ਇਸ ਨਾਲ਼ ਛਾਤੀ ਤੇ ਦਬਾਅ ਪਵੇਗਾ, ਠੀਕ ਸਾਹ ਲੈਣ ‘ਚ ਰੁਕਾਵਟ ਪਵੇਗੀ ਜੋ

ਬਾਅਦ 'ਚ ਸਾਨੂੰ ਨਰਵਸ ਤੇ ਬੇਅਰਾਮ ਕਰ ਸਕਦੀ ਹੈ।

3. **ਸਿਰ ਦੀ ਸਥਿਤੀ -:**

ਆਪਣੇ ਸਿਰ ਦੀ ਸਥਿਤੀ ਨਾਲ਼ ਵੀ ਅਸੀਂ ਕਈ ਗੱਲਾਂ ਪ੍ਰਗਟਾਅ ਸਕਦੇ ਹਾਂ। ਜਦੋਂ ਅਸੀਂ ਭਰੋਸੇ ਵਿੱਚ ਹੋਵਾਂਗੇ ਤੇ ਆਤਮ ਵਿਸ਼ਵਾਸੀ ਹੋਵਾਂਗੇ ਤਾਂ ਅਸੀਂ ਆਪਣਾ ਸਿਰ ਦਾ ਪੱਧਰ ਉੱਪਰ ਵੱਲ ਤੇ ਪਾਸਿਆਂ ਵੱਲ ਰੱਖਾਂਗੇ। ਜਦੋਂ ਅਸੀਂ ਆਪਣੇ ਅਧਿਕਾਰ ਦਾ ਵਿਖਾਵਾ ਕਰ ਰਹੇ ਹੋਵਾਂਗੇ ਤਾਂ ਸਿਰ ਨੂੰ ਸਿੱਧੀ ਹਾਲਤ 'ਚ ਰੱਖਾਂਗੇ। ਜਦੋਂ ਅਸੀਂ ਦੋਸਤਾਨਾ ਤੌਰ ਤੇ ਪੇਸ਼ ਆਵਾਂਗੇ ਜਾਂ ਕਿਸੇ ਨੂੰ ਸੁਣਨ ਦੀ ਸਥਿਤੀ 'ਚ ਹੋਵਾਂਗੇ ਤਾਂ ਅਸੀਂ ਸਿਰ ਨੂੰ ਇੱਕ ਜਾਂ ਦੂਸਰੇ ਪਾਸੇ ਮੋੜ ਲਵਾਂਗੇ।

4. **ਬਾਹਾਂ -:**

ਸਰੀਰਿਕ ਭਾਸ਼ਾ ਦਰਸਾਉਣ ਲਈ ਬਾਹਾਂ ਵੀ ਮਹੱਤਵਪੂਰਨ ਅੰਗ ਹਨ। ਇਹਨਾਂ ਨਾਲ਼ ਇਹ ਸੰਕੇਤ ਭਲੀ-ਭਾਂਤ ਦਿਤਾ ਜਾ ਸਕਦਾ ਹੈ ਕਿ ਅਸੀਂ ਹੋਰਾਂ ਪ੍ਰਤੀ ਕਿੰਨੇ ਕੁ ਖੁੱਲ੍ਹੇ ਹਾਂ ਕਿੰਨੇ ਕੁ ਗ੍ਰਹਿਣਸ਼ੀਲ ਹਾਂ? ਅਸੀਂ ਕਈ ਵਾਰ ਆਪਣੀਆਂ ਬਾਹਾਂ ਨੂੰ ਪਾਸਿਆਂ ਵੱਲ ਜਾਂ ਪਿੱਠ ਵੱਲ ਕਰਦੇ ਹਾਂ ਇਸ ਤੋਂ ਇਹੋ ਸੰਕੇਤ ਮਿਲ਼ਦਾ ਹੈ ਕਿ ਅਸੀਂ ਬੜੇ ਖੁੱਲ੍ਹ ਦਿਲੇ ਹਾਂ, ਤੇ ਨਵੇਂ ਵਿਚਾਰਾਂ ਨੂੰ ਗ੍ਰਹਿਣ ਕਰਨ ਲਈ ਤਿਆਰ ਹਾਂ। ਜੇ ਅਸੀਂ ਵਿਅਕਤੀ ਦੇ ਤੌਰ ਤੇ ਵਧ ਖਰਚੀਲੇ ਹਾਂ ਤਾਂ ਅਸੀਂ ਬਾਹਾਂ ਨੂੰ ਜ਼ਿਆਦਾ ਹਿਲਾਉਂਦੇ ਹਾਂ। ਬਾਹਾਂ ਨੂੰ ਇੱਕ ਦੂਜੀ ਨਾਲ਼ ਕਰਾਸ ਕਰਨ ਦਾ ਅਰਥ ਨਾਂਹ ਹੈ। ਜੇ ਤੁਸੀਂ ਕਿਸੇ ਮੀਟਿੰਗ ਜਾਂ ਇੰਟਰਵਿਊ ਤੇ ਨਾ ਜਾਣਾ ਚਾਹੁੰਦੇ ਹੋਵੋ – ਕਿਉਂਕਿ ਕਰਾਸ ਦਾ ਅਰਥ ਨਿਰਾਸ਼ਾ, ਤੇ ਮੈਂ ਨਾ ਮਾਨੂੰ ਵੀ ਹੁੰਦਾ ਹੈ।

5. **ਲੱਤਾਂ -:**

ਲੱਤਾਂ ਵੀ ਸਾਡੀਆਂ ਅੰਦਰਲੀਆਂ ਭਾਵਨਾਵਾਂ ਬਾਰੇ ਬਹੁਤ ਸਾਰੇ ਸੰਕੇਤ ਦਿੰਦੀਆਂ ਹਨ। ਕਿਉਂਕਿ ਇਹ ਦਿਮਾਗ਼ ਤੋਂ ਕਾਫ਼ੀ ਦੂਰ ਹੁੰਦੀਆਂ ਹਨ ਜਿਸ ਕਾਰਨ ਇਹਨਾਂ 'ਤੇ ਚੇਤਨ ਤੌਰ ਤੇ ਕੰਟਰੋਲ ਰੱਖਣਾ

ਮੁਸ਼ਕਲ ਹੁੰਦਾ ਹੈ। ਲੱਤ ਕਿਵੇਂ ਗਤੀ ਕਰਦੀ ਹੈ ਇਸ ਤੋਂ ਸਾਡੇ ਮਨ ਦੀ ਹਾਲਤ ਪਤਾ ਲੱਗ ਜਾਂਦੀ ਹੈ। ਜਦੋਂ ਅਸੀਂ ਨਰਵਸ ਹੋਈਏ, ਮਨ 'ਤੇ ਕੋਈ ਬੋਝ ਹੋਵੇ ਤਾਂ ਸਾਡੀਆਂ ਲੱਤਾਂ ਆਮ ਨਾਲੋਂ ਵੱਧ ਆਸ ਪਾਸ ਗਤੀ ਕਰਨਗੀਆਂ। ਜਦੋਂ ਇੱਕ ਲੱਤ ਨਾਲ ਦੂਜੀ ਲੱਤ ਨੂੰ ਕਰਾਸ ਕਰਾਂਗੇ, ਕਿਥੋਂ ਕਰਾਸ ਕਰਾਂਗੇ, ਗੋਡਿਆਂ ਤੋਂ ਜਾਂ ਗਿੱਟਿਆਂ ਕੋਲ਼ੋਂ - ਇਸ ਪ੍ਰਕਾਰ ਲੱਤਾਂ ਦੀ ਕਰਾਸਿੰਗ ਦਾ ਅਰਥ ਹੋਵੇਗਾ ਕਿ ਅਸੀਂ ਆਪਣੇ ਬਚਾਅ ਦੀ ਮੁਦਰਾ 'ਚ ਹਾਂ। ਲੱਤਾਂ 'ਤੇ ਹੀ ਤੁਹਾਡੇ ਸਰੀਰ ਦਾ ਕੋਣ ਨਿਰਭਰ ਕਰਦਾ ਹੈ ਇਸ ਤੋਂ ਤੁਹਾਡਾ ਹੋਰਨਾ ਪ੍ਰਤੀ ਵਿਹਾਰ ਤੇ ਵਿਚਾਰ ਦਾ ਸੰਕੇਤ ਮਿਲ਼ਦਾ ਹੈ, ਜੇ ਸਰੀਰ ਦਾ ਕੋਣ ਦੂਜਿਆਂ ਪ੍ਰਤੀ ਅੰਦਰਵਾਰ ਨੂੰ ਹੋਵੇ ਤਾਂ ਇਸ ਦਾ ਸੰਕੇਤ ਹੋਵੇਗਾ ਅਸੀਂ ਖਿੱਚ ਪਾਊ, ਦੋਸਤਾਨਾ 'ਤੇ ਦਿਲਸਚਪੀ ਲੈਣ ਵਾਲ਼ੇ ਹਾਂ।

### 6. ਹੱਥਾਂ ਦੇ ਹਾਵ ਭਾਵ -:

ਹੱਥਾਂ ਨਾਲ ਅਸੀਂ ਕਈ ਹਾਵ - ਭਾਵ ਪ੍ਰਗਟ ਕਰ ਸਕਦੇ ਹਾਂ ਜਿਵੇਂ ਕਿ :

- ਜੇ ਹਥੇਲੀਆਂ ਜਰਾ ਕੁ ਉਪਰ ਉਠੀਆਂ ਹੋਣ ਜਾਂ ਬਾਹਰ ਵੱਲ ਨੂੰ ਹੋਣ ਇਸ ਦਾ ਅਰਥ ਹੋਵੇਗਾ ਖੁੱਲ੍ਹਾਪਨ ਤੇ ਦੋਸਤਾਨਾ
- ਹਥੇਲੀਆਂ ਹੇਠਾਂ ਵੱਲ ਹੋਣ ਤਾਂ ਇਸ ਦਾ ਸੰਕੇਤ ਹੋਵੇਗਾ ਕਿ ਤੁਸੀਂ ਹਾਵੀ ਹੋ ਆਪਣੀ ਗੱਲ 'ਤੇ ਜ਼ੋਰ ਦੇਣ ਵਾਲੇ ਤੇ ਆਕਰਮਣਕਾਰੀ ਹੈ।

ਇਹ ਹਥੇਲੀ ਉਪਰ ਵੱਲ ਤੇ ਹਥੇਲੀ ਹੇਠਾਂ ਵੱਲ ਬਹੁਤ ਹੀ ਮਹੱਤਵਪੂਰਨ ਹੈ ਜਦੋਂ ਅਸੀਂ ਕਿਸੇ ਨਾਲ ਹੱਥ ਮਿਲਾਉਂਦੇ ਹਾਂ। ਹੱਥ ਹਮੇਸ਼ਾ ਸਿੱਧਾ (ਅੰਗੂਠਾ ਅਕਾਸ਼ ਵਲ ਤੇ ਚੀਚੀ ਧਰਤੀ ਵੱਲ) ਮਿਲਾਉਣਾ ਚਾਹੀਦਾ ਹੈ ਇਸ ਤੋਂ ਇਹੋ ਸੰਕੇਤ ਮਿਲੇਗਾ ਕਿ ਤੁਸੀਂ ਸਭ ਨੂੰ ( ਜਾਂ ਜਿਸ ਨਾਲ ਤੁਸੀਂ ਹੱਥ ਮਿਲਾ ਰਹੇ ਹੋ) ਨੂੰ ਆਪਣੇ ਬਰਾਬਰ ਸਮਝਦੇ ਹੋ।

### 7. ਮੂੰਹ ਦੇ ਹਾਵ - ਭਾਵ -:

ਸਾਡੇ ਮੂੰਹ ਦੀ ਹਿਲਜੁਲ ਵੀ ਸਾਡੇ ਬਾਰੇ ਕਈ ਕੁਝ ਦੱਸ ਦਿੰਦੀ ਹੈ।ਮੂੰਹ ਦਾ ਪ੍ਰਭਾਵੀ ਹਿੱਸਾ ਬੁੱਲ੍ਹ ਹੁੰਦੇ ਹਨ।ਜਦੋਂ ਅਸੀਂ ਬੁੱਲ੍ਹਾਂ ਨੂੰ ਇੱਕ ਪਾਸੇ ਵੱਲ ਮੋੜਦੇ ਹਾਂ ਤਾਂ ਇਸ ਦਾ ਅਰਥ ਹੈ ਕਿ ਅਸੀਂ ਕੁਝ ਸੋਚ ਰਹੇ ਹਾਂ ਅਤੇ ਕਈ ਵਾਰ ਇਹ ਹਰਕਤ ਅਸੀਂ ਉਦੋਂ ਕਰਦੇ ਹਾਂ ਜਦੋਂ ਅਸੀਂ ਕਿਸੇ ਪ੍ਰਤੀ ਗੁੱਸੇ ਭਰੀ ਟਿਪਣੀ ਕਰਨੀ ਹੁੰਦੀ ਹੈ ਪਰ ਮੂੰਹੋਂ ਕੁਝ ਕਹਿ ਨਹੀਂ ਸਕਦੇ ਹੁੰਦੇ।ਮੁਸਕਰਾਹਟ ਦੀਆਂ ਵੀ ਕਈ ਕਿਸਮਾਂ ਹੁੰਦੀਆਂ ਹਨ ਜੋ ਵੱਖ-ਵੱਖ ਸੰਕੇਤ ਦਿੰਦੀਆਂ ਹਨ ।ਭਰਵੀਂ ਮੁਸਕਰਾਹਟ - ਜਦੋਂ ਬੁੱਲ੍ਹ ਦੰਦ ਨੂੰ ਛੋਹ ਜਾਵੇ ਦਾ ਸੰਕੇਤ ਅਸਲ ਖ਼ੁਸ਼ੀ ਹੁੰਦਾ ਹੈ।ਜੋ ਮੁਸਕਰਾਹਟ ਅੱਖਾਂ ਤੱਕ ਹੀ ਨਾ ਪੁੱਜੇ ਉਹ ਮੁਸਕਰਾਹਟ ਨਹੀਂ ਸਗੋਂ ਚਾਲਬਾਜ਼ੀ ਜਾਂ ਚਲਾਕੀ ਹੀ ਕਹੀ ਜਾਂਦੀ ਹੈ।ਭਰਵੀਂ ਮੁਸਕਰਾਹਟ ਹੀ ਸਭ ਤੋਂ ਵੱਧ ਹਾਂ - ਪੱਖੀ ਹਾਵ - ਭਾਵ ਹੈ।

ਸਰੀਰਿਕ ਭਾਸ਼ਾ ਦੇ ਉਪਰੋਕਤ ਤੱਤਾਂ ਨੂੰ ਵਿਚਾਰਨ ਪਿੱਛੋਂ ਹੁਣ ਅਸੀਂ ਹਾਂ-ਪੱਖੀ ਸਰੀਰਿਕ ਭਾਸ਼ਾ (ਹਾਵ - ਭਾਵ) ਬਾਰੇ ਜਾਣ ਸਕਦੇ ਹਾਂ।ਜਦੋਂ ਅਸੀਂ ਹਾਂ ਪੱਖੀ ਸਰੀਰਿਕ ਭਾਸ਼ਾ ਬਾਰੇ ਜਾਣ ਲਿਆ ਸਾਡਾ ਵਿਅਕਤਿਤਵ ਵੀ ਕ੍ਰਿਸ਼ਮਈ ਬਣ ਜਾਵੇਗਾ। ਅਸਲ ਵਿੱਚ ਹਾਂ-ਪੱਖੀ ਸਰੀਰਿਕ ਭਾਸ਼ਾ ਕਿਸੇ ਦੇ ਜ਼ਿੰਦਗੀ ਪ੍ਰਤਿ ਹਾਂ-ਪੱਖੀ ਵਿਹਾਰ ਅਤੇ ਕਿਸੇ ਦੇ ਆਪਣੇ ਵਿਅਕਤਿਤਵ ਦੇ ਖੁਲ੍ਹ ਦਿਲੇਪਨ ਦੇ ਪ੍ਰਦਰਸ਼ਨ ਦੀ ਯੋਗਤਾ ਦਾ ਪ੍ਰਗਟਾਵਾ ਹੀ ਹੁੰਦੀ ਹੈ।

**ਮੁੱਲਾਂਕਣ 6 - ਖ਼ਾਲੀ ਥਾਵਾਂ ਭਰੋ**

1. ਹਾਂ-ਪੱਖੀ ਵਿਹਾਰ ਨਾਲ਼ ... ... ... ... ... ... ... ਸਰੀਰਿਕ ਭਾਸ਼ਾ ਬਣਦੀ ਹੈ।
2. ਖੁੱਲ੍ਹੀ ਹਥੇਲੀ ਵਿਅਕਤਿਤਵ ਦੇ ... ... ... ... ... ... ... ਪੱਖ ਨੂੰ ਦਰਸਾਉਂਦੀ ਹੈ।
3. ਬਰਾਬਰੀ ਦਾ ਸੰਕੇਤ ਦੇਣ ਲਈ ਸਾਨੂੰ ਹੱਥ ... ... ... ... ... ... ... ਮਿਲਾਉਣਾ ਚਾਹੀਦਾ ਹੈ।

4. ਚਿਹਰੇ ਤੇ ……………………… ਸ਼ਕਤੀਸ਼ਾਲੀ ਸਰੀਰਿਕ ਭਾਸ਼ਾ ਹੈ।

5. ਅੱਖ ਦਾ ……………………… ਸੰਪਰਕ ਬੇਧਿਆਨੀ ਤੇ ਦਿਲਚਸਪੀ ਦੀ ਅਣਹੋਂਦ ਪ੍ਰਗਟ ਕਰਦਾ ਹੈ।

6. ਬਾਹਾਂ ਨੂੰ ……………………… ਨਿਰਾਸ਼ਾ ਮਨ ਦੀ ਆਕ੍ਰਮਕ ਰੁਚੀ ਨੂੰ ਪ੍ਰਗਟ ਕਰਦਾ ਹੈ।

7. ਜਦੋਂ ਅਸੀਂ ਮੋਢਿਆਂ ਨੂੰ ਸੁੰਗੇੜਦੇ, ਹੇਠਾਂ ਨੂੰ ਤੇ ਅੰਦਰਵਾਰ ਕਰਦੇ ਹਾਂ ਇਸ ਦਾ ਸੰਕੇਤ ਹੁੰਦਾ ਹੈ ਕਿ ਅਸੀਂ ……………………… ਮਹਿਸੂਸ ਕਰ ਰਹੇ ਹਾਂ।

8. ਜਦੋਂ ਅਸੀਂ ਆਪਣੇ ਸਰੀਰ ਦੇ ਕੋਣ ਨੂੰ ਹੋਰਾਂ ਵੱਲ ਅੰਦਰਵਾਰ ਕਰਦੇ ਹਾਂ ਇਸ ਦਾ ਸੰਕੇਤ ……………………… ਹੁੰਦਾ ਹੈ।

9. ਹਾਂ-ਪੱਖੀ ਸਰੀਰਿਕ ਭਾਸ਼ਾ ਸਾਡੇ ਵਿਅਕਤਿਤਵ ਨੂੰ ……………………… ਬਣਾਉਂਦੀ ਹੈ।

10. ਸਿਰ ਨੂੰ ……………………… ਦਾ ਸੰਕੇਤ ਹੋਵੇਗਾ ਕਿ ਅਸੀਂ ਦੋਸਤਾਨਾ ਕਿਸੇ ਨੂੰ ਸੁਣਨ ਜਾਂ ਗ੍ਰਹਿਣਸ਼ੀਲਤਾ ਦੀ ਸਥਿਤੀ ਹਾਂ।

## 2.1 ਸਾਰ

ਵਿਅਕਤਿਤਵ ਵਿਕਾਸ ਦੀ ਪ੍ਰਕਿਰਿਆ ਲਗਾਤਾਰ ਚੱਲਣ ਵਾਲ਼ੀ ਪ੍ਰਕਿਰਿਆ ਹੈ। ਇਸ ਤਹਿਤ ਕੋਈ ਵਿਅਕਤੀ ਹਾਂ-ਪੱਖੀ ਵਿਹਾਰ ਸ਼ਿਸਟਾਚਾਰ, ਹਾਂ-ਪੱਖੀ ਸਰੀਰਿਕ ਭਾਸ਼ਾ ਨੂੰ ਆਪਣੇ ਵਿਅਕਤਿਤਵ ਵਿੱਚ ਸ਼ਾਮਲ ਕਰਦਾ ਰਹਿੰਦਾ ਹੈ ਤਾਂ ਕਿ ਉਹ ਸੈਰ-ਸਪਾਟਾ ਸੱਨਅਤ ਵਿੱਚ ਨਵੀਆਂ ਸਿਖਰਾਂ ਛੋਹ ਸਕੇ। ਸੈਰ-ਸਪਾਟਾ ਸਨਅਤ ਵਿਅਕਤੀ ਦੀ ਵਿਅਕਤੀ ਨਾਲ਼, ਸੂਖ਼ਮ ਤੇ ਮੋਹਣ ਵਾਲ਼ੀ ਸਨਅਤ ਹੈ ਜਿਸ ਨੂੰ ਕਿਤਾਬੀ ਤੇ ਪ੍ਰੈਕਟੀਕਲ ਨਿਪੁੰਨਤਾ ਵਾਲੇ ਹੁਨਰਮੰਦ ਪੇਸ਼ਾਵਰਾਂ ਦੀ ਹਮੇਸ਼ਾ ਲੋੜ ਰਹਿੰਦੀ ਹੈ। ਇਸ ਯੂਨਿਟ ਵਿੱਚ ਬੜੇ ਸੌਖੇ ਸ਼ਬਦਾਂ 'ਚ ਵਿਅਕਤਿਤਵ ਦੇ ਮਹੱਤਵ ਨੂੰ ਬਿਆਨਿਆ

ਗਿਆ ਹੈ; ਇਹ ਵੀ ਦੱਸਿਆ ਗਿਆ ਹੈ ਕਿ ਵਿਅਕਤਿਤਵ ਨੂੰ ਕਿਵੇਂ ਬਣਾਇਆ ਜਾ ਸਕਦਾ ਹੈ। ਇਸ ਯੂਨਿਟ 'ਚ ਇਹ ਵੀ ਦੱਸਿਆ ਗਿਆ ਹੈ ਕਿ ਅਸੀਂ ਆਪਣੇ ਯਤਨ ਨਾਲ਼ ਵਿਅਕਤਿਤਵ ਨੂੰ ਮਨ - ਇਛੱਤ ਸਰੂਪ ਦੇ ਸਕਦੇ ਹਾਂ। ਇਸ ਲਈ ਸਾਨੂੰ ਹਾਂ-ਪੱਖੀ ਵਿਹਾਰ ਵਿਕਸਿਤ ਕਰਨ ਦੀ ਲੋੜ ਪਵੇਗੀ। ਸਾਨੂੰ ਆਪਣੀ ਦਿੱਖ ਤੇ ਸਜ-ਸਜਾਅ ਦਾ ਵੀ ਧਿਆਨ ਰੱਖਣਾ ਪਵੇਗਾ, ਕੰਮ ਵਾਲੀ ਥਾਂ ਦਾ ਸ਼ਿਸਟਾਚਾਰ ਤੇ ਟੈਲੀਫ਼ੋਨ ਸ਼ਿਸਟਾਚਾਰ ਵੀ ਸਿੱਖਣਾ ਪਵੇਗਾ। ਇਸ ਤੋਂ ਇਲਾਵਾ ਹਾਂ-ਪੱਖੀ ਸਰੀਰਿਕ ਭਾਸ਼ਾ ਸਿੱਖਣ ਨਾਲ਼ ਸਾਨੂੰ ਕ੍ਰਿਸ਼ਮਈ ਵਿਅਕਤਿਤਵ ਬਣਾਉਣ 'ਚ ਮਦਦ ਮਿਲ਼ੇਗੀ, ਇਹ ਸਾਰਾ ਕੁਝ ਸਿੱਖ ਕੇ ਅਸੀ ਸੈਰ-ਸਪਾਟਾ ਸੱਨਅਤ ਵਿੱਚ ਕੰਮ ਕਰਨ ਯੋਗ ਬਣ ਸਕਾਂਗੇ ਤੇ ਸੈਰ-ਸਪਾਟਾ ਸੱਨਅਤ ਵਿੱਚ ਨਵੀਆਂ ਸਿਖ਼ਰਾਂ ਛੋਹਣ ਦੇ ਸਮਰੱਥ ਹੋ ਜਾਵਾਂਗੇ।

# ਯੂਨਿਟ -2

## ਸੈਰ - ਸਪਾਟੇ ਸੰਬੰਧੀ ਜਾਣਕਾਰੀ - II

### ਸਮੱਗਰੀ

1. ਜਾਣਕਾਰੀ
2. ਇਸ ਯੂਨਿਟ ਦਾ ਮੰਤਵ
3. ਸੈਰ – ਸਪਾਟਾ
4. ਆਮ ਪ੍ਰਭਾਵ
5. ਸੈਰ – ਸਪਾਟਾ ਪ੍ਰਭਾਵਾਂ ਦਾ ਵਰਗੀਕਰਨ
6. ਦੁਹਰਾਓ ਦੇ ਪ੍ਰਸ਼ਨ– I
7. ਸੈਰ–ਸਪਾਟਾ ਸੰਬੰਧੀ ਜਾਣਕਾਰੀ ਦੇ ਸ੍ਰੋਤ
8. ਦੁਹਰਾਓ ਦੇ ਪ੍ਰਸ਼ਨ– II
9. ਸੈਰ–ਸਪਾਟਾ ਸੰਸਥਾਵਾਂ
10. ਦੁਹਰਾਓ ਦੇ ਪ੍ਰਸ਼ਨ– III
11. ਅਸੀਂ ਕੀ ਸਿੱਖਿਆ ਹੈ?
12. ਭਵਿੱਖੀ ਹਵਾਲਿਆਂ ਲਈ ਸੁਝਾਏ ਸ੍ਰੋਤ

### 1. ਜਾਣਕਾਰੀ -:

ਵਿਦੇਸ਼ੀ / ਬਾਹਰੀ ਆਰਥਿਕ ਗੀਤਵਿਧੀਆਂ ਲਈ ਸੈਰ-ਸਪਾਟਾ ਇੱਕ ਗਤੀਸ਼ੀਲ ਤੇ ਵਿਕਾਸਸ਼ੀਲ ਖੇਤਰ ਹੈ, ਇਸ ਦੇ ਤੇਜ਼ੀ ਨਾਲ਼ ਵਿਕਾਸ ਕਰਨ ਦੀ ਦਰ, ਭਾਰੀ ਮਾਤਰਾ 'ਚ ਵਿਦੇਸ਼ੀ

ਕਰੰਸੀ ਦੀ ਆਮ, ਬੁਨਿਆਦੀ ਵਿਕਾਸ ਅਤੇ ਨਵੀਆਂ ਪ੍ਰਬੰਧਕ ਤੇ ਵਿੱਦਿਅਕ ਅਨੁਭਵਾਂ ਦਾ ਆਰਥਿਕਤਾ ਦੇ ਵੱਖ-ਵੱਖ ਖੇਤਰਾਂ 'ਤੇ ਗਹਿਰਾ ਅਸਰ ਪੈਂਦਾ ਹੈ ਜਿਸ ਨਾਲ਼ ਦੇਸ਼ ਦਾ ਆਰਥਿਕ ਵਿਕਾਸ ਵੀ ਪੂਰੀ ਤਰ੍ਹਾਂ ਜੁੜਿਆ ਹੋਇਆ ਹੈ। ਪੂਰੀ ਤਰ੍ਹਾਂ ਵਿਕਸਿਤ ਪੱਛਮੀ ਮੁਲਕ ਜਿਵੇਂ ਕਿ ਸਵਿਟਜ਼ਰਲੈਂਡ, ਆਸਟਰੀਆ ਤੇ ਫਰਾਂਸ, ਸੈਰ-ਸਪਾਟਾ ਸੈਕਟਰ ਚੋਂ ਮਿਲ਼ੇ ਲਾਭ ਦਾ ਸਮਾਜਕ ਆਰਥਿਕ ਭਲਾਈ 'ਤੇ ਖਰਚ ਕਰਦੇ ਸਨ। ਹਾਲੀਆ ਅੰਕੜਿਆਂ ਅਨੁਸਾਰ ਵਿਸ਼ਵ ਭਰ ਦੀ ਆਮਦਨ ਦਾ 10% ਹਿੱਸਾ ਸੈਰ-ਸਪਾਟਾ ਤੋਂ ਆਉਂਦਾ ਹੈ ਤੇ ਵਿਸ਼ਵ ਦੇ ਕੁੱਲ ਰੁਜ਼ਗਾਰ ਯੋਗ ਲੋਕਾਂ 'ਚੋਂ ਦਸਵਾਂ ਹਿੱਸਾ ਸੈਰ-ਸਪਾਟਾ ਖੇਤਰ 'ਚ ਕੰਮ ਕਰ ਰਿਹਾ ਹੈ। ਸਾਰੇ ਸਮਝਦੇ ਹਨ ਕਿ ਸੈਰ-ਸਪਾਟਾ ਖੇਤਰ ਦਾ ਮੁਕੰਮਲ ਆਰਥਿਕ ਪ੍ਰਭਾਵ ਹੈਰਾਨ ਕਰ ਦੇਣ ਵਾਲ਼ਾ ਹੈ। ਕਈ ਲੋਕਾਂ ਦਾ ਵਿਚਾਰ ਹੈ ਕਿ ਸੈਰ-ਸਪਾਟਾ ਖੇਤਰ ਦਾ ਹਾਂਦਰੂ ਪੱਖ ਇਹ ਹੈ ਕਿ ਇਸ ਨਾਲ਼ ਦੇਸ਼ ਵਿੱਚ ਵਿਦੇਸੀ ਮੁਦਰਾ ਆਉਂਦੀ ਹੈ, ਵਿਦੇਸੀ ਵਪਾਰ ਨੂੰ ਸੰਤੁਲਿਤ ਰੱਖਣ ਲਈ ਇਹ 'ਚਿਮਨੀ ਰਹਿਤ ਸੱਨਅਤ' ਵੱਡਾ ਯੋਗਦਾਨ ਪਾਉਂਦੀ ਹੈ।

ਕਈ ਦਹਾਕਿਆਂ ਤੋਂ ਸੈਰ-ਸਪਾਟਾ ਸੱਨਅਤ ਦਾ ਵਿਕਾਸ ਵਿਸ਼ਵ ਭਰ ਦੇ ਆਰਥਿਕ ਵਿਕਾਸ ਵਿੱਚ ਵੱਡਾ ਯੋਗਦਾਨ ਪਾਉਂਦਾ ਆ ਰਿਹਾ ਹੈ। ਇਸ ਸੱਨਅਤ ਨੇ ਵੱਡੇ ਤੇ ਛੋਟੇ ਭਾਈਚਾਰਿਆਂ ਲਈ ਕਈ ਰੁਜ਼ਗਾਰ ਦੇ ਮੌਕੇ ਪੈਦਾ ਕੀਤੇ ਹਨ, ਕਈ ਥਾਂਵਾਂ 'ਤੇ ਇਹ ਮੁੱਖ ਸੱਨਅਤ ਵਜੋਂ ; ਵੀ ਸਥਾਪਤ ਹੋ ਚੁਕੀ ਹੈ। ਕਈ ਭਾਈਚਾਰਿਆਂ ਵਿੱਚ ਇਹ ਸੱਨਅਤ ਆਰਥਿਕ ਗਤੀਵਿਧੀਆਂ 'ਤੇ ਹਾਵੀ ਵੀ ਵੇਖੀ ਗਈ ਹੈ।

ਇਹ ਅਖਾਣ 'ਅਤਿਥੀ ਦੇਵ ਭਾਵ' ਜਿਸ ਦਾ ਅਰਥ ਹੈ 'ਮਹਿਮਾਨ ਦੇਵਤਿਆਂ ਵਾਂਗ ਹੁੰਦਾ ਹੈ' ਤੋਂ ਇਹ ਭਲੀ ਭਾਂਤ ਸਪਸ਼ਟ ਹੋ ਜਾਂਦਾ ਹੈ ਕਿ ਭਾਰਤੀਆਂ ਵਿੱਚ ਪ੍ਰਾਹੁਣਚਾਰੀ ਦਾ ਵੱਡਾ ਗੁਣ ਹੈ 'ਤੇ ਉਹਨਾਂ ਦਾ ਇਹ ਸੁਭਾਅ ਆਧੁਨਿਕ ਭਾਰਤ ਵਿੱਚ ਵੀ ਕਾਇਮ ਹੈ। ਪ੍ਰਾਹੁਣੇ (ਮਹਿਮਾਨ) ਨੂੰ ਭਾਰਤੀ ਲੋਕ ਬੇਹੱਦ

ਸਤਿਕਾਰ ਦਿੰਦੇ ਹਨ। ਜੋ ਮਹਿਮਾਨ ਠਹਿਰਨ ਲਈ ਆ ਜਾਵੇ ਉਸ ਲਈ ਵਿਸ਼ੇਸ਼ ਪ੍ਰਬੰਧ ਕੀਤੇ ਜਾਂਦੇ ਹਨ। ਮਹਿਮਾਨ ਦੇ ਠਹਿਰਨ ਦੌਰਾਨ ਉਸ ਦੇ ਆਰਾਮ ਦਾ ਪੂਰਾ ਖਿਆਲ ਰੱਖਿਆ ਜਾਂਦਾ ਹੈ। ਉਸ ਦਾ ਖਾਣਾ ਵਧੀਆ ਕਰਾਕਰੀ ਜਾਂ ਭਾਂਡਿਆਂ ਵਿੱਚ ਪਰੋਸਿਆ ਜਾਂਦਾ ਹੈ, ਬਿਸਤਰੇ ‘ਤੇ ਵਧੀਆਂ ਚਾਦਰਾਂ ਵਿਛਾਈਆਂ ਜਾਂਦੀਆਂ ਹਨ। ਇਸੇ ਤਸਵੀਰ ਨੂੰ ਜੇ ਵਧਾ ਕੇ ਵੇਖਿਆ ਜਾਵੇ ਤਾਂ ਪਤਾ ਲੱਗਦਾ ਹੈ ਕਿ ਸੈਰ-ਸਪਾਟੇ ਲਈ ਭਾਰਤ ਆਉਣ ਵਾਲੇ ਸੈਲਾਨੀ ਭਾਰਤ ਨੂੰ ਰਹੱਸਮਈ ਦੇਸ਼ ਸਮਝਦੇ ਹਨ। ਉਹ ਪੇਂਡੂ ਲੋਕਾਂ ਨੂੰ ਰੱਸੀ ਆਦਿ ’ਤੇ ਤੁਰਦੇ, ਰੋਟੀ ਤੇ ਮੱਖਣ ਰੱਖ ਕੇ ਖਾਂਦੇ, ਸੂਰਜ ਛਿਪਣ ‘ਤੇ ਲੋਕ ਨਾਚਾਂ ‘ਚ ਹਿੱਸਾ ਲੈਂਦਿਆਂ ਵੇਖਕੇ ਬਹੁਤ ਖੁਸ਼ ਹੁੰਦੇ ਹਨ। ਵਿਦੇਸ਼ੀ ਭਾਰਤ ਨੂੰ ਇਸ ਲਈ ਪਿਆਰ ਕਰਦੇ ਹਨ ਕਿਉਂਕਿ ਇਹ ਕਲਾ, ਸਭਿਆਚਾਰ ਨ੍ਰਿੱਤ, ਤੇ ਡਰਾਮੇ ਦਾ ਭੰਡਾਰ ਹੈ। ਇਥੇ ਕੱਪੜਿਆਂ ‘ਤੇ ਨਸਲੀ ਸਭਿਆਚਾਰ ਦੀ ਕਲਾ ਵੇਖਕੇ, ਛੋਟੇ ਗਹਿਣੇ ਤੇ ਗੰਭੀਰ ਦਸਤਕਾਰੀ ਵਸਤਾਂ ਵੱਲ ਆਕਰਸ਼ਿਤ ਹੋ ਜਾਂਦੇ ਹਨ। ਜ਼ਿੰਮੇਵਾਰ ਸੈਰ-ਸਪਾਟਾ ਦੇ ਸਹੀ ਸੰਕਲਪ ਨੂੰ ਸੈਲਾਨੀਆਂ ਤਕ ਪਹੁੰਚਾਉਂਦਾ ਹੈ। ਸੈਲਾਨੀਆਂ ਨੂੰ ਸਰਕਾਰੀ ਜਾਂ ਗੈਰ ਸਰਕਾਰੀ ਹੋਟਲਾਂ ‘ਚ ਠਹਿਰਾ ਕੇ ਉਹਨਾ ਦੀ ਆਓ ਭਗਤ ਕੀਤੀ ਜਾਂਦੀ ਹੈ। ਇਸ ਤਰ੍ਹਾਂ ਸੈਰ-ਸਪਾਟੇ ਦਾ ਅਸਲ ਮੰਤਵ ਪੂਰਾ ਹੋ ਜਾਂਦਾ ਹੈ ਕਿਉਂਕਿ ਸੈਲਾਨੀ ਸਾਡੀ ਪ੍ਰਾਹੁਣਚਾਰੀ ਤੇ ਸੱਭਿਆਚਾਰ ਦੀ ਤਸਵੀਰ ਆਪਣੇ ਮਨ ‘ਚ ਬਣਾ ਕੇ ਲੈ ਜਾਂਦਾ ਹੈ। ਸਾਡੀ ਮਿਲਨਸਾਰਤਾ ਤੇ ਵਰਤਾਓ ਜੋ ਸਾਡੇ ਅੰਤਰਮਨ ‘ਚੋਂ ਨਿਕਲਿਆ ਹੁੰਦਾ ਹੈ ਸੈਲਾਨੀਆਂ ਨੂੰ ਪ੍ਰਭਾਵਿਤ ਕਰਦਾ ਹੈ।

ਜਿਥੋਂ ਤੱਕ ਆਰਥਿਕ ਖੇਤਰ ਦਾ ਪ੍ਰਸ਼ਨ ਹੈ, ਸੈਰ-ਸਪਾਟਾ ਨਾਲ਼ ਦੇਸ਼ ਨੂੰ ਵਿਦੇਸ਼ੀ ਮੁਦਰਾ ਵੀ ਮਿਲਦੀ ਹੈ। ਕਈ ਸੈਰ-ਸਪਾਟਾ ਥਾਵਾਂ ਤਾਂ ਸਾਰਾ ਸਾਲ ਹੀ ਚੰਗੀ ਕਮਾਈ ਕਰਦੀਆਂ ਰਹਿੰਦੀਆਂ ਹਨ ਤੇ ਵਿਸ਼ੇਸ਼ ਸੀਜ਼ਨ ਵਿੱਚ ਤਾਂ ਉਹਨਾਂ ਦੀ ਕਾਰਗੁਜ਼ਾਰੀ ਹੋਰ ਵੀ ਬਿਹਤਰ ਹੋ ਜਾਂਦੀ ਹੈ। ਕਿਉਂਕਿ ਦੇਸੀ ਜਾਂ ਵਿਦੇਸੀ ਸੈਲਾਨੀ ਛੁੱਟੀਆਂ ਕਟਣ ਜਾਂ ਸੈਰ-ਸਪਾਟੇ ਲਈ ਉਹਨਾਂ ਥਾਂਵਾਂ ਤੇ ਆਉਂਦੇ ਹੀ ਰਹਿੰਦੇ ਹਨ।

ਹਰੇਕ ਸੈਲਾਨੀ ਚਾਹੁੰਦਾ ਹੈ ਕਿ ਉਸ ਦੀ ਸੈਰ ਸਮੱਸਿਆ ਰਹਿਤ ਹੋਵੇ। ਸੂਚਨਾ ਤੇ ਤਕਨਾਲੋਜੀ ਸਹੂਲਤਾਂ ਬਿਹਤਰ ਬਣਾਉਣ ਨਾਲ਼ ਸੈਲਾਨੀਆਂ ਦੀ ਠਹਿਰ ਵੱਧ ਆਰਾਮਦਾਇਕ ਹੋ ਗਈ ਹੈ। ਟੈਕਸੀ ਕੈਬਾਂ, ਅਨੁਵਾਦਤ ਪੁਸਤਕਾਂ ਅਤੇ ਗਾਈਡਾਂ ਨੇ ਉਹਨਾਂ ਦੀ ਸੈਰ ਨੂੰ ਹੋਰ ਵੀ ਦਿਲਚਸਪ ਬਣਾ ਦਿਤਾ ਹੈ। ਇਹਨਾਂ ਸਥਾਨਾਂ 'ਤੇ ਸਿਹਤਦਾਇਕ ਕੰਡੀਸ਼ਨਾ ਵਿੱਚ ਸੁਧਾਰ ਹੋਣ ਦੇ ਨਾਲ਼-ਨਾਲ਼ ਹੋਟਲਾਂ ਤੇ ਸੈਰ-ਸਪਾਟਾ ਥਾਂਵਾਂ ਦਾ ਰੱਖ-ਰਖਾਅ ਵੀ ਸੁਧਾਰ ਰਿਹਾ ਹੈ। ਸੈਰ-ਸਪਾਟਾ ਮੰਤਰਾਲੇ ਵਲੋਂ ਦੇਸ਼ ਵਿੱਚ ਸੈਰ-ਸਪਾਟੇ ਨੂੰ ਹੋਰ ਬਿਹਤਰ ਬਣਾਉਣ ਲਈ ਉਪਰਾਲੇ ਜਾਰੀ ਹਨ। ਇਹ ਬਹੁਤ ਜ਼ਰੂਰੀ ਹੈ ਕਿ ਇਨ੍ਹਾਂ ਥਾਵਾਂ ਤੇ ਠਹਿਰਨ ਦੌਰਾਨ ਸੈਲਾਨੀ ਪੂਰਾ ਆਨੰਦ ਲਵੇ ਜਿਸ ਲਈ ਸੜਕੀ ਟਰਾਂਸਪੋਰਟ, ਗਾਈਡ ਤੇ ਚੰਗੇ ਹੋਟਲਾਂ ਦਾ ਹੋਣਾ ਬਹੁਤ ਜਰੂਰੀ ਹੈ। ਬਹੁਤ ਸਾਰੇ ਹੋਟਲਾਂ ਤੇ ਰੈਸਟੋਰੈਟਾਂ ਵਿਚ ਵਿਦੇਸ਼ੀ ਤੇ ਦੇਸੀ ਸੈਲਾਨੀਆਂ ਦੀ ਪਸੰਦ ਮੁਤਾਬਕ ਕਈ ਕਈ ਰਸੋਈਆਂ ਬਣਾਈਆਂ ਗਈਆਂ ਹਨ। ਟੂਰ ਆਪਰੇਟਰ ਟੂਰ ਯੋਜਨਾਵਾਂ ਲਈ ਵਧੇਰੇ ਚਿੰਤਤ ਰਹਿਣ ਲੱਗੇ ਹਨ। ਮੌਸਮੀ ਹਾਲਤਾਂ ਅਤੇ ਲੋੜੀਂਦੇ ਕੱਪੜਿਆਂ ਬਾਰੇ ਪੂਰੀ ਜਾਣਕਾਰੀ ਦਿੱਤੀ ਜਾਂਦੀ ਹੈ। ਇਸ ਪ੍ਰਕਾਰ ਸੈਰ-ਸਪਾਟਾ ਤੇ ਯਾਤਰਾ ਸੱਨਅਤ ਵਿਚ ਬਹੁ-ਪੱਖੀ ਤਬਦੀਲੀਆਂ ਕੀਤੀਆਂ ਗਈਆਂ ਹਨ। ਸੈਰ-ਸਪਾਟਾ ਥਾਂਵਾਂ ਦੀਆਂ ਲੋੜਾਂ ਘਟਣ ਨਾਲ ਇਹ ਮੰਗ ਸ਼ੁਰੂ ਹੋ ਗਈ ਹੈ ਕਿ ਸੈਰ-ਸਪਾਟਾ ਪ੍ਰਬੰਧਕ ਲਈ ਹੁਨਰਮੰਦ ਕਾਮੇ ਲੱਭੇ ਜਾਣ।

ਇਸ ਯੂਨਿਟ ਦਾ ਮਹੱਤਵ ਹੈ ਸੈਰ-ਸਪਾਟਾ ਸਨਅਤ ਦੀਆਂ ਲੋੜਾਂ ਦੀ ਪਛਾਣ ਕਰਨਾ। ਇਹ ਜਾਣਨਾ ਕਿ ਸੈਰ-ਸਪਾਟਾ ਸੱਨਅਤ ਵਿੱਚ ਜਾਣਕਾਰੀ ਦੇਣ ਦੇ ਕੀ ਕੀ ਸਾਧਨ ਹਨ ਅਤੇ ਟੂਰ ਏਜੰਸੀਆਂ ਦੀ ਸੈਰ-ਸਪਾਟਾ ਵਿਕਾਸ 'ਚ ਕੀ ਭੂਮਿਕਾ ਹੈ ?

## 2. ਯੂਨਿਟ ਦੇ ਮੰਤਵ -:

ਪਿਆਰੇ ਵਿਦਿਆਰਥੀਓ, ਇਸ ਯੂਨਿਟ ਨੂੰ ਪੜ੍ਹ ਕੇ ਤੁਸੀਂ ਇਸ ਯੋਗ ਹੋ ਗਏ ਹੋ ਕਿ :

- ਉਹਨਾਂ ਕਾਰਨਾ 'ਤੇ ਉਂਗਲ਼ ਰੱਖਣਾ ਜਿਨ੍ਹਾਂ ਕਾਰਨ ਸਾਨੂੰ ਸੈਰ-ਸਪਾਟੇ ਦੀ ਲੋੜ ਪੈਂਦੀ ਹੈ।
- ਸੈਰ-ਸਪਾਟਾ ਸਾਧਨਾ ਦਾ ਅਧਿਐਨ
  - ਸੈਰ-ਸਪਾਟਾ ਜਾਣਕਾਰੀ ਦੇ ਸਾਧਨਾ ਦੀ ਪਛਾਣ ਕਰਨਾ।
  - ਕੁਝ ਸੈਰ-ਸਪਾਟਾ ਸੰਸਥਾਵਾਂ ਜਿਵੇਂ ਐਮ. ਓ. ਟੀ., ਐਸ. ਟੀ. ਡੀ. ਸੀ ਤੇ ਯੂ. ਐਨ. ਡਬਲਯੂ. ਟੀ. ਓ. ਦੇ ਯੋਗਦਾਨ ਦੀ ਪਛਾਣ ਕਰਨਾ।

## 3. ਸੈਰ-ਸਪਾਟਾ ਕੀ ਹੈ?

ਸੈਰ-ਸਪਾਟਾ ਸੈਰ ਦੀ ਉਹ ਗਤੀਵਿਧੀ ਹੈ ਜੋ ਥੋੜ੍ਹੇ ਸਮੇਂ ਲਈ ਹੁੰਦੀ ਹੈ ; 24 ਘੰਟਿਆਂ ਤੋਂ ਵੱਧ ਤੇ ਇੱਕ ਸਾਲ ਤੋਂ ਘੱਟ ਤੇ ਇਹ ਲਾਭ ਕਮਾਉਣ ਲਈ ਨਹੀਂ ਹੁੰਦੀ। ਯੂ. ਐਨ. ਡਬਲਯੂ. ਟੀ. ਓ. ਦੀ ਪਰਿਭਾਸ਼ਾ ਅਨੁਸਾਰ ਸੈਰ-ਸਪਾਟੇ ਨੂੰ ਹੇਠ ਲਿਖੇ ਅਨੁਸਾਰ ਵਰਗੀਕ੍ਰਿਤ ਕੀਤਾ ਜਾ ਸਕਦਾ ਹੈ :-

**ਦੇਸੀ ਸੈਰ-ਸਪਾਟਾ :** ਦੇਸੀ ਸੈਰ-ਸਪਾਟੇ ਵਿੱਚ ਸਥਾਨਕ ਲੋਕਾਂ ਵੱਲੋਂ ਦੇਸ ਦੇ ਅੰਦਰ-ਅੰਦਰ ਦੇ ਟੂਰ ਸ਼ਾਮਲ ਕੀਤੇ ਜਾਂਦੇ ਹਨ, ਉਦਾਹਰਨ ਦੇ ਤੌਰ ਤੇ ਅਮਰੀਕਣ ਜੋ ਨਿਊਯਾਰਕ 'ਚ ਰਹਿੰਦਾ ਹੈ ਲਾਸ ਏਂਜਲਸ ਲਈ ਆਪਣੇ ਵਪਾਰਕ ਟੂਰ 'ਤੇ ਜਾਵੇ ਤਾਂ ਇਹ ਦੇਸੀ ਸੈਰ-ਸਪਾਟਾ ਹੋਵੇਗਾ।

**ਕੌਮਾਂਤਰੀ ਸੈਰ-ਸਪਾਟਾ :** ਕੌਮਾਂਤਰੀ ਸੈਰ-ਸਪਾਟੇ ਵਿਚ ਦੋ ਦੇਸਾਂ ਦਰਮਿਆਨ ਕੀਤੇ ਗਏ ਟੂਰ ਆ ਜਾਂਦੇ ਹਨ। ਇੱਕ ਵਿਸ਼ੇਸ਼ ਦੇਸ ਚੋਂ ਵਸਨੀਕਾਂ ਵੱਲੋਂ ਕਿਸੇ ਦੂਸਰੇ ਦੇਸ਼ਾਂ ਦਾ ਕੀਤਾ ਗਿਆ ਟੂਰ ਉਸ ਦੇਸ ਦੇ ਲੋਕਾਂ ਲਈ ਆਊਟ ਬਾਉਂਡ ਸੈਰ-ਸਪਾਟਾ ਹੋਵੇਗਾ - ਕਿਸੇ ਹੋਰ ਦੇਸ ਦੇ ਲੋਕਾਂ ਵੱਲੋਂ ਉਸ ਦੇਸ ਦਾ ਕੀਤਾ ਗਿਆ ਟੂਰ ਵਿਚ ਦੇਸ਼ ਦੇ ਲੋਕਾਂ ਲਈ ਇਨਬਾਊਂਡ ਸੈਰ-ਸਪਾਟਾ ਹੋਵੇਗਾ। ਮਿਸਾਲ ਦੇ ਤੌਰ ਤੇ ਹਾਂਗਕਾਂਗ ਤੇ ਜਪਾਨ ਦਰਮਿਆਨ ਸੈਰ-ਸਪਾਟਾ - ਜੇ ਸ਼ੁਰੂਆਤੀ ਸਥਾਨ ਹਾਂਗਕਾਂਗ ਹੋਵੇ : ਹਾਂਗਕਾਂਗ ਦੇ ਵਸਨੀਕਾਂ ਵਲੋਂ ਜਪਾਨ ਦਾ ਟੂਰ ਹਾਂਗਕਾਂਗ ਲਈ ਆਊਟ ਬਾਊਂਡ ਸੈਰ ਸਪਾਟਾ ਹੋਵੇਗਾ।

ਜਪਾਨੀਆਂ ਵੱਲੋਂ ਹਾਂਗਕਾਂਗ ਦਾ ਕੀਤਾ ਗਿਆ ਟੂਰ ਹਾਂਗਕਾਂਗ ਦੇ ਲੋਕਾਂ ਲਈ ਇਨਬਾਊਂਡ ਸੈਰ-ਸਪਾਟਾ ਹੋਵੇਗਾ। ਇੰਟਰਨੈਸ਼ਨਲ ਸੈਲਾਨੀ ਉਹ ਹੁੰਦੇ ਹਨ ਜੋ ਆਪਣੇ ਦੇਸ ਤੋਂ ਬਿਨਾਂ ਕਿਸੇ ਦੂਸਰੇ ਦੇਸ ਦਾ ਟੂਰ ਕਰਦੇ ਹਨ।

<u>ਸੈਰ-ਸਪਾਟਾ ਕਿਉਂ? :</u> ਸੈਰ-ਸਪਾਟਾ ਕਈ ਦਹਾਕਿਆਂ ਤੋਂ ਲਗਾਤਾਰ ਵਿਕਾਸ ਕਰਦਾ ਆ ਰਿਹਾ ਹੈ ਤੇ ਇਸ ਦੀਆਂ ਵਿਭਿੰਨਤਾਵਾਂ ਏਨੀਆਂ ਗਹਿਰੀਆਂ ਹੋ ਚੁੱਕੀਆਂ ਹਨ ਕਿ ਇਹ ਵਿਸ਼ਵ ਭਰ ਦਾ ਤੇਜ਼ੀ ਨਾਲ਼ ਵਿਕਸਿਤ ਹੋ ਰਿਹਾ ਆਰਥਿਕ ਖੇਤਰ ਬਣ ਗਿਆ ਹੈ। ਆਧੁਨਿਕ ਸੈਰ- ਸਪਾਟਾ ਵਿਕਾਸ ਦੇ ਨਾਲ਼ ਬਹੁਤ ਨੇੜਿਓ ਜੁੜਿਆ ਹੋਇਆ ਹੈ ਅਤੇ ਅੱਜ-ਕੱਲ੍ਹ ਨਵੇਂ-ਨਵੇਂ ਸੈਰ-ਸਪਾਟਾ ਸਥਾਨ ਬਣ ਰਹੇ ਹਨ। ਇਸ ਗਤੀਸ਼ੀਲਤਾ ਨਾਲ਼ ਸੈਰ-ਸਪਾਟਾ ਸਮਾਜਕ ਆਰਥਿਕ ਪ੍ਰਗਤੀ ਦਾ ਮੁੱਖ ਨਿਰਧਾਰਕ ਬਣ ਗਿਆ ਹੈ।

ਅੱਜ ਇਸ ਦਾ ਵਪਾਰਿਕ ਕਾਰੋਬਾਰ ਤੇਲ, ਖ਼ੁਰਾਕੀ-ਵਸਤਾਂ ਜਾਂ ਆਟੋਮੋਬਾਈਲ ਦੀਆਂ ਦਰਾਮਦਾ ਦੇ ਬਰਾਬਰ , ਸਗੋਂ ਉਸ ਤੋਂ ਵੀ ਵੱਧ ਹੋ ਗਿਆ ਹੈ। ਕੌਮਾਂਤਰੀ ਵਪਾਰ ਵਿੱਚ ਸੈਰ-ਸਪਾਟਾ ਮੁੱਖ ਖਿਡਾਰੀ ਬਣ ਗਿਆ ਹੈ ਅਤੇ ਕਈ ਵਿਕਾਸਸ਼ੀਲ ਦੇਸਾਂ ਲਈ ਤਾਂ ਇਹ ਆਮਦਨ ਦਾ ਮੁੱਖ ਸਾਧਨ ਵੀ ਬਣ ਚੁੱਕਾ ਹੈ। ਸੈਰ-ਸਪਾਟਾ ਦੀਆਂ ਥਾਂਵਾਂ ਦਰਮਿਆਨ ਮੁਕਾਬਲੇ ਦੀ ਰੁਚੀ ਆਉਣ ਨਾਲ ਇਸ ਵਿੱਚ ਵਿਭਿੰਨਤਾਵਾਂ ਵੀ ਵਧੀਆਂ ਹਨ। ਸੈਰ ਸਪਾਟੇ ਦੇ ਆਲਮੀ ਪੱਧਰ 'ਤੇ ਫੈਲਾਓ ਨਾਲ਼ ਹੋਰ ਸੰਬੰਧਿਤ ਖੇਤਰਾਂ ਉਸਾਰੀ ਤੋਂ ਖੇਤੀਬਾੜੀ ਜਾਂ ਦੂਰ ਸੰਚਾਰ ਆਦਿ ਵਿੱਚ ਰੁਜ਼ਗਾਰ ਮੌਕੇ ਵੀ ਵਧੇ ਹਨ। ਉੱਪਰ ਪੁਛੇ ਸੁਆਲ ਦਾ ਜੁਆਬ ਸੈਰ-ਸਪਾਟੇ ਦੇ ਨਿਮਨਲਿਖਿਤ ਪ੍ਰਭਾਵਾਂ ਤੋਂ ਅਵੱਸ਼ ਮਿਲ਼ ਜਾਵੇਗਾ।

### 4. **ਆਮ ਪ੍ਰਭਾਵ -:**

- ✫ <u>ਆਮਦਨ ਵਧਾਉਣਾ ਤੇ ਰੁਜ਼ਗਾਰ ਪੈਦਾ ਕਰਨਾ :</u> ਭਾਰਤ ਵਿਚ ਸੈਰ-ਸਪਾਟਾ ਆਮਦਨ

ਵਧਾਉਣ, ਰੁਜ਼ਗਾਰ ਮੌਕੇ ਪੈਦਾ ਕਰਨ, ਗਰੀਬੀ ਖ਼ਤਮ ਕਰਨ ਤੇ ਮਾਨਵੀ ਵਿਕਾਸ ਕਰਨ ਦਾ ਵੱਡਾ ਸਾਧਨ ਬਣ ਗਿਆ ਹੈ। ਇਹ ਕੁੱਲ ਘਰੇਲੂ ਉਤਪਾਦ ਵਿੱਚ 6.23% ਅਤੇ ਰੁਜ਼ਗਾਰ ਮੌਕੇ ਪੈਦਾ ਕਰਨ ਵਿੱਚ ਕੁੱਲ ਰੁਜ਼ਗਾਰ ਮੌਕਿਆਂ ਦਾ 8.78% ਹਿੱਸਾ ਪਾਉਂਦਾ ਹੈ। ਲਗਪਗ 20 ਮਿਲੀਅਨ ਲੋਕ ਦੇਸ ਵਿਚਲੀ ਸੈਰ-ਸਪਾਟਾ ਸੱਨਅਤ ਵਿੱਚ ਕੰਮ ਰਹੇ ਹਨ।

- ✲ **ਵਿਦੇਸ਼ੀ ਮੁਦਰਾ ਕਮਾਉਣ ਦਾ ਸਾਧਨ :** ਸੈਰ-ਸਪਾਟਾ ਵਿਦੇਸ਼ੀ ਮੁਦਰਾ ਕਮਾਉਣ ਦਾ ਵੀ ਮਹੱਤਵਪੂਰਨ ਸਾਧਨ ਹੈ। ਇਸ ਦਾ ਦੇਸ ਦੇ ਬੇਲੈਂਸ ਆਫ ਪੇਮੈਂਟ 'ਤੇ ਹਾਂ ਪੱਖੀ ਅਸਰ ਪਿਆ ਹੈ। ਦੇਸ ਵਿਚਲੀ ਸੈਰ-ਸਪਾਟਾ ਸੱਨਅਤ ਨੇ 2008 ਵਿੱਚ 100 ਬਿਲੀਅਨ ਅਮਰੀਕੀ ਡਾਲਰ ਦੀ ਵਿਦੇਸ਼ੀ ਮੁਦਰਾ ਕਮਾਈ ਸੀ 2018 ਤੱਕ ਇਸ ਦੇ ਵਧ ਕੇ 275.5 ਬਿਲੀਅਨ ਹੋਣ ਦੀ ਆਸ ਹੈ। ਇਸ ਪ੍ਰਕਾਰ ਇਸ ਦੀ ਵਿਕਾਸ ਦਰ 9.4% ਹੋਵੇਗੀ।
- ✲ **ਕੌਮੀ ਵਿਰਾਸਤ ਅਤੇ ਵਾਤਾਵਰਨ ਦੀ ਸੰਭਾਲ਼ :** ਸੈਰ-ਸਪਾਟੇ ਨਾਲ਼ ਵਿਰਾਸਤੀ ਥਾਂਵਾਂ ਐਲਾਨੀਆਂ ਕਈ ਇਤਿਹਾਸਿਕ ਇਮਾਰਤਾਂ ਦੀ ਸਾਂਭ-ਸੰਭਾਲ਼ ਸੰਭਵ ਹੋਈ ਹੈ ਮਿਸਾਲ ਦੇ ਤੌਰ ਤੇ ਜੇਕਰ ਤਾਜਮਹਲ, ਕੁਤਬ ਮਿਨਾਰ ਅਤੇ ਐਲੋਰਾ ਮੰਦਰਾਂ ਆਦਿ ਨੂੰ ਸੈਰ ਸਪਾਟਾ ਵਿਭਾਗ ਵਲੋਂ ਸਾਂਭ-ਸੰਭਾਲ਼ ਲਈ ਨਾ ਅਪਨਾਇਆ ਜਾਂਦਾ ਤਾਂ ਇਹ ਲਗ-ਪਗ ਖਤਮ ਹੀ ਹੋ ਜਾਂਦੇ । ਇਸੇ ਤਰ੍ਹਾਂ ਸੈਰ-ਸਪਾਟਾ ਕਈ ਖ਼ਤਮ ਹੋ ਰਹੀਆਂ ਪ੍ਰਾਣੀ ਵੰਨਗੀਆਂ ਦੀਆਂ ਰੱਖਾਂ ਨੂੰ ਸੰਭਾਲ਼ਨ ਵਿੱਚ ਵੀ ਮਦਦ ਕਰਦਾ ਹੈ।
- ✲ **ਬੁਨਿਆਦੀ ਢਾਂਚੇ ਦਾ ਵਿਕਾਸ :** ਸੈਰ-ਸਪਾਟਾ ਬਹੁ-ਪੱਖੀ ਵਰਤੋਂ ਵਾਲੇ ਬੁਨਿਆਦੀ ਢਾਂਚੇ ਦਾ ਵਿਕਾਸ ਕਰਨ ਵਿੱਚ ਵੀ ਮਦਦ ਕਰਦਾ ਹੈ ਕਿ ਜਿਸ ਨਾਲ਼ ਮਹਿਮਾਨ ਨਿਵਾਜ਼ ਭਾਈਚਾਰੇ ਨੂੰ ਲਾਭ ਪੁੱਜਦਾ ਹੈ ਜਿਵੇਂ ਕਿ ਟਰਾਂਸਪੋਰਟ ਦੇ ਸਾਧਨਾ ਦਾ ਵਿਕਾਸ, ਸਿਹਤ

ਸੰਭਾਲ਼ ਸਹੂਲਤਾਂ ਦਾ ਵਿਕਾਸ, ਖੇਡ ਕੇਂਦਰਾਂ ਦਾ ਵਿਕਾਸ, ਇਸ ਤੋਂ ਇਲਾਵਾ ਹੋਟਲਾਂ ਤੇ ਉੱਚ ਪਾਏ ਦੇ ਰੈਸਟੋਰੇਟਾਂ ਦਾ ਵਿਕਾਸ ਜੋ ਕਿ ਵਿਦੇਸ਼ੀ ਸੈਲਾਨੀਆਂ ਨੂੰ ਮਹਿਮਾਨ ਨਿਵਾਜੀ ਨਾਲ ਨਿਵਾਜ ਦੇ ਹਨ।

✲ **ਅਮਨ ਤੇ ਸਥਿਰਤਾ ਨੂੰ ਵਧਾਉਣਾ :** ਹਨੀ ਤੇ ਗਿਲਪਿਨ (2009) ਦਾ ਕਥਨ ਹੈ ਕਿ ਸੈਰ-ਸਪਾਟਾ ਭਾਰਤ ਵਰਗੇ ਕਿਸੇ ਵਿਕਾਸਸ਼ੀਲ ਦੇਸ਼ ਵਿੱਚ ਅਮਨ ਤੇ ਭਾਈਚਾਰੇ ਨੂੰ ਵੀ ਵਧਾਉਂਦਾ ਹੈ। ਕਿਉਂਕਿ ਇਸ ਦੀ ਮਦਦ ਨਾਲ਼ ਕਈ ਰੁਜ਼ਗਾਰ ਮੌਕੇ ਪੈਦਾ ਹੁੰਦੇ ਹਨ, ਆਮਦਨ ਵੀ ਵਧਦੀ ਹੈ, ਆਰਥਿਕਤਾ ਵਿੱਚ ਵੰਨ - ਸੁਵੰਨਤਾ ਆਉਂਦੀ ਹੈ, ਵਾਤਾਵਰਨ ਨੂੰ ਸੁਰੱਖਿਆ ਮਿਲ਼ਦੀ ਹੈ ਅਤੇ ਅੰਤਰ - ਸੱਭਿਆਚਾਰਿਕ ਜਾਗ੍ਰਿਤੀ ਉਤਪੰਨ ਹੁੰਦੀ ਹੈ। ਫਿਰ ਵੀ ਕਈ ਚੁਣੋਤੀਆਂ ਹਨ ਜਿਨ੍ਹਾਂ ਨਾਲ਼ ਨਜਿੱਠਣਾ ਜ਼ਰੂਰੀ ਹੈ ਇਹ ਚੁਣੌਤੀਆਂ ਹਨ, ਨਿਯਮਾਂ ਨੂੰ ਸਹੀ ਢੰਗ ਨਾਲ ਲਾਗੂ ਕਰਨਾ, ਅਪਰਾਧਾਂ ਤੇ ਭ੍ਰਿਸਟਾਚਾਰ ਨੂੰ ਖਤਮ ਕਰਨ ਲਈ ਢਾਂਚਾ-ਗਤ ਪ੍ਰਬੰਧ ਕਰਨਾ ਆਦਿ। ਜੇਕਰ ਅਸੀਂ ਅਮਨ ਵਧਾਉਣ ਦੇ ਸਹੀ ਲਾਭ ਲੈਣੇ ਹਨ ਤਾਂ ਸਾਨੂੰ ਉਕਤ ਯਤਨ ਕਰਨੇ ਹੀ ਪੈਣੇ ਹਨ।

## 5. ਸੈਰ-ਸਪਾਟੇ ਦੇ ਪ੍ਰਭਾਵਾਂ ਦਾ ਵਰਗੀਕਰਣ -:

1. ਆਰਥਿਕ
2. ਵਾਤਾਵਰਨਿਕ
3. ਸਮਾਜਕ ਤੇ ਸੱਭਿਆਚਾਰਿਕ
4. ਸੇਵਾਵਾਂ
5. ਟੈਕਸ ਆਦਿ

## 6. ਭਾਈਚਾਰਕ ਵਿਹਾਰ -:

ਸੈਰ ਸਪਾਟੇ ਦੇ ਵਿਕਾਸ ਨੂੰ ਸਮਝਣ ਨਾਲ ਕਈ ਨੁਕਤੇ ਸਾਹਮਣੇ ਆਉਂਦੇ ਹਨ ਕਈ ਪ੍ਰਭਾਵ ਦ੍ਰਿਸ਼ਟੀ ਗੋਚਰ ਹੁੰਦੇ ਹਨ ਜਿਨ੍ਹਾਂ ਦਾ ਅੰਤਿਮ ਸਿੱਟਾ ਇਹੋ ਨਿਕਲ਼ਦਾ ਹੈ ਕਿ ਸੈਰ-ਸਪਾਟਾ ਸੱਨਅਤ ਦੇ ਸਥਾਨਕ ਚੁਣੇ ਹੋਏ ਅਧਿਕਾਰੀ ਅਤੇ ਭਾਈਚਾਰੇ ਦੇ ਲੋਕਾਂ ਨੂੰ ਰਲ਼ ਮਿਲ਼ ਕੇ ਇਸ ਸੱਨਅਤ ਦੇ ਵਿਕਾਸ ਲਈ ਹਮਲਾ ਕਰਨਾ ਚਾਹੀਦਾ ਹੈ। ਯੋਜਨਾਕਾਰੀ ਨਾਲ ਭਾਈਚਾਰਿਕ ਜੀਵਨ ਦੇ ਹੋਰ ਪੱਖਾਂ ਤੇ ਪੈਣ ਵਾਲੇ ਵਿਘਨ ਨੂੰ ਰੋਕ ਕੇ ਘੱਟ ਖਰਚੀਲਾ ਬਣਾਇਆ ਜਾ ਸਕਦਾ ਹੈ, ਭਾਈਚਾਰੇ ਦੇ ਲੋਕਾਂ ਦੀ ਸਮੂਲੀਅਤ ਤੋਂ ਵੱਖ-ਵੱਖ ਸੰਦਰਭਾਂ ਸੰਬੰਧੀ ਯੋਜਨਾਕਾਰੀ ਕੁੱਝ ਚਿੰਤਾਵਾਂ ਨੂੰ ਪਛਾਣਨ ਤੇ ਦੂਰ ਕਰਨ 'ਚ ਮਦਦ ਕਰ ਸਕਦੀ ਹੈ ਜੋ ਚਿੰਤਾਵਾਂ ਕਈ ਵਾਰ ਭਵਿਖ 'ਚ ਸਮੱਸਿਆਵਾਂ ਬਣਨ ਦਾ ਖ਼ਤਰਾ ਹੁੰਦੀਆਂ ਹਨ।

### ਆਰਥਿਕ ਪ੍ਰਭਾਵ -:

ਸੈਰ ਸਪਾਟਾ ਰੁਜ਼ਗਾਰ ਮੌਕੇ ਪੈਦਾ ਕਰਦਾ ਹੈ, ਘੱਟ ਤਨਖਾਹ ਵਾਲੇ ਦਾਖਲਾ ਪੱਧਰ ਤੋਂ ਲੈ ਕੇ ਉੱਚ ਪੱਧਰ ਦੀ ਤਨਖਾਹ ਵਾਲ਼ੇ ਪੇਸ਼ਾਵਰਾਨਾ ਤੱਕ ਮੈਨੇਜਮੈਂਟ ਤੇ ਤਕਨੀਕੀ ਖੇਤਰਾਂ 'ਚ ਰੁਜ਼ਗਾਰ ਮੌਕੇ ਪੈਦਾ ਹੁੰਦੇ ਹਨ। ਇਸ ਨਾਲ਼ ਲੋਕਾਂ ਦੀ ਆਮਦਨ ਵੀ ਵਧਦੀ ਹੈ ਤੇ ਜੀਵਨ ਢੰਗ ਦਾ ਪੱਧਰ ਵੀ ਉੱਚਾ ਹੁੰਦਾ ਹੈ। ਵਿਸ਼ੇਸ਼ ਤੌਰ 'ਤੇ ਪੇਂਡੂ ਖੇਤਰਾਂ ਵਿਚ, ਪੈਦਾ ਹੋਣ ਵਾਲੀਆਂ ਵਿਭਿੰਨਤਾਵਾਂ ਨਾਲ਼ ਦਿਹਾਤੀ ਭਾਈਚਾਰੇ ਨੂੰ ਵੱਡਾ ਫਾਇਦਾ ਹੁੰਦਾ ਹੈ ਜੋ ਕਿ ਪਹਿਲਾਂ ਸਿਰਫ ਇੱਕ ਕਿਸਮ ਦੀ ਸਨਅਤ 'ਤੇ ਹੀ ਨਿਰਭਰ ਹੁੰਦੇ ਸਨ। ਜਿਵੇਂ ਹੀ ਸੈਰ-ਸਪਾਟਾ ਵਿਕਾਸ ਕਰਦਾ ਹੈ, ਨਿਵੇਸ਼, ਵਿਕਾਸ, ਬੁਨਿਆਦੀ ਖ਼ਰਚਿਆਂ ਦੇ ਵਾਧੂ ਮੌਕੇ ਵੀ ਪੈਦਾ ਹੁੰਦੇ ਹਨ।

ਸੈਰ-ਸਪਾਟੇ ਨਾਲ਼ ਜਨਤਕ ਸਹੂਲਤਾਂ ਜਿਵੇਂ ਕਿ ਪਾਣੀ, ਸੀਵਰ, ਸਾਈਡ ਵਾਕ, ਬਿਜਲੀ, ਪਾਰਕਿੰਗ, ਜਨਤਕ ਆਰਾਮ ਘਰ, ਕੂੜਾ ਕਚਰਾ ਸਮੇਟਣ ਪ੍ਰਬੰਧ ਤੇ ਲੈਂਡ ਸਕੇਪਿੰਗ ਵਿਚ ਵੀ ਸੁਧਾਰ

ਹੁੰਦਾ ਹੈ। ਸੈਰ-ਸਪਾਟੇ ਨਾਲ਼ ਟਰਾਂਸਪੋਰਟ ਵਿੱਚ ਵੀ ਸੁਧਾਰ ਹੁੰਦਾ ਹੈ, ਸਿੱਟੇ ਵਜੋਂ ਸੜਕਾਂ ਦੀ ਹਾਲਤ ਸੁਧਾਰੀ ਜਾਂਦੀ ਹੈ, ਹਵਾਈ ਅੱਡੇ ਅੱਪਗਰੇਡ ਕੀਤੇ ਜਾਂਦੇ ਹਨ, ਜਨਤਕ ਟਰਾਂਸਪੋਰਟ ਸੇਵਾ 'ਚ ਸੁਧਾਰ ਕੀਤਾ ਜਾਂਦਾ ਹੈ ਜਿਸ ਦਾ ਸੈਲਾਨੀਆਂ ਤੇ ਆਮ ਲੋਕਾਂ ਨੂੰ ਬਰਾਬਰ ਦਾ ਫਾਇਦਾ ਹੁੰਦਾ ਹੈ। ਗੈਰ ਰਵਾਇਤੀ ਟਰਾਂਸਪੋਰਟ (ਜਿਵੇਂ ਕਿ ਟਰੇਲਜ਼ ਆਦਿ) ਵਿੱਚ ਵੀ ਸੁਧਾਰ ਹੁੰਦਾ ਹੈ। ਸੈਰ-ਸਪਾਟੇ ਨਾਲ ਪ੍ਰਚੂਨ ਦੇ ਖੇਤਰ 'ਚ ਸਿਹਤਮੰਦ ਮੁਕਾਬਲਾਕਾਰੀ ਵਧਦੀ ਹੈ ਕਈ ਨਵੇਂ ਲੋਕ ਇਸ ਖੇਤਰ 'ਚ ਦਾਖਲ ਹੁੰਦੇ ਹਨ। ਇਹ ਅਕਸਰ ਟੈਕਸ ਰੈਵੇਨਿਊ ਵਿਚ ਵਾਧਾ ਕਰਦਾ ਹੈ ; ਲਾਜਿੰਗ ਤੇ ਸੇਲਜ਼ ਟੈਕਸ ਆਮਦਨ ਵਧਦੀ ਹੈ। ਹੋਰ ਵਾਧੂ ਟੈਕਸ ਰੈਵੇਨਿਊ ਜਿਵੇਂ ਕਿ ਹਵਾਈ ਸਫ਼ਰ ਤੇ ਹੋਰ ਟਰਾਂਸਪੋਰਟ ਟੈਕਸ, ਬਿਜ਼ਨਸ ਟੈਕਸ, ਫਿਊਲ ਟੈਕਸ ਤੋਂ ਆਮਦਨ ਵਧਦੀ ਹੈ। ਨਵਾਂ ਰੁਜ਼ਗਾਰ ਪੈਦਾ ਹੋਣ ਨਾਲ਼ ਆਮਦਨ ਕਰ ਰੈਵੇਨਿਊ ਵਧ ਜਾਂਦਾ ਹੈ। ਸੈਰ-ਸਪਾਟੇ ਦੇ ਆਰਥਿਕ ਪ੍ਰਭਾਵਾਂ ਨੂੰ ਵਿਚਾਰਨ ਵੇਲੇ ਇਹ ਸਮਝਣਾ ਵੀ ਜ਼ਰੂਰੀ ਹੈ ਕਿ ਸੈਰ-ਸਪਾਟਾ ਸੱਨਅਤ ਵਿਚ ਘੱਟ ਤਨਖਾਹ ਵਾਲ਼ੇ ਵੀ ਕਾਫ਼ੀ ਰੁਜ਼ਗਾਰ ਮੌਕੇ ਹੁੰਦੇ ਹਨ, ਕਈ ਤਾਂ ਘੱਟੋ ਘੱਟ ਆਮਦਨ ਸੀਮਾਂ ਤੋਂ ਵੀ ਘੱਟ ਵਾਲ਼ੇ ਹੁੰਦੇ ਹਨ, ਇਹ ਨੌਕਰੀਆਂ ਆਮ ਤੌਰ ਤੇ ਸੀਜ਼ਨਲ (ਮੌਸਮੀ) ਹੁੰਦੀਆਂ ਹਨ, ਜਿਸ ਨਾਲ ਆਫ਼ ਸੀਜ਼ਨ ਵਿੱਚ ਘੱਟ ਰੁਜ਼ਗਾਰ ਜਾਂ ਬੇਰੁਜ਼ਗਾਰੀ ਵੇਖੀ ਜਾਂਦੀ ਹੈ। ਇਹ ਲੇਬਰ ਸਥਾਨਕ ਲੋਕਾਂ 'ਚੋਂ ਲੈਣ ਦੀ ਥਾਂ ਬਾਹਰੋਂ ਵੀ ਮੰਗਵਾਈ ਜਾ ਸਕਦੀ ਹੈ ਵਿਸ਼ੇਸ਼ ਤੌਰ ਤੇ ਜੇ ਲੇਬਰ ਵਿੱਚ ਵਿਸ਼ੇਸ਼ ਹੁਨਰਮੰਦਾਂ ਜਾਂ ਨਿਪੁੰਨ ਲੋਕਾਂ ਦੀ ਜ਼ਰੂਰਤ ਹੋਵੇ ਤੇ ਜਾਂ ਜੇ ਇਹ ਲੇਬਰ ਸਥਾਨਕ ਲੋਕਾਂ ਵਿੱਚ ਉਪਲਬਧ ਨਾ ਹੋਵੇ। ਚੀਜ਼ਾਂ ਵਸਤਾਂ, ਸੇਵਾਵਾਂ, ਭੂਮੀ ਤੇ ਰਹਿਣ ਲਈ ਮਕਾਨਾ ਆਦਿ ਦੀ ਮੰਗ ਵਧਣ ਨਾਲ ਇਹਨਾਂ ਦੀਆਂ ਕੀਮਤਾਂ ਵਿਚ ਵਾਧਾ ਹੋ ਸਕਦਾ ਹੁੰਦਾ ਹੈ ਤੇ ਇਸ ਪ੍ਰਕਾਰ ਜੀਵਨ ਢੰਗ ਵੀ ਖ਼ਰਚੀਲਾ ਹੋ ਜਾਂਦਾ ਹੈ। ਸੈਰ-ਸਪਾਟਾ ਵਪਾਰ ਉਹ ਜ਼ਮੀਨ ਲੈ ਸਕਦਾ ਹੈ ਜੋ ਹੋਰ ਕੰਮਾਂ ਲਈ ਉੱਚ ਕੀਮਤ ਵਾਲੀ ਹੋਵੇ। ਇਸ ਤੋਂ ਇਲਾਵਾ ਸੈਰ-ਸਪਾਟਾ ਸਨਅਤ ਦੇ ਵਿਦੇਸ਼ੀ ਮਾਲਕ ਤੇ

ਕਾਰਪੋਰੇਸ਼ਨਾ ਆਪਣੇ ਮੁਨਾਫੇ ਨੂੰ ਇਸ ਭਾਈਚਾਰੇ ਦੀ ਥਾਂ ਆਪਣੇ ਦੇਸ਼ ਵਿੱਚ ਲੈ ਜਾਂਦੇ ਹਨ। ਇਹ ਸਾਡਾ ਭਾਈਚਾਰਾ ਆਪਣੇ ਵੱਲੋਂ ਫੰਡ ਪੈਦਾ ਕਰਦਾ ਹੈ (ਵਿਸ਼ੇਸ਼ ਤੌਰ ਤੇ ਵਧੇ ਹੋਏ ਟੈਕਸਾਂ ਨਾਲ) ਸੜਕਾਂ, ਟਰਾਂਸਪੋਰਟ ਸਿਸਟਮ ਦੀ ਸਾਂਭ ਸੰਭਾਲ਼ ਕਰਦਾ ਹੈ, ਕਿਉਂਕਿ ਇਹ ਸਮਰੱਥਾ ਤੋਂ ਵੱਧ ਵਰਤੇ ਜਾਂਦੇ ਹਨ? ਇਸੇ ਪ੍ਰਕਾਰ ਜੇ ਬੁਨਿਆਦੀ ਸਹੂਲਤਾਂ (ਪਾਣੀ, ਸੀਵਰ, ਬਿਜਲੀ, ਫਿਊਲ, ਮੈਡੀਕਲ) ਵਿੱਚ ਹੋਰ ਵਾਧੇ ਦੀ ਲੋੜ ਪਵੇ, ਹੋਰ ਵਾਧੂ ਟੈਕਸ ਵੀ ਦੇਣੇ ਪੈਂਦੇ ਹਨ।

## ਵਾਤਾਵਰਨ 'ਤੇ ਪ੍ਰਭਾਵ -:

ਉਹ ਖੇਤਰ ਜਿਥੇ ਉੱਚ ਕੀਮਤੀ ਕੁਦਰਤੀ ਸੈਰਗਾਹ ਸਥਾਨ ਹਨ ਜਿਵੇਂ ਕਿ ਸਮੁੰਦਰ, ਝੀਲਾਂ, ਝਰਨੇ, ਪਹਾੜੀਆਂ, ਬੇਮਿਸਾਲ ਬਨਸਪਤੀ ਤੇ ਜੀਵ ਤੇ ਬਹੁਤ ਉੱਚ ਪਾਏ ਦੀ ਦ੍ਰਿਸ਼ ਸੁੰਦਰਤਾ ਸੈਲਾਨੀਆ ਤੇ ਸਥਾਨਕ ਲੋਕਾਂ ਨੂੰ ਆਪਣੇ ਵੱਲ ਖਿਚਦੀ ਹੈ ਅਤੇ ਜੋ ਆਪਣਾ ਭਾਵਨਾਤਮਿਕ ਤੇ ਰੂਹਾਨੀ ਰਿਸ਼ਤਾ ਕੁਦਰਤ ਨਾਲ ਜੋੜਕੇ ਆਨੰਦ ਮਹਿਸੂਸ ਕਰਦੇ ਹਨ। ਇਹ ਲੋਕ ਕਿਉਂਕਿ ਕੁਦਰਤ ਨੂੰ ਮਹੱਤਵ ਦਿੰਦੇ ਹਨ ਕੁਝ ਵਿਸ਼ੇਸ਼ ਕੁਦਰਤੀ ਸਥਾਨਾਂ ਦੇ ਵਾਯੂਮੰਡਲ ਨੂੰ ਸੁਰੱਖਿਅਤ ਰੱਖਦੇ ਹਨ ਤੇ ਇਸ ਦੇ ਵਾਤਾਵਰਨ ਨੂੰ ਹੋਰ ਵਿਗਾੜਨ ਤੋਂ ਬਚਾਉਂਦੇ ਹਨ। ਸੈਲਾਨੀਆਂ ਦੇ ਮਨ ਪਰਚਾਵੇ ਲਈ ਕੁਝ ਜ਼ਮੀਨ ਨੂੰ ਮਨ-ਪ੍ਰਚਾਵਾ ਸਾਧਨਾ SI ਵਿਕਸਿਤ ਕਰਕੇ ਆਮਦਨ ਵਧਾਈ ਜਾ ਸਕਦੀ ਹੈ। ਸੈਲਾਨੀਆਂ ਤੋਂ ਹੋਣ ਵਾਲੀ ਆਮਦਨ ਨਾਲ ਇਤਿਹਾਸਿਕ ਇਮਾਰਤਾਂ ਤੇ ਸਮਾਰਕਾਂ ਦੀ ਮੁਰੰਮਤ ਤੇ ਸਾਂਭ-ਸੰਭਾਲ਼ ਕੀਤੀ ਜਾ ਸਕਦੀ ਹੈ। ਇਹਨਾਂ ਸਥਾਨਾਂ ਤੇ ਸਫਾਈ ਤੇ ਮੁਰੰਮਤ ਤੋਂ ਬਿਨਾਂ ਆਮ ਕਲ਼ਾ ਜਿਵੇਂ ਕਿ ਕੰਧ ਚਿੱਤਰ ਤੇ ਲਿਖਤਾਂ, ਪਾਣੀ ਦੇ ਫੁਹਾਰੇ, ਸਮਾਰਕ ਆਦਿ ਬਣਾਉਣ ਨਾਲ ਸੈਲਾਨੀਆ ਨੂੰ ਖਿੱਚਿਆ ਜਾ ਸਕਦਾ ਹੈ, ਇਸ ਤਰ੍ਹਾਂ ਸਥਾਨਿਕ ਲੋਕਾਂ ਨੂੰ ਵੀ ਇਹਨਾਂ ਵੱਲ ਖਿੱਚਿਆ ਜਾ ਸਕਦਾ ਹੈ। ਸੈਰ-ਸਪਾਟੇ ਨੂੰ ਆਮ ਤੌਰ ਤੇ "ਸਵੱਛ" ਸੱਨਅਤ ਸਮਝਿਆ ਜਾਂਦਾ ਹੈ, ਅਜਿਹੀ ਸੱਨਅਤ ਜੋ ਹੋਟਲਾਂ ਰੈਸਟੋਰੈਂਟਾਂ, ਦੁਕਾਨਾਂ ਤੇ ਹੋਰ

ਖਿਚ ਪਾਊ ਵਸਤਾਂ 'ਤੇ ਆਧਾਰਿਤ ਹੁੰਦੀ ਹੈ।

## ਸਮਾਜਿਕ ਤੇ ਸਭਿਆਚਾਰਿਕ ਪ੍ਰਭਾਵ -:

ਸੈਰ-ਸਪਾਟੇ ਦੇ ਸਮਾਜਿਕ ਤੇ ਸਭਿਆਚਾਰਿਕ ਪੱਖਾਂ ਬਾਰੇ ਵੀ ਵਿਚਾਰਿਆ ਜਾਣਾ ਜ਼ਰੂਰੀ ਹੈ। ਵੱਖ-ਵੱਖ ਭਾਈਚਾਰਿਆਂ ਦੇ ਲੋਕਾਂ ਦਾ ਇਹਨਾਂ ਥਾਵਾਂ ਤੇ ਆਉਣਾ ਸਥਾਨਕ ਭਾਈਚਾਰੇ ਦੇ ਲੋਕਾਂ ਦੇ ਪਰਿਵਾਰਿਕ ਜੀਵਨ ਨੂੰ ਵੀ ਪ੍ਰਭਾਵਿਤ ਕਰਦਾ ਹੈ। ਕੋਈ ਵਿਅਕਤੀ ਜਾਂ ਸਮੁੱਚਾ ਭਾਈਚਾਰਾ ਸੈਲਾਨੀਆ ਨੂੰ ਖ਼ੁਸ਼ ਕਰਨ ਦਾ ਯਤਨ ਕਰਦਾ ਹੈ ਜਾਂ ਸੈਲਾਨੀਆਂ ਦੇ ਵਿਹਾਰ ਨੂੰ ਅਪਨਾ ਲੈਂਦਾ ਹੈ। ਸਥਾਨਿਕ ਲੋਕਾਂ ਤੇ ਸੈਲਾਨੀਆਂ ਵਿੱਚ ਹੋਣ ਵਾਲੀ ਗੱਲ-ਬਾਤ ਨਾਲ਼ ਵੀ ਵੱਖ-ਵੱਖ ਵਿਹਾਰ ਨੂੰ ਅਪਨਾਉਣ ਦੇ ਮੌਕੇ ਪੈਦਾ ਹੁੰਦੇ ਹਨ। ਵਧਦਾ ਸੈਰ-ਸਪਾਟਾ ਲੋਕਾਂ ਵਿੱਚ ਵੱਖ ਵੱਖ ਨੈਤਿਕ ਮੁੱਲਾਂ ਦਾ ਪਸਾਰ ਵੀ ਕਰ ਸਕਦਾ ਹੈ ਜਿਵੇਂ ਕਿ ਲਿੰਗ ਸਮਝ ਬੂਝ 'ਚ ਹਾਂ-ਪੱਖੀ ਵਿਚਾਰ, ਜਾਂ ਨਸ਼ੀਲੇ ਪਦਾਰਥਾਂ ਦਾ ਸੇਵਨ (ਨਾਂਹ-ਪੱਖੀ ਪ੍ਰਭਾਵ) ਇਹ ਧਿਆਨ ਰੱਖਣਾ ਵੀ ਜ਼ਰੂਰੀ ਹੈ ਕਿ ਅਪਰਾਧਾਂ ਤੇ ਹਾਦਸਿਆਂ ਨੂੰ ਰੋਕਣ ਦੇ ਪ੍ਰਬੰਧ ਵੀ ਕੀਤੇ ਜਾਂਦੇ ਹਨ ? ਰਵਾਇਤੀ ਸਮਾਰੋਹਾਂ ਨੂੰ ਬਦਲਕੇ ਸੈਲਾਨੀਆਂ ਦੀ ਦਿਲਚਸਪੀ ਵਾਲ਼ੇ ਸਮਾਰੋਹ ਵੀ ਸ਼ੁਰੂ ਕੀਤੇ ਜਾਂਦੇ ਹਨ।

ਸੈਰ-ਸਪਾਟੇ ਜਾਂ ਹੋਰ ਸੰਬੰਧਿਤ ਗਤੀਵਿਧੀਆਂ ਨਾਲ਼ ਪੈਦਾ ਹੋਈਆਂ ਸਮੱਸਿਆਵਾਂ ਦਾ ਸਾਹਮਣਾ ਕਰਨ ਲਈ ਭਾਈਚਾਰਕ ਸੰਸਥਾਵਾਂ ਨੂੰ ਪੁਨਰ ਜਾਗ੍ਰਿਤ ਕੀਤਾ ਜਾ ਸਕਦਾ ਹੈ। ਕੁਦਰਤੀ ਬਿਪਤਾਵਾਂ, ਊਰਜਾ ਦੀ ਘਾਟ, ਦਹਿਸ਼ਤਵਾਦ, ਸਿਆਸੀ ਹਲ-ਚਲ, ਬੀਮਾਰੀਆਂ ਫੈਲਣ, ਰਸਾਇਣਿਕ ਰਿਸਾਵ ਅਤੇ ਨਾਂਹ-ਪੱਖੀ ਪ੍ਰਚਾਰ ਸੈਰ-ਸਪਾਟਾ ਸੱਨਅਤ ਨੂੰ ਨੁਕਸਾਨ ਪੁਚਾ ਸਕਦੇ ਹਨ ਪਰ ਕਦੇ ਕਦੇ ਇਹ ਕੁਝ ਖੋਜੀ ਸੈਲਾਨੀਆਂ ਲਈ ਹੋਰ ਵੀ ਖਿੱਚ ਦਾ ਕੇਂਦਰ ਬਣਦੇ ਹਨ।

ਸੈਰ-ਸਪਾਟਾ ਸਨਅਤ ਉਸ ਖੇਤਰ ਵਿੱਚ ਜੀਵਨ ਪੱਧਰ ਨੂੰ ਸੁਧਾਰਨ ਵਿੱਚ ਵੀ ਮਦਦ ਕਰ ਸਕਦਾ

ਹੈ ਕਿਉਂਕਿ ਇਹ ਖਿਚਪਾਊ ਕਾਰਜਾਂ ਨੂੰ ਵਧਾਉਂਦਾ ਰਹਿੰਦਾ ਹੈ; ਮਨੋਰੰਜਨ ਦੇ ਮੌਕੇ ਪੈਦਾ ਕਰਦਾ ਰਹਿੰਦਾ ਹੈ ਤੇ ਸੇਵਾਵਾਂ ਵਿੱਚ ਸੁਧਾਰ ਵੀ ਕਰਦਾ ਰਹਿੰਦਾ ਹੈ। ਸੈਰ-ਸਪਾਟੇ ਨਾਲ਼ ਸਥਾਨਿਕ ਲੋਕਾਂ ਨੂੰ ਬਾਹਰਲੇ ਤੇ ਦਿਲਚਸਪ ਲੋਕਾਂ ਨੂੰ ਮਿਲ਼ਨ ਦਾ ਮੌਕਾ ਮਿਲ਼ਦਾ ਹੈ, ਉਹਨਾਂ ਨਾਲ਼ ਦੋਸਤੀ ਹੁੰਦੀ ਹੈ, ਵਿਸ਼ਵ ਬਾਰੇ ਜਾਣਕਾਰੀ ਮਿਲ਼ਦੀ ਹੈ, ਨਵੇਂ ਸੰਦਰਭਾਂ ਵਿੱਚ ਉਹਨਾਂ ਦਾ ਰੁਝਾਨ ਹੁੰਦਾ ਹੈ। ਵੱਖਰੇ ਸਭਿਆਚਾਰਕ ਗਤੀਵਿਧੀਆਂ ਬਾਰੇ ਜਾਨਣ ਨਾਲ਼ ਉਹਨਾਂ ਦਾ ਅਨੁਭਵ ਵਿਸ਼ਾਲ ਹੁੰਦਾ ਹੈ, ਸੂਝ ਬੂਝ ਵਧਦੀ ਹੈ ਵੱਖ-ਵੱਖ ਜੀਵਨ ਪੱਧਰਾਂ ਬਾਰੇ ਜਾਣ ਕੇ ਉਹਨਾਂ ਨੂੰ ਅੰਤਰ-ਝਾਤ ਮਾਰਨ ਦਾ ਖਿਆਲ ਆਉਂਦਾ ਹੈ। ਸੈਲਾਨੀਆਂ ਦੀ ਸਾਡੀਆਂ ਇਤਿਹਾਸਕ ਥਾਂਵਾਂ ਦੀ ਦਸਤਕਾਰੀ ਵਸਤਾਂ ‘ਚ ਰੁਚੀ ਹੋਣ ਨਾਲ਼ ਇਤਿਹਾਸਿਕ ਥਾਵਾਂ ਦੀ, ਦਸਤਕਾਰੀ ਵਸਤਾਂ ਦੀ, ਇਮਾਰਤਸਾਜ਼ੀ ਦੀ ਸੰਭਾਲ਼ ਦੀ ਰੁਚੀ ਪੈਦਾ ਹੁੰਦੀ ਹੈ। ਦੂਜਿਆਂ ਬਾਰੇ ਹੋਰ ਜਾਣਕਾਰੀ ਪ੍ਰਾਪਤ ਹੋਣ ਨਾਲ਼ ਉਹਨਾਂ ਦੀ ਵੱਖਰਤਾ ਸਾਡੇ ਲਈ ਖ਼ਤਰਾ ਨਹੀਂ ਰਹਿੰਦੀ ਸਗੋਂ ਦਿਲਚਸਪ ਬਣ ਜਾਂਦੀ ਹੈ। ਇਸ ਦੇ ਨਾਲ਼-ਨਾਲ਼ ਸੈਰ-ਸਪਾਟੇ ਦੇ ਵਿਕਾਸ ਨਾਲ ਪੈਦਾ ਹੋਏ ਮੌਕਿਆਂ, ਅਤੇ ਸੈਲਾਨੀਆਂ ਨਾਲ਼ ਗੱਲ-ਬਾਤ ਕਰਨ ਤੋਂ ਸਾਡੀ ਮਨੋਵਿਗਿਆਨਿਕ ਸੰਤੁਸ਼ਟੀ ਵੀ ਹੁੰਦੀ ਹੈ।

ਸੈਰ-ਸਪਾਟਾ ਸੱਨਅਤ ਦੇ ਵਿਕਾਸ ਨਾਲ਼ ਖਰਚਾ ਤੇ ਲਾਭ ਦੋਵੇਂ ਹੁੰਦੇ ਹਨ। ਇਸ ਤੋਂ ਹੋਣ ਵਾਲ਼ੇ ਲਾਭ ਅੱਗੇ ਦੱਸੇ ਗਏ ਹਨ। ਟੇਬਲ 1 ਵਿੱਚ ਸੈਰ-ਸਪਾਟੇ ਦੇ ਕੁਝ ਹਾਂ-ਪੱਖੀ ਪ੍ਰਭਾਵ ਦੱਸੇ ਗਏ ਹਨ :-

**ਟੇਬਲ 1 ਸੈਰ-ਸਪਾਟੇ ਦੇ ਪ੍ਰਭਾਵ -:**

**ਆਰਥਿਕ ਲਾਭ -:**

- ਸੈਰ-ਸਪਾਟੇ ਨਾਲ਼ ਸਥਾਨਿਕ ਪੱਧਰ ‘ਤੇ ਰੁਜ਼ਗਾਰ ਦੇ ਮੌਕੇ ਪੈਦਾ ਹੁੰਦੇ ਹਨ, ਇਹ ਸੈਰ-ਸਪਾਟਾ ਖੇਤਰ ’ਚ ਸਿਧੇ ਰੁਜ਼ਗਾਰ ਦੇ ਮੌਕੇ ਵੀ ਹੁੰਦੇ ਹਨ ਤੇ ਹੋਰ ਸੰਬੰਧਿਤ ਪ੍ਰਬੰਧ ਖੇਤਰਾਂ ਵਿੱਚ

ਵੀ।

- ਸੈਰ-ਸਪਾਟੇ ਨਾਲ਼ ਮੁਨਾਫ਼ੇ ਵਾਲ਼ੀ ਦੇਸੀ ਸਨਅਤ ਵਿਕਸਿਤ ਹੁੰਦੀ ਹੈ, ਹੋਟਲ ਤੇ ਹੋਰ ਲਾਜਿੰਗ ਸਨਅਤ, ਰੈਸਟੋਰੈਂਟ ਤੇ ਖਾਣਾ, ਸੇਵਾਵਾਂ, ਟਰਾਂਸਪੋਰਟ ਪ੍ਰਬੰਧ, ਦਸਤਕਾਰੀ ਅਤੇ ਗਾਈਡ ਸੇਵਾਵਾਂ ਆਦਿ।
- ਸੈਰ-ਸਪਾਟੇ ਨਾਲ ਵਿਦੇਸ਼ੀ ਮੁਦਰਾ ਪ੍ਰਾਪਤ ਹੁੰਦੀ ਹੈ, ਪੂੰਜੀ ਵਿੱਚ ਹੁੰਦਾ ਹੈ ਤੇ ਸਥਾਨਿਕ ਆਰਥਿਕਤਾ 'ਚ ਹੋਰ ਪੈਸਾ ਆਉਂਦਾ ਹੈ।
- ਇਹ ਸਥਾਨਿਕ ਆਰਥਿਕਤਾ ਨੂੰ ਵਿਭਿੰਨਤਾ ਪ੍ਰਦਾਨ ਕਰਦਾ ਹੈ।
- ਸੜਕੀ ਪ੍ਰਬੰਧ ਤੇ ਬੁਨਿਆਦੀ ਸੇਵਾਵਾਂ 'ਚ ਸੁਧਾਰ ਹੁੰਦਾ ਹੈ।
- ਸੈਰ-ਸਪਾਟੇ ਨਾਲ਼ ਪੈਦਾ ਹੋਏ ਰੁਜ਼ਗਾਰ ਭਾਵੇਂ ਘੱਟ ਤਨਖ਼ਾਹ ਵਾਲੇ ਹੋਣ ਤੇ ਭਾਵੇਂ ਗ਼ੈਰ ਹੁਨਰਮੰਦਾਂ ਲਈ ਹੋਣ ਫਿਰ ਵੀ ਉਹ ਗ਼ਰੀਬ ਲੋਕਾਂ ਨੂੰ ਆਪਣਾ ਜੀਵਨ ਪੱਧਰ ਸੁਧਾਰਨ 'ਚ ਮਦਦ ਕਰਦੇ ਹਨ।
- ਸੈਰ-ਸਪਾਟੇ ਨਾਲ਼ ਟੈਕਸ ਰੈਵੇਨਿਊ 'ਚ ਵਾਧਾ ਹੁੰਦਾ ਹੈ।

**ਸਮਾਜਿਕ ਲਾਭ -:**

- ਸੈਰ-ਸਪਾਟੇ ਨਾਲ਼ ਬਣੀਆਂ ਆਰਥਿਕ ਵਿਭਿੰਨਾਤਵਾਂ ਨਾਲ਼ ਭਾਈਚਾਰੇ ਦਾ ਜੀਵਨ ਪੱਧਰ ਬਿਹਤਰ ਹੋ ਜਾਂਦਾ ਹੈ।
- ਸੈਰ-ਸਪਾਟੇ ਨਾਲ਼ ਮਨੋਰੰਜਨ ਤੇ ਸਭਿਆਚਾਰਿਕ ਸਹੂਲਤਾਂ ਪੈਦਾ ਹੁੰਦੀਆਂ ਹਨ ਜੋ ਸਥਾਨਿਕ ਲੋਕਾਂ ਅਤੇ ਦੇਸੀ ਤੇ ਵਿਦੇਸ਼ੀ ਸੈਲਾਨੀਆਂ ਵੱਲੋਂ ਵਰਤੀਆਂ ਜਾ ਸਕਦੀਆਂ ਹਨ।
- ਆਮ ਜਨਤਕ ਥਾਂਵਾਂ ਨੂੰ ਸੈਰ-ਸਪਾਟੇ ਦੀਆਂ ਸਰਗਰਮੀਆਂ ਨਾਲ਼ ਵਿਕਸਿਤ ਕਰਕੇ ਉਹਨਾਂ

ਦਾ ਲਾਭ ਲਿਆ ਜਾ ਸਕਦਾ ਹੈ।

- ਸੈਰ-ਸਪਾਟੇ ਨਾਲ਼ ਸਥਾਨਿਕ ਲੋਕਾਂ ਦਾ ਸਨਮਾਨ ਵਧਦਾ ਹੈ ਅਤੇ ਇਸ ਨਾਲ਼ ਵੱਖ-ਵੱਖ ਪਿਛੋਕੜ ਵਾਲ਼ੇ ਲੋਕਾਂ ਵਿੱਚ ਸੂਝ - ਬੂਝ ਤੇ ਸੰਚਾਰ ਦੇ ਮੌਕੇ ਵੀ ਵਧਦੇ ਹਨ।

## ਸੱਭਿਆਚਾਰਿਕ ਲਾਭ -:

- ਸੈਰ-ਸਪਾਟੇ ਨਾਲ਼ ਸੱਭਿਆਚਾਰਿਕ ਜਾਗ੍ਰਿਤੀ ਵਧਦੀ ਹੈ।
- ਸੈਰ-ਸਪਾਟੇ ਨਾਲ਼ ਪੁਰਾਤਤਵ, ਇਤਿਹਾਸਿਕ ਇਮਾਰਤਾਂ ਤੇ ਜ਼ਿਲਿਆਂ ਦੀ ਸਾਂਭ-ਸੰਭਾਲ਼ ਤੇ ਰੱਖ ਰਖਾਅ ਲਈ ਆਮਦਨ ਵਧਦੀ ਹੈ।
- ਭਾਵੇਂ ਇਹ ਆਲੋਚਨਾ ਵੀ ਹੁੰਦੀ ਹੈ ਕਿ ਸੈਰ-ਸਪਾਟੇ ਨਾਲ਼ ਸੱਭਿਆਚਾਰਿਕ ਵਿੱਚ ਨਾ ਪ੍ਰਵਾਨਣ ਯੋਗ ਬਦਲਾਓ ਵੀ ਆ ਜਾਂਦਾ ਹੈ ਫਿਰ ਵੀ ਸੱਭਿਆਚਾਰਿਕ ਗਿਆਨ ਦੇ ਵਟਾਂਦਰੇ ਨਾਲ਼ ਸੈਲਾਨੀਆਂ ਅਤੇ ਮਹਿਮਾਨ ਨਿਵਾਜ਼ਾਂ ਨੂੰ ਲਾਭ ਹੀ ਹੁੰਦਾ ਹੈ ਜਿਸ ਦਾ ਸਿੱਟਾ ਇਹ ਹੁੰਦਾ ਹੈ ਕਿ ਸਥਾਨਿਕ ਰਵਾਇਤਾਂ ਤੇ ਦਸਤਕਾਰੀ ਪ੍ਰਤੀ ਜਾਗਰੂਕਤਾ ਵਧਦੀ ਹੈ।

## ਭੌਤਿਕ ਵਾਤਾਵਰਨਿਕ ਲਾਭ -:

- ਪਾਰਕਾਂ ਤੇ ਕੁਦਰਤੀ ਸੈਰ-ਗਾਹਾਂ ਨੂੰ ਸੰਭਾਲ਼ਿਆ ਜਾਂਦਾ ਹੈ ਤੇ ਵਾਤਾਵਰਨ ਦੀ ਸੰਭਾਲ਼ ਵੀ ਕੀਤੀ ਜਾਂਦੀ ਹੈ ਇਸ ਨਾਲ਼ ਕੁਦਰਤ ਤੇ ਆਧਾਰਿਤ ਸੈਰ-ਸਪਾਟੇ ਨੂੰ ਵੀ ਉਤਸ਼ਾਹਿਤ ਕੀਤਾ ਜਾਂਦਾ ਹੈ।
- ਕੂੜਾ ਕਚਰਾ ਸਮੇਟਣ ਦਾ ਬਿਹਤਰ ਪ੍ਰਬੰਧ ਹੋ ਜਾਂਦਾ ਹੈ।
- ਵਾਤਾਵਰਨ ਦੀ ਸੰਭਾਲ਼ ਦੀ ਜਾਗ੍ਰਿਤੀ ਤੋਂ ਚਿੰਤਾ ਪੈਦਾ ਹੋਣ ਨਾਲ਼ ਕੁਦਰਤ ਆਧਾਰਿਤ ਸੈਰ-ਸਪਾਟੇ ਦੀਆਂ ਗਤੀਵਿਧੀਆਂ ਵਧਦੀਆਂ ਤੇ ਵਿਕਸਿਤ ਹੁੰਦੀਆਂ ਹਨ।

ਸ੍ਰੋਤ : ਯੂਨਾਈਟਡ ਨੇਸ਼ਨਜ਼ (2003) ਪਾਵਰਟੀ ਐਲੀਵੇਸ਼ਨ ਥਰੂ ਸਸਟੇਨੇਬਲ ਟੂਰਿਜ਼ਮ ਡਿਵੈਲਪਮੈਂਟ, ਨਿਊਯਾਰਕ।

## ਸੇਵਾਵਾਂ

ਸੈਰ-ਸਪਾਟੇ ਨਾਲ਼ ਨਵੀਆਂ ਮੁੱਖ ਸਹੂਲਤਾਂ ਤੇ ਮਨੋਰੰਜਨ ਨੂੰ ਵਿਕਸਿਤ ਕਰਨ ਦੇ ਮੌਕੇ ਮਿਲ਼ਦੇ ਹਨ ਜੋ ਕਿ ਸਮਾਜ ਵਿੱਚ ਪਹਿਲਾਂ ਨਹੀਂ ਹੁੰਦੇ। ਸਥਾਨਿਕ, ਦੁਕਾਨਾਂ, ਰੈਸਟੋਰੈਂਟਾਂ ਤੇ ਹੋਰ ਵਣਜ ਆਪਰੇਟਰਾਂ ਵੱਲੋਂ ਦਿੱਤੀਆਂ ਜਾਂਦੀਆਂ ਸੇਵਾਵਾਂ ਨਾਲ਼ ਸੈਲਾਨੀਆਂ ਦੀਆਂ ਆਸ਼ਾਵਾਂ ਵੀ ਵੱਧ ਜਾਂਦੀਆਂ ਹਨ। ਸੈਲਾਨੀਆ ਦੀ ਵੱਧ ਆਵਾਜਾਈ ਨਾਲ਼ ਅੱਗ ਬੁਝਾਉ ਪੁਲੀਸ ਦੇ ਮੈਡੀਕਲ ਪ੍ਰਬੰਧਾਂ 'ਚ ਵੀ ਸੁਧਾਰ ਕੀਤਾ ਜਾਂਦਾ ਹੈ ਜਿਸ ਦਾ ਲਾਭ ਆਮ ਲੋਕਾਂ ਨੂੰ ਵੀ ਮਿਲ਼ਦਾ ਹੈ। ਸੈਲਾਨੀਆਂ ਦੀ ਦਿਲਚਸਪੀ ਲਈ ਰਵਾਇਤੀ ਸੇਵਾਵਾਂ ਵਿਚ ਸੁਧਾਰ ਕਰਨ ਨਾਲ਼ ਮੁਕਾਬਲਾਕਾਰੀ ਦਾ ਰੁਝਾਨ ਵੱਧ ਜਾਂਦਾ ਹੈ। ਸਪਲਾਈ ਦੀ ਘਾਟ ਪੈਦਾ ਹੋ ਸਕਦੀ ਹੈ ਪਰ ਇਹ ਵਕਤੀ ਤੇ ਮੌਸਮੀ ਹੀ ਹੁੰਦੀ ਹੈ। ਪਾਣੀ, ਬਿਜਲੀ, ਬਾਲਣ ਤੇ ਹੋਰ ਘਾਟਾਂ ਪੇਸ਼ ਆ ਸਕਦੀਆਂ ਹਨ ਕਿਉਂਕਿ ਬੁਨਿਆਦੀ ਢਾਂਚੇ 'ਤੇ ਦਬਾਅ ਬਹੁਤ ਵਧ ਗਿਆ ਹੁੰਦਾ ਹੈ।

### ਹਾਂ - ਪੱਖ -:

- ਮਨੋਰੰਜਨ ਸਹੂਲਤਾਂ ਵਿੱਚ ਵਾਧਾ ਹੋ ਜਾਂਦਾ ਹੈ।
- ਦੁਕਾਨਾਂ, ਰੈਸਟੋਰੈਟਾਂ ਤੇ ਹੋਰ ਵਣਜ ਵਿੱਚ ਸੇਵਾਵਾਂ ਦਾ ਮਿਆਰ ਵੱਧ ਜਾਂਦਾ ਹੈ।
- ਅੱਗ ਤੋਂ ਬਚਾਅ ਦੇ ਪ੍ਰਬੰਧ ਬਿਹਤਰ ਬਣ ਜਾਂਦੇ ਹਨ।
- ਪੁਲਿਸ ਪ੍ਰਬੰਧ ਵਿੱਚ ਵੀ ਸੁਧਾਰ ਆ ਜਾਂਦਾ ਹੈ।

## ਟੈਕਸ -:

ਰੈਸਟੋਰੈਟਾਂ ਤੇ ਸੈਰ-ਸਪਾਟਾ ਦੁਕਾਨਾਂ ਤੇ ਪ੍ਰਚੂਨ ਦੀ ਗਤੀ-ਵਿਧੀ ਵਧਣ ਨਾਲ ਰਾਜ ਦਾ ਅਤੇ

ਸਥਾਨਿਕ ਸੇਲ ਟੈਕਸ ਰੈਵੇਨਿਊ ਵਧਦਾ ਹੈ, ਲਾਜ਼ਿੰਗ ਟੈਕਸ ਰੈਵੇਨਿਊ ਵੀ ਵੱਧ ਜਾਂਦਾ ਹੈ। ਵਧੇ ਹੋਏ ਟੈਕਸ ਦਾ ਬੋਝ ਬੁਨਿਆਦੀ ਢਾਂਚੇ 'ਤੇ ਵੀ ਪੈਂਦਾ ਹੈ ਸੰਪਤੀ ਵਾਲ਼ਿਆ ਨੂੰ ਸੰਪਤੀ ਟੈਕਸ ਦੇਣਾ ਪੈਂਦਾ ਹੈ।

**ਹਾਂ - ਪੱਖੀ -:**

- ਵਾਧੂ ਸਟੇਟ ਤੇ ਲੋਕਲ ਸੇਲ ਟੈਕਸ ਰੈਵੇਨਿਊ ਵਧਦਾ ਹੈ।
- ਲਾਜ਼ਿੰਗ ਟੈਕਸ ਰੈਵੇਨਿਊ ਵੀ ਵੱਧ ਜਾਂਦਾ ਹੈ।

## ਭਾਈਚਾਰੇ ਦਾ ਵਿਵਹਾਰ -:

ਕਿਸੇ ਭਾਈਚਾਰੇ ਲਈ ਇਹ ਮਾਣ ਦੀ ਗੱਲ ਹੁੰਦੀ ਹੈ ਕਿ ਸੈਲਾਨੀ ਉਸ ਭਾਈਚਾਰੇ 'ਚ ਦਿਲਚਸਪੀ ਲੈਂਦੇ ਹਨ ਤੇ ਉੱਥੇ ਆ ਕੇ ਸੰਤੁਸ਼ਟੀ ਮਹਿਸੂਸ ਕਰਦੇ ਹਨ। ਸੈਲਾਨੀਆਂ ਦੀ ਦਿਲਚਸਪੀ ਨੂੰ ਵੇਖਕੇ ਲੋਕ ਸਥਾਨਕਿ ਸ੍ਰੋਤਾਂ ਦੀ ਵੱਧ ਤਾਰੀਫ਼ ਕਰਦੇ ਹਨ ਤੇ ਆਮ ਹਾਲਤਾਂ 'ਚ ਨਹੀਂ ਹੁੰਦੀ, ਜਿਵੇਂ ਜਿਵੇਂ ਸੈਰ ਸਪਾਟਾ ਵਿਕਸਿਤ ਹੁੰਦਾ ਹੈ ਸਥਾਨਕ ਲੋਕ ਵੀ ਵੱਧ ਸਹੂਲਤਾਂ ਮਾਣਦੇ ਹਨ ਤੇ ਉਹਨਾਂ ਲਈ ਚੋਣ ਦੇ ਵੱਧ ਮੌਕੇ ਹੁੰਦੇ ਹਨ। ਸੈਰ-ਸਪਾਟੇ ਦੀਆਂ ਗਤੀਵਿਧੀਆਂ ਨਾਲ਼ ਲੋਕਾਂ ਦੇ ਜੀਵਨ ਪੱਧਰ ਵਿੱਚ ਸੁਧਾਰ ਵੀ ਹੁੰਦਾ ਹੈ ਤੇ ਇਸ ਵਿੱਚ ਦਿਲਚਸਪੀ ਵੀ ਵਧਦੀ ਹੈ। ਇਸ ਦੇ ਨਾਲ਼-ਨਾਲ਼ ਲੋਕਾਂ ਦੇ ਵੱਖ-ਵੱਖ ਵਿਚਾਰਾਂ ਕਾਰਨ ਸੈਰ-ਸਪਾਟੇ ਦੇ ਵਿਕਾਸ ਨੂੰ ਕਈ ਲੋਕ ਚੰਗਾ ਵੀ ਨਹੀਂ ਸਮਝਦੇ, ਕੁਝ ਸੈਰ-ਸਪਾਟੇ ਦੇ ਹਮਾਇਤੀ ਹੁੰਦੇ ਹਨ ਤੇ ਕੁਝ ਵਿਰੋਧੀ। ਸਥਾਨਿਕ ਵਸਨੀਕਾਂ ਤੇ ਸੈਲਾਨੀਆਂ ਦਰਮਿਆਨ ਟਕਰਾਓ ਵੀ ਪੈਦਾ ਹੋ ਸਕਦਾ ਹੈ। ਲੋਕ ਆਪਣੇ ਜੀਵਨ ਢੰਗ ਤੇ ਇੱਕ ਵੱਖਰੇ ਤੇ ਨਵੇਂ ਭਾਈਚਾਰੇ ਦੀ ਜੀਵਨ ਜਾਂਚ ਕਾਰਨ ਦਬਾਓ ਵੀ ਮਹਿਸੂਸ ਕਰਨ ਲੱਗਦੇ ਹਨ। ਉਹ ਇਹ ਵੀ ਕਹਿ ਸਕਦੇ ਹਨ ਕਿ ਹਾਲਾਤ ਪਹਿਲਾਂ ਨਾਲੋਂ ਬਿਹਤਰ ਨਹੀਂ ਹੋਏ ਸਗੋਂ ਮਾੜੇ ਹੀ ਹੋਏ ਹਨ। ਜਿੱਥੇ ਸੱਭਿਆਚਾਰ ਸੈਰ-ਸਪਾਟੇ ਲਈ ਮੁੱਖ ਖਿੱਚ ਹੈ, ਸੱਭਿਆਚਾਰਿਕ ਤੱਤਾਂ ਨੂੰ ਵਧਾ ਚੜ੍ਹਾ ਕੇ ਦੱਸਣ ਨਾਲ ਅਤੇ ਇਕ ਤਰ੍ਹਾਂ ਨਵਾਂ ਸਭਿਆਚਾਰ ਪੈਦਾ ਕਰ ਕੇ ਸੈਲਾਨੀਆਂ ਨੂੰ ਖਿੱਚ ਭਾਵੇਂ ਲਿਆ ਜਾਂਦਾ ਹੈ ਪਰ ਇਸ ਨਾਲ਼ ਇੱਕ ਮਨਘੜਤ ਸੱਭਿਆਚਾਰ ਪੈਦਾ ਕਰ ਦਿਤਾ ਜਾਂਦਾ ਹੈ। ਯੋਜਨਾਕਾਰੀ ਤੇ ਵਿਕਾਸ ਗਤੀਵਿਧੀਆਂ ਕਾਰਨ ਸਥਾਨਿਕ ਲੋਕ ਆਪਣੀ ਅਣਦੇਖੀ ਕਾਰਨ ਵੀ ਦੁੱਖੀ ਹੋ ਜਾਂਦੇ ਹਨ। ਉਹ ਬਾਹਰਲੇ ਲੋਕਾਂ ਦੀ ਸਥਾਪਤੀ ਨਾਲ਼ ਆਪਣੇ

ਸੱਭਿਆਚਾਰ ਦੇ ਭਵਿੱਖ ਬਾਰੇ ਚਿੰਤਤ ਹੋ ਜਾਂਦੇ ਹਨ। ਬਾਹਰਲੇ ਲੋਕਾਂ ਦੇ ਆਉਣ ਨਾਲ਼ ਸਥਾਨਿਕ ਲੋਕਾਂ 'ਚ ਇਹ ਵਿਚਾਰ ਵੀ ਬਣ ਜਾਂਦਾ ਹੈ ਕਿ ਉਹਨਾਂ ਦਾ ਸ਼ੋਸਣ ਕੀਤਾ ਜਾ ਰਿਹਾ ਹੈ। ਮੋਨੋਲਿਥਕ ਨਿਊਬਜ਼ ਵਿੱਚ ਹੋਟਲ ਬਣਨ ਜਾਂ ਵੱਖਰੇ ਡਿਜ਼ਾਈਨਾਂ ਵਾਲ਼ੇ ਰੈਸਟੋਰੈਂਟ ਬਣਨ ਨਾਲ਼ ਇਹਨਾਂ ਦਾ ਸਥਾਨਿਕ ਮਿਆਰਾਂ ਨਾਲ਼ ਟਕਰਾਓ ਹੋਣ ਲੱਗਦਾ ਹੈ ਤੇ ਭਾਈਚਾਰੇ ਦੀ ਸਹਜ ਦਿੱਖ ਨੂੰ ਵੀ ਠੇਸ ਪੁਜਦੀ ਹੈ, ਇਕ ਤਰਾਂ ਭਾਈਚਾਰੇ ਦੀ ਵਿਲੱਖਣਤਾ ਗ਼ਲਤ ਹੋਣ ਲੱਗਦੀ ਹੈ।

<u>ਹਾਂ - ਪੱਖ -:</u>

- ਭਾਈਚਾਰੇ ਦਾ ਮਾਣ ਸਨਮਾਨ ਵਧਦਾ ਹੈ।
- ਸਥਾਨਿਕ ਸ੍ਰੋਤਾਂ ਦੀ ਵਧ ਪ੍ਰਸੰਸਾ ਹੁੰਦੀ ਹੈ।
- ਵੱਧ ਸਹੂਲਤਾਂ ਤੇ ਚੋਣ ਦੀ ਰੇਂਜ ਵੱਧ ਜਾਂਦੀ ਹੈ।

## 6. ਦੁਹਰਾਓ ਦੇ ਪ੍ਰਸ਼ਨ - I

- ਸੈਰ-ਸਪਾਟੇ ਨੂੰ ਪਰਿਭਾਸ਼ਤ ਕਰੋ?

  ______________________________

- ਸੈਰ ਸਪਾਟਾ ਭਾਰਤ ਦੇ ਕੁੱਲ ਘਰੇਲੂ ਉਤਪਾਦ 'ਚ ਕਿੰਨੇ ਪ੍ਰਤੀਸ਼ਤ ਯੋਗਦਾਨ ਦਿੰਦਾ ਹੈ?

  ______________________________

- ਕਿਹੜੀ ਸੱਨਅਤ ਤੇਲ ਬਰਾਮਦ, ਖ਼ੁਰਾਕੀ ਵਸਤਾਂ ਤੇ ਆਟੋਮੋਬਾਈਲ ਬਰਾਮਦ ਤੋਂ ਅੱਗੇ ਲੰਘ ਗਈ ਹੈ?

  ______________________________

- ਕੁਦਰਤੀ ਸਾਧਨਾਂ ਦੇ ਰੱਖ ਰਖਾਓ ਲਈ ਕਿਹੜੀ ਸਨਅਤ ਸਰਕਾਰ ਨੂੰ ਫੰਡ ਜੁਟਾਉਂਦੀ ਹੈ?

  ______________________________

- ਉਹ ਕਿਹੜੇ-ਕਿਹੜੇ ਪੱਖ ਹਨ ਜਿਨ੍ਹਾਂ ਲਈ ਸੈਰ -ਸਪਾਟਾ ਸਨਅਤ ਦੀ ਲੋੜ ਪੈਂਦੀ ਹੈ?

## 7. ਸੈਰ-ਸਪਾਟੇ ਬਾਰੇ ਜਾਣਕਾਰੀ ਦੇ ਸਾਧਨ -:

ਯਾਤਰਾ ਤੇ ਸੈਰ-ਸਪਾਟਾ ਸੱਨਅਤ ਦੇ ਪੇਸ਼ੇਵਰ ਲੋਕਾਂ ਲਈ ਸੈਰ-ਸਪਾਟੇ ਬਾਰੇ ਸਹੀ, ਚਲੰਤ ਤੋਂ ਸਬੰਧੰਤ ਜਾਣਕਾਰੀ ਜ਼ਰੂਰੀ ਹੁੰਦੀ ਹੈ। ਇਹ ਜਾਣਕਾਰੀ ਨਾਲ਼ ਹੀ ਇਸ ਸੱਨਅਤ ਦਾ ਕੰਮ ਕਾਰ ਸਹੀ ਢੰਗ ਨਾਲ਼ ਚੱਲ ਸਕਦਾ ਹੈ। ਯਾਤਰਾ ਤੇ ਸੈਰ - ਸਪਾਟਾ ਥਾਂਵਾਂ ਦੇ ਵਿਕਾਸ ਲਈ ਇਹ ਜਾਣਕਾਰੀ ਜ਼ਰੂਰੀ ਹੁੰਦੀ ਹੈ।ਇਸ ਨਾਲ ਹੀ ਸੈਰ-ਸਪਾਟਾ ਥਾਵਾਂ ਠੀਕ ਢੰਗ ਨਾਲ਼ ਸੈਲਾਨੀਆਂ ਤੱਕ ਸਫ਼ਲਤਾ ਨਾਲ਼ ਪਹੁੰਚਾਈਆਂ ਜਾ ਸਕਦੀਆਂ ਹਨ।

ਆਓ, ਇਹ ਜਾਣੀਏ ਕਿ ਇਸ ਸਨਅਤ ‘ਚ ਕੰਮ ਕਰਨ ਵਾਲ਼ੇ ਕਿਸ ਕਿਸ ਤਰੀਕੇ ਇਹ ਜਾਣਕਾਰੀ ਹਾਸਲ ਕਰ ਸਕਦੇ ਹਨ। ਤੁਸੀਂ ਇਸ ਜਾਣਕਾਰੀ ਦੇ ਤਰੀਕਿਆਂ ਬਾਰੇ ਖ਼ੁਦ ਨਿਰਨਾ ਕਰ ਸਕਦੇ ਹੋ ਤੇ ਇਹ ਜਾਣ ਸਕਦੇ ਹੋ ਕਿ ਕਿਸ ਕਿਸਮ ਦੀ ਜਾਣਕਾਰੀ ਦੇ ਸਾਧਨ ਮੌਜੂਦ ਹਨ।ਸੈਰ ਸਪਾਟਾ ਥਾਂ ਬਾਰੇ ਚਲੰਤ ਜਾਣਕਾਰੀ ਕਈ ਤਰੀਕਿਆਂ ਨਾਲ਼ ਪ੍ਰਾਪਤ ਕੀਤੀ ਜਾ ਸਕਦੀ ਹੈ। ਮੁੱਖ ਸਾਧਨ ਹੇਠ ਲਿਖੇ ਹਨ : -

### ਸੱਨਅਤ ਦੇ ਲੋਕ -:

- ਸਨਅਤ ਦੇ ਮੁਖੀ, ਟੂਰ ਹੋਲਸੇਲਰ, ਟੂਰ ਆਪਰੇਟਰ ਅਤੇ ਕੌਮੀ ਸੈਰ-ਸਪਾਟਾ ਸੰਸਥਾਵਾਂ ਆਮ ਤੌਰ ਤੇ ਸੇਲ ਪ੍ਰਤੀਨਿੱਧ ਭਰਤੀ ਕਰ ਲੈਂਦੇ ਹੁੰਦੇ ਹਨ ਜੋ ਸੈਰ-ਸਪਾਟਾ ਸਥਾਨਾਂ ਦਾ ਵਿਸ਼ੇਸ ਕਰ ਕੇ ਪ੍ਰਚੂਨ ਟਰੈਵਲ ਏਜੰਟਾਂ ਦਾ ਦੌਰਾ ਕਰਦੇ ਹਨ ਤੇ ਮੌਜੂਦਾਂ ਸੈਰ-ਸਪਾਟਾ ਥਾਂਵਾਂ ਬਾਰੇ ਗਲੀਆਂ ਜਾਣਕਾਰੀ ਉਪਲਬਧ ਕਰਾਉਂਦੇ ਰਹਿੰਦੇ ਹਨ? ਸੇਲਜ ਪ੍ਰਤੀਨਿੱਧ ਰੈਗੂਲਰ ਅਧਾਰ

'ਤੇ ਜਾਂ ਜਿਵੇਂ ਲੋੜ ਹੋਵੇ ਰੱਖੇ ਜਾ ਸਕਦੇ ਹਨ?

- ☞ ਕਈ ਟੂਰ ਹੋਲਸੇਲਰ ਸੈਰ–ਸਪਾਟਾ ਥਾਂਵਾਂ ਲਾਂਚ ਕਰਦੇ ਰਹਿੰਦੇ ਹਨ। ਨਵੀਆਂ ਸੈਰ –ਸਪਾਟਾ ਥਾਂਵਾਂ ਬਾਰੇ ਹੋਰ ਖ਼ੇਤਰਾਂ 'ਚ ਕੰਮ ਕਰਦੇ ਲੋਕਾਂ ਨੂੰ ਜੋ ਯਾਤਰਾ ਤੇ ਸੈਰ–ਸਪਾਟੇ ਨਾਲ਼ ਹੀ ਸੰਬੰਧਤ ਹੁੰਦੇ ਹਨ, ਨੂੰ ਜਾਣਕਾਰੀ ਮੁਹੱਈਆਂ ਕਰਵਾਉਂਦੇ ਰਹਿੰਦੇ ਹਨ। ਇਹ ਆਮ ਤੌਰ ਤੇ ਸਾਲ ਦੇ ਸ਼ੁਰੂ 'ਚ ਹੁੰਦਾ ਹੈ ਜਦੋਂ ਨਵੇਂ ਟੂਰ ਬਰੋਸ਼ਰ ਵੰਡੇ ਜਾਂਦੇ ਹਨ।
- ☞ ਇਸ ਸਨਅਤ 'ਚ ਕੰਮ ਕਰਦੇ ਲੋਕਾਂ ਨੂੰ, ਯਾਤਰਾ ਤੇ ਸੈਰ - ਸਪਾਟਾ ਫ਼ਰਮਾਂ ਤੇ ਸੰਸਥਾਵਾਂ ਨੂੰ ਜਾਣਕਾਰੀ ਦੇਣ ਲਈ ਸੈਮੀਨਾਰ ਤੇ ਵਰਕਸ਼ਾਪਾਂ ਵੀ ਲਗਾਈਆਂ ਜਾਂਦੀਆਂ ਹਨ।
- ☞ ਜਿੱਥੇ ਸੰਭਵ ਹੋਵੇ ਇਸ ਸਨਅਤ ਨਾਲ਼ ਸੰਬੰਧਿਤ ਲੋਕ ਵਿੱਦਿਅਕ ਤੇ ਜਾਣ-ਪਛਾਣ ਲਈ ਵੱਖ-ਵੱਖ ਥਾਂਵਾਂ ਦੇ ਦੌਰੇ ਵੀ ਕਰਦੇ ਰਹਿੰਦੇ ਹਨ, ਆਪਣੀ ਜਾਣਕਾਰੀ ਨੂੰ ਤਾਜ਼ਾ ਕਰਨ ਲਈ ਇਹਨਾਂ ਥਾਂਵਾਂ ਦਾ ਨਿਰੀਖਣ ਵੀ ਅਕਸਰ ਕੀਤਾ ਜਾਂਦਾ ਹੈ। ਇਹ ਦੌਰੇ ਆਮ ਤੌਰ ਤੇ ਸੰਬੰਧਿਤ ਸਨਅਤ ਦੇ ਮੁਖੀਆਂ, ਟੂਰ ਅਪਰੇਟਰਾਂ ਤੋਂ ਟੂਰ ਹੋਲਸੇਲਰਾਂ ਵੱਲੋਂ ਕੀਤੇ ਜਾਂਦੇ ਹਨ।
- ☞ ਵੱਧ ਘੁੰਮ ਚੁੱਕੇ ਸਾਥੀਆਂ ਨਾਲ ਗੈਰ ਰਸਮੀ ਵਿਚਾਰ ਵਟਾਂਦਰਾ ਗਾਹਕਾਂ ਤੋਂ ਹੋਰਾਂ ਨਾਲ਼ ਵਿਚਾਰ ਵਟਾਂਦਰਾ ਵੀ ਸੈਰ-ਸਪਾਟਾ ਥਾਂਵਾਂ ਬਾਰੇ ਜਾਣਕਾਰੀ ਦਾ ਵਧੀਆ ਸਾਧਨ ਹੈ। ਨਿੱਜੀ ਦੌਰਾ ਤਾਂ ਹੋਰ ਵੀ ਬਿਹਤਰ ਸਾਧਨ ਹੈ।

## ਬਰੋਸ਼ਰ, ਜਰਨਲ ਅਤੇ ਪ੍ਰਚਾਰ ਸਾਧਨ -:

- ☞ ਨੈਸ਼ਨਲ ਟੂਰਿਜ਼ਮ ਆਰਗੇਨਾਈਜੇਸ਼ਨ ਤੇ ਹੋਰ ਸਰਕਾਰੀ ਸੰਸਥਾਵਾਂ ਵਲੋਂ ਏਜੰਟਾਂ ਦੇ ਮੈਨੂਅਲ, ਨਕਸ਼ੇ, ਵੀਡੀਓ ਤੇ ਸੈਰ-ਸਪਾਟਾ ਥਾਵਾਂ ਬਾਰੇ ਜਾਣਕਾਰੀ ਦੇ ਹੋਰ ਸਾਧਨ ਵੰਡੇ ਜਾਂਦੇ ਹਨ।
- ☞ ਸੈਰ-ਸਪਾਟਾ ਥਾਂ ਵਿੱਚ ਸੁਧਾਰ ਬਾਰੇ ਟਰੇਡ ਜਰਨਲ ਜਿਵੇਂ ਕਿ ਟਰੈਵਲ ਟਰੇਡ ਤੇ ਟਰੈਵਲਵੀਕ ਆਦਿ ਵੀ ਛਾਪੇ ਤੇ ਵੰਡੇ ਜਾਂਦੇ ਹਨ।

- ☞ ਜਨਰਲ ਮੀਡੀਆ ਵਿਸ਼ੇਸ਼ ਕਰਕੇ ਅਖ਼ਬਾਰਾਂ, ਰਿਸਾਲਿਆਂ ਤੇ ਟੈਲੀਵਿਜ਼ਨ ਵੀ ਸੈਰ-ਸਪਾਟਾ ਥਾਵਾਂ ਬਾਰੇ ਚਲੰਤ ਜਾਣਕਾਰੀ ਉਪਲਬਧ ਕਰਵਾਉਂਦੇ ਰਹਿੰਦੇ ਹਨ। ਸੈਰ- ਸਪਾਟਾ ਸਨਅਤ ਦੇ ਕਰਮਚਾਰੀਆਂ ਲਈ ਵਰਲਡ ਨਿਊਜ਼ ਵੀ ਮਹੱਤਵਪੂਰਨ ਹੈ। ਸਾਨੂੰ ਇਹ ਵੀ ਪਤਾ ਹੋਣਾ ਚਾਹੀਦਾ ਹੈ ਕਿ ਵਿਸ਼ਵ ਭਰ ਦੇ ਸੈਰ-ਸਪਾਟਾ ਸਥਾਨ ਤੇ ਕੀ ਕੁਝ ਵਾਪਰ ਰਿਹਾ ਹੈ ਇਸ ਨਾਲ਼ ਸਾਡੇ ਸੈਰ-ਸਪਾਟਾ ਥਾਂਵਾਂ ਦੀਆਂ ਸੇਵਾਵਾਂ ਨੂੰ ਸੁਧਾਰਿਆ ਜਾ ਸਕਦਾ ਹੈ? ਕਈ ਅਖ਼ਬਾਰਾਂ ਤੇ ਰਿਸਾਲਿਆਂ ਵਿਚ ਸੈਰ-ਸਪਾਟੇ ਬਾਰੇ ਵੱਖਰੇ ਪੰਨੇ ਦਿੱਤੇ ਹੁੰਦੇ ਹਨ। ਟੈਲੀਵਿਜ਼ਨ ਵੱਲੋਂ ਸੈਰ-ਸਪਾਟਾ ਸ਼ੋਅ ਤੇ ਦਸਤਾਵੇਜ਼ੀਆ ਫ਼ਿਲਮਾਂ ਵਿਖਾਈਆਂ ਜਾਂਦੀਆਂ ਹਨ ਜਿਨ੍ਹਾਂ ਵਿੱਚ ਕਿਸੇ ਵਿਸ਼ੇਸ਼ ਸੈਰ-ਸਪਾਟਾ ਥਾਂ ਬਾਰੇ ਜਾਣਕਾਰੀ ਦਿੱਤੀ ਹੁੰਦੀ ਹੈ। ਇਸ ਪ੍ਰਕਾਰ ਦੀ ਵਿਜ਼ੂਅਲ ਜਾਣਕਾਰੀ ਬਹੁਤ ਹੀ ਫਾਇੰਦੇਮੰਦ ਹੁੰਦੀ ਹੈ।
- ☞ ਟੂਰ ਬਰੋਸ਼ਰ ਤੇ ਇਸ ਸਨਅਤ ਦੀਆਂ ਹੋਰ ਪ੍ਰਕਾਸ਼ਨਾਵਾਂ ਵਿਚ ਵੀ ਸੈਰ-ਸਪਾਟਾ ਥਾਂ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ।

**ਪ੍ਰਕਾਸ਼ਨਾਵਾਂ -:**

- ☞ ਐਟਲਸਾਂ, ਨਕਸ਼ੇ ਅਤੇ ਪ੍ਰਕਾਸ਼ਨਾਵਾਂ ਵਿੱਚ ਨਕਸ਼ੇ ਜ਼ਰੂਰੀ ਹੁੰਦੇ ਹਨ ਜਿਨ੍ਹਾਂ ਤੋਂ ਸੈਰ- ਸਪਾਟਾ ਥਾਂਵਾਂ ਦੀ ਸੰਬੰਧਤਾ ਬਾਰੇ ਜਾਣਕਾਰੀ ਮਿਲ਼ਦੀ ਹੈ ਇਹਨਾਂ ਦੀ ਮਦਦ ਨਾਲ਼ ਅਸੀਂ ਯਾਤਰਾ ਦਾ ਰੂਟ ਨਿਸਚਿਤ ਕਰ ਸਕਦੇ ਹਾਂ। ਨਕਸ਼ਿਆਂ ਤੋਂ ਹੋਰ ਸੰਬੰਧਿਤ ਜਾਣਕਾਰੀ ਵੀ ਮਿਲ਼ਦੀ ਹੈ ਮਿਸਾਲ ਦੇ ਤੌਰ ‘ਤੇ ਕਈ ਨਕਸ਼ਿਆਂ ਵਿੱਚ ਇੱਕ ਸੈਰ- ਸਪਾਟਾ ਥਾਂ ਤੋਂ ਦੂਸਰੇ ਸਥਾਨ ਦੀ ਦੂਰੀ ਵੀ ਦੱਸੀ ਗਈ ਹੁੰਦੀ ਹੈ। ਇਹ ਦੂਰੀ ਤੇ ਯਾਤਰਾ ਦਾ ਸਮਾਂ ਕਿਉਂਕਿ ਆਪੋ ਵਿੱਚ ਜੁੜੇ ਹੁੰਦੇ ਹਨ ਇਸ ਦੀ ਮਦਦ ਨਾਲ ਯਾਤਰੀ ਦੇ ਰੂਟ ਦੀ ਯੋਜਨਾ ਬਣਾਉਣ ‘ਚ ਮਦਦ ਮਿਲ਼ਦੀ ਹੈ।
- ☞ ਗਾਈਡ ਪੁਸਤਕਾਂ, ਕਈ ਹਵਾਲਾ ਪੁਸਤਕਾਂ ਅਤੇ ਸੈਰ-ਸਪਾਟਾ ਥਾਂਵਾਂ ਬਾਰੇ ਹੋਰ

ਪ੍ਰਕਾਸ਼ਨਾਵਾਂ ਵੀ ਇਸ ਸੱਨਅਤ ਦੇ ਲੋਕਾਂ ਵੱਲੋਂ ਵਰਤੇ ਜਾਂਦੇ ਹਨ। ਇਸ ਸਨਅਤ ਦੀਆਂ ਪ੍ਰਕਾਸ਼ਨਾਵਾਂ ਵਿੱਚ ਦਿ ਵਰਲਡ ਟਰੈਵਲ ਗਾਈਡ ਟਰੈਵਲ ਟਰੇਡ ਵੀਜ਼ਾ ਗਾਈਡ, ਅਤੇ ਟਰੈਵਲ ਇਨਫਰਮੇਸ਼ਨ ਮੈਨੂਅਲ। ਇਹਨਾਂ ਦਿਨਾਂ 'ਚ ਟਾਈਮੈਟੀਕਨ ਜੋ ਇਸ ਸਨਅਤ ਦਾ ਸੀ. ਆਰ. ਐਸ. (ਕੰਪਿਊਟਰ ਰਿਜ਼ਰਵੇਸ਼ਨ ਸਿਸਟਮ ਹੈ) ਵੀ ਵਾਚਿਆ ਜਾਂਦਾ ਹੈ। ਇਸ ਸੱਨਅਤ ਦੀਆਂ ਇਸ ਪ੍ਰਕਾਰ ਦੀਆਂ ਪ੍ਰਕਾਸ਼ਨਾਵਾਂ ਸਾਨੂੰ ਕਈ ਮਾਮਲਿਆਂ ਬਾਰੇ ਜਾਣਕਾਰੀ ਦਿੰਦੀਆਂ ਹਨ ਜਿਵੇਂ ਕਿ ਸੈਰ-ਸਪਾਟਾ ਥਾਂ 'ਚ ਦਾਖ਼ਲ ਹੋਣ ਤੇ ਉੱਥੋਂ ਬਾਹਰ ਆਉਣ ਬਾਰੇ ਜਾਣਕਾਰੀ ਕਸਟਮ ਨਿਯਮਾਂ ਬਾਰੇ ਜਾਣਕਾਰੀ ਸਿਹਤ ਤੇ ਸੁਰੱਖਿਆ ਪ੍ਰਬੰਧਾ ਬਾਰੇ ਜਾਣਕਾਰੀ। ਕਈ ਵੈਬਸਾਈਟਾਂ ਤੋਂ ਵੀ ਅਜਿਹੀ ਜਾਣਕਾਰੀ ਦਿੱਤੀ ਜਾਂਦੀ ਹੈ।

☞ ਯਾਤਰਾ ਸਾਹਿਤ ਵੀ ਮਹੱਤਵਪੂਰਨ ਹੈ। ਇਸ ਵਿੱਚ ਨਿੱਜੀ ਯਾਤਰਾਵਾਂ ਦਾ ਵਰਨਣ ਹੁੰਦਾ ਹੈ। ਯਾਦਾਂ, ਜੀਵਨੀਆਂ ਅਤੇ ਫੋਟੋਗ੍ਰਾਫਿਕ ਰਿਕਾਰਡ ਵੀ ਹੁੰਦੇ ਹਨ। ਯਾਤਰਾ ਸਾਹਿਤ ਨਾਲ਼ ਅਕਸਰ ਕਿਸੇ ਸੈਰ-ਸਪਾਟਾ ਥਾਂ ਬਾਰੇ ਅੰਦਰੂਨੀ ਜਾਣਕਾਰੀ ਦਿੱਤੀ ਹੁੰਦੀ ਹੈ ਜੋ ਹੋਰ ਸਾਧਨਾ ਤੋਂ ਨਹੀਂ ਮਿਲ਼ਦੀ ਹੁੰਦੀ।

## ਹੋਰ ਸਾਧਨ -:

☞ ਯਾਤਰਾ ਤੇ ਸੈਰ-ਸਪਾਟਾ ਸਨਅਤ ਟਰੇਡ ਸ਼ੋਅ ਇਸ ਸਨਅਤ ਦੇ ਲੋਕਾਂ / ਜਾਂ ਆਮ ਲੋਕਾਂ ਲਈ ਵੀ ਮਹੱਤਵਪੂਰਨ ਹੁੰਦੇ ਹਨ।

☞ ਇਸ ਸਨਅਤ ਦੇ ਸਟਾਫ ਮੈਂਬਰਾਂ ਵੱਲੋਂ ਰਸਮੀ ਅਧਿਐਨ ਵੀ ਕੀਤੇ ਜਾਂਦੇ ਹਨ ਜਿਨ੍ਹਾਂ ਨਾਲ਼ ਸੈਰ-ਸਪਾਟਾ ਥਾਂ ਵਿੱਚ ਸੁਧਾਰ ਬਾਰੇ ਜਾਣਕਾਰੀ ਮਿਲ਼ਦੀ ਹੈ (ਜਿਵੇਂ ਕਿ ਹੁਣ ਤੁਸੀਂ ਕਰ ਰਹੇ ਹੋ) ਇੰਟਰਨੈਸ਼ਨਲ ਈ-ਮੇਲ ਤੇ ਫ਼ੈਕਸ ਰਾਹੀਂ ਵੀ ਇਹ ਜਾਣਕਾਰੀ ਮਿਲ਼ਦੀ ਹੈ। ਇਹ ਲੋਕਾਂ ਤੱਕ ਤੁਰੰਤ ਪਹੁੰਚਣ ਦੇ ਸੌਖੇ ਸਾਧਨ ਹਨ।

## ਦੁਹਰਾਓ ਲਈ ਪ੍ਰਸ਼ਨ-II

☞ ਸੈਰ-ਸਪਾਟਾ ਜਾਣਕਾਰੀ ਦੇ ਮੁਖ ਸਾਧਨਾਂ ਦੇ ਨਾਂ ਲਿਖੋ।

---

---

☞ ਸੈਰ-ਸਪਾਟਾ ਸਨਅਤ ਦੇ ਸਟਾਫ ਮੈਂਬਰਾਂ ਦੀ ਜਾਣਕਾਰੀ ਨੂੰ ਵਿਕਸਿਤ ਕਰਨ ਦੇ ਕੀ-ਕੀ ਸਾਧਨ ਹਨ?

---

---

☞ ਕੋਈ ਦੋ ਟਰੈਵਲ – ਟਰੇਡ ਜਰਨਲਾਂ ਦੇ ਨਾਂ ਦੱਸੋ।

---

---

☞ ਸੀ.ਆਰ.ਐਸ. ਬਾਰੇ ਜਾਣਕਾਰੀ ਦਿਓ।

---

---

☞ ਸੈਰ-ਸਪਾਟਾ ਜਾਣਕਾਰੀ ਦੇ ਉਹਨਾਂ ਦੇ ਸਾਧਨਾ ਦੇ ਨਾਂ ਦੱਸੋ, ਜਿਨ੍ਹਾਂ ਵਿੱਚ ਕਿਸੇ ਵਿਸ਼ੇਸ਼ ਸੈਰ ਸਪਾਟਾ ਥਾਂ ਬਾਰੇ ਜੀਵਨੀਆਂ, ਫ਼ੋਟੋਗ੍ਰਾਫ਼ਿਕ ਰਿਕਾਰਡ ਦਿੱਤੇ ਹੁੰਦੇ ਹਨ?

---

---

## 9. ਸੈਰ-ਸਪਾਟਾ ਸੰਸਥਾਵਾਂ -:

ਜਿਹੜੀਆਂ ਸੰਸਥਾਵਾਂ ਸੈਰ-ਸਪਾਟਾ ਸੰਸਥਾਵਾਂ ਬਾਰੇ ਕੰਮ ਕਰਦੀਆਂ ਹਨ ਉਹ ਸੈਰ-ਸਪਾਟਾ ਸੰਸਥਾਵਾਂ ਅਖਵਾਉਂਦੀਆਂ ਹਨ। ਅਜਿਹੀਆਂ ਕੁਝ ਸੰਸਥਾਵਾਂ ਹੇਠ ਲਿਖੀਆਂ ਗਈਆਂ ਹਨ:

### ਸੈਰ - ਸਪਾਟਾ ਮੰਤਰਾਲਾ -:

ਸੈਰ-ਸਪਾਟਾ ਮੰਤਰਾਲਾ ਵੱਖ-ਵੱਖ ਕੇਂਦਰੀ ਸਰਕਾਰੀ ਏਜੰਸੀਆਂ ਦੇ ਸਹਿਯੋਗ ਨਾਲ਼ ਸੈਰ-ਸਪਾਟੇ ਸੰਬੰਧੀ ਕੌਮੀ ਨੀਤੀਆਂ ਤੇ ਪ੍ਰੋਗ੍ਰਾਮ ਨਿਰਧਾਰਤ ਕਰਦਾ ਹੈ, ਇਸੇ ਤਰ੍ਹਾਂ ਰਾਜ ਸਰਕਾਰਾਂ ਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਲਈ ਵੀ ਨੀਤੀਆਂ ਤੇ ਪ੍ਰੋਗ੍ਰਾਮ ਨਿਰਧਾਰਤ ਕੀਤੇ ਜਾਂਦੇ ਹਨ। ਇਹ ਮੰਤਰਾਲਾ ਕੇਂਦਰੀ ਰਾਜ ਮੰਤਰੀ (ਸੈਰ-ਸਪਾਟਾ) ਦੀ ਅਗਵਾਈ (ਸੁਤੰਤਰ ਚਾਰਜ) ਵਿੱਚ ਚਲਦਾ ਹੈ।

ਇਸ ਮੰਤਰਾਲੇ ਦਾ ਪ੍ਰਸ਼ਾਸ਼ਕੀ ਮੁਖੀ ਸਕੱਤਰ (ਟੂਰਿਜ਼ਮ) ਹੁੰਦਾ ਹੈ। ਸੈਕਟਰੀ ਸੈਰ-ਸਪਾਟੇ ਦਾ ਡਾਇਰੈਕਟਰ ਜਨਰਲ ਵੀ ਹੁੰਦਾ ਹੈ। ਸੈਰ-ਸਪਾਟਾ ਡਾਇਰੈਕਟਰ ਜਨਰਲ ਦਾ ਦਫਤਰ (ਹੁਣ ਸੈਕਟਰੀ ਟੂਰਿਜ਼ਮ ਦੇ ਦਫਤਰ ਵਿੱਚ ਮਿਲਾ ਦਿੱਤਾ ਗਿਆ ਹੈ) ਵੱਖ-ਵੱਖ ਨੀਤੀਆਂ ਤੇ ਪ੍ਰੋਗ੍ਰਾਮਾਂ ਨੂੰ ਪੂਰਾ ਕਰਨ ਲਈ ਕਾਰਜਕਾਰੀ ਦਿਸ਼ਾ ਨਿਰਦੇਸ਼ ਜਾਰੀ ਕਰਦਾ ਹੈ। ਡਾਇਰੈਕਟਰ ਜਨਰਲ (ਸੈਰ- ਸਪਾਟਾ) ਵੱਲੋਂ ਦੇਸ਼ ਭਰ ਵਿੱਚ 20 ਦਫ਼ਤਰ ਹੋਰ ਚਲਾਏ ਜਾਂਦੇ ਹਨ ਅਤੇ 14 ਦਫਤਰ ਵਿਦੇਸ਼ਾਂ ਵਿੱਚ ਹਨ। ਇਕ ਉਪ ਦਫਤਰ / ਪ੍ਰਾਜੈਕਟ ਇੰਡੀਅਨ ਇਸੰਟੀਚਿਊਟ ਆਫ ਸਕੀਇੰਗ ਐਂਡ ਮਾਊਨੇਟਰੀਅਰਿੰਗ (ਆਈ. ਆਈ. ਐਸ. ਐਮ) ਗੁਲਮਾਰਗ ਵਿੰਟਰ ਸਪੋਰਟਸ ਪ੍ਰਾਜੈਕਟ ਹੈ। ਵਿਦੇਸ਼ਾ ਵਿਚਲੇ ਦਫ਼ਤਰ ਆਮ ਤੌਰ ਤੇ ਸੈਰ-ਸਪਾਟੇ ਨੂੰ ਉਤਸ਼ਾਹਿਤ ਕਰਦੇ ਹਨ ਅਤੇ ਇਹ ਆਪੋ ਆਪਣੇ ਖੇਤਰਾਂ 'ਚ ਮਾਰਕੀਟਿੰਗ ਵੀ ਕਰਦੇ ਹਨ ਅਤੇ ਭਾਰਤ ਵਿਚਲੇ ਫੀਲਡ ਦਫ਼ਤਰ ਸੈਲਾਨੀਆਂ ਨੂੰ ਜਾਣਕਾਰੀ ਦੇਣ ਲਈ ਜ਼ਿੰਮੇਵਾਰ ਹਨ ਅਤੇ ਫੀਲਡ ਪ੍ਰਾਜੈਕਟਾਂ ਦੀ ਪ੍ਰਗਤੀ ਤੇ ਨਜ਼ਰ ਰੱਖਦੇ ਹਨ। ਆਈ, ਆਈ. ਐਸ. ਐਮ / ਜੀ. ਡਬਲਯੂ ਐਸ.

ਪੀ. ਵੱਲੋਂ ਹੁਣ ਵੱਖ-ਵੱਖ ਸਕੀਮਾਂ ਅਤੇ ਹੋਰ ਕੋਰਸ ਜੰਮੂ ਕਸ਼ਮੀਰ ਵਿੱਚ ਸ਼ੁਰੂ ਕੀਤੇ ਗਏ ਹਨ।

## ਸੈਰ-ਸਪਾਟਾ ਮੰਤਰਾਲੇ ਦੀ ਭੂਮਿਕਾ ਤੇ ਕੰਮ - ਕਾਰ

ਸੈਰ-ਸਪਾਟਾ ਮੰਤਰਾਲਾ ਦੇਸ ਵਿੱਚ ਸੈਰ-ਸਪਾਟਾ ਵਿਕਾਸ ਲਈ ਨੋਡਲ ਏਜੰਸੀ ਵਜੋਂ ਕੰਮ ਕਰਦਾ ਹੈ। ਇਹ ਰਾਜ ਸਰਕਾਰਾਂ ਤੇ ਕੇਂਦਰ ਸਰਕਾਰ ਵਿੱਚ ਸਹਿਯੋਗ ਬਣਾਉਣ ਲਈ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ, ਨਿੱਜੀ ਨਿਵੇਸ਼ ਨੂੰ ਉਤਸਾਹਿਤ ਕਰਦਾ ਹੈ, ਹੁਨਰਮੰਦ ਲੋਕਾਂ ਨੂੰ ਇਸ ਸਨਅਤ 'ਚ ਲਿਆਉਂਦਾ ਹੈ, ਮਾਰਕੀਟਿੰਗ ਦੇ ਯਤਨ ਕਰਦਾ ਹੈ। ਇਸ ਮੰਤਰਾਲੇ ਦੇ ਕੰਮ ਹੇਠ ਲਿਖੇ ਹਨ :-

* ਵਿਕਾਸ ਨੀਤੀਆਂ
* ਪ੍ਰੋਤਸਾਹਨ ਦੇਣਾ
* ਬਾਹਰੀ ਮਦਦ ਦੇਣਾ
* ਮੈਨਪਾਵਰ ਵਿਕਾਸ
* ਪ੍ਰੋਮੋਸ਼ਨ ਤੇ ਮਾਰਕੀਟਿੰਗ
* ਨਿਵੇਸ਼ ਪ੍ਰੋਤਸਾਹਨ
* ਯੋਜਨਾਕਾਰੀ
* ਹੋਰ ਮੰਤਰਾਲਿਆਂ, ਵਿਭਾਗਾਂ, ਪ੍ਰਦੇਸ਼ਾਂ, ਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨਾਲ਼ ਕੋਆਰਡੀਨੇਸ਼ਨ
* ਨਿਯਮ ਨਿਰਧਾਰਤ ਕਰਨਾ
* ਮਿਆਰ
* ਦਿਸ਼ਾ ਨਿਰਦੇਸ਼
* ਬੁਨਿਆਦੀ ਤੇ ਸੈਰ-ਸਪਾਟਾ ਸਥਾਨ ਦਾ ਵਿਕਾਸ

* ਦਿਸ਼ਾ ਨਿਰਦੇਸ਼

**ਮਾਨਵੀ ਸ੍ਰੋਤ ਵਿਕਾਸ**

- ਸੰਸਥਾਵਾਂ
- ਮਿਆਰ ਕਾਇਮ ਕਰਨਾ ਤੇ ਦਿਸ਼ਾ-ਨਿਰਦੇਸ਼ ਦੇਣਾ
- **ਪ੍ਰਚਾਰ ਤੇ ਮਾਰਕੀਟਿੰਗ**
- ਵਿਚਾਰ ਵਿਧੀਆਂ
- ਕਾਰਜ ਨੀਤੀਆਂ
- ਤਾਲ-ਮੇਲ
- **ਖੋਜ, ਮੁੱਲਾਂਕਣ, ਨਿਰੀਖਣ, ਮੁੱਲ ਨਿਰਧਾਰਨ**
- **ਕੌਮਾਂਤਰੀ ਤਾਲਮੇਲ ਅਤੇ ਬਾਹਰੀ ਸਹਾਇਤਾ**
- ਕੌਮਾਂਤਰੀ ਸੰਸਥਾਵਾਂ
- ਦੁਵੱਲੇ ਸਮਝੌਤੇ
- ਬਾਹਰੀ ਸਹਾਇਤਾ
- ਵਿਦੇਸ਼ੀ ਤਕਨੀਕੀ ਸਹਿਯੋਗ
- **ਕਾਨੂੰਨ ਤੇ ਸੰਸਦੀ ਕੰਮ**
- **ਸਥਾਪਨਾ ਮਾਮਲੇ**
- **ਚੌਕਸੀ ਮਾਮਲੇ**
- **ਸਰਕਾਰੀ ਭਾਸ਼ਾ ਨੀਤੀ ਨੂੰ ਲਾਗੂ ਕਰਨਾ**

- ✪ ਬਜਟ ਤਾਲਮੇਲ ਤੇ ਸੰਬੰਧਿਤ ਮਾਮਲੇ
- ✪ ਯੋਜਨਾ - ਤਾਲਮੇਲ ਤੇ ਨਿਰੀਖਣ

## ਐਸ.ਟੀ.ਡੀ.ਸੀ.

ਐਸ.ਟੀ.ਡੀ.ਸੀ.(ਸਟੇਟ ਟੂਰਿਜ਼ਮ ਡਿਵੈਲਪਮੈਂਟ ਕਾਰਪੋਰੇਸ਼ਨ) ਭਾਰਤ ਵਿੱਚ ਜਿਵੇਂ ਕਿ ਪ੍ਰਚਲਤ ਹੈ, ਹਰੇਕ ਰਾਜ ਦੀ ਰਾਜ ਪੱਧਰੀ ਕਾਰਪੋਰੇਸ਼ਨ ਹੈ, ਜਿਸ ਨੂੰ ਸੈਰ-ਸਪਾਟਾ ਦਾ ਆਪਣੇ ਰਾਜ ਵਿੱਚ ਵਿਕਸਿਤ ਕਰਨ ਦਾ ਕੰਮ ਸੌਂਪਿਆ ਗਿਆ ਹੈ।ਐਸ.ਟੀ.ਡੀ.ਸੀ.ਦਾ ਸੁਪਨਾ ਹੈ ਪ੍ਰਾਹੁਣਚਾਰੀ ਦੇ ਖੇਤਰ ਵਿੱਚ ਸੇਵਾਵਾਂ ਦੇਣ ਵਿੱਚ ਮੋਹਰੀ ਬਣਨਾ।

### ਮੰਤਵ (ਐਸ.ਟੀ.ਡੀ.ਸੀ.ਦੇ ਸ਼ਬਦਾਂ ਵਿੱਚ)

**ਐਸ.ਟੀ.ਡੀ.ਸੀ.ਦੇ ਮੰਤਵ ਹਨ :**

i) ਪ੍ਰਾਜੈਕਟ, ਸਕੀਮਾਂ ਤੇ ਹੋਰ ਗਤੀਵਿਧੀਆਂ ਸਥਾਪਤ ਕਰਨਾ, ਵਿਕਸਿਤ ਕਰਨਾ, ਤੇ ਅਪਰੇਟ ਕਰਨਾ ਤੇ ਇਸ ਦੇ ਨਾਲ਼ ਨਾਲ਼ ਸੈਰ-ਸਪਾਟਾ ਵਾਹਨ ਚਲਾਉਣਾ, ਉਹਨਾਂ ਦੀ ਸੰਭਾਲ ਕਰਨਾ ਤਾਂ ਕਿ ਸੈਰ-ਸਪਾਟੇ ਦੇ ਵਿਕਾਸ ਨੂੰ ਤੇਜ਼ ਕੀਤਾ ਜਾ ਸਕੇ।

ii) ਟੂਰਿਸਟ ਇਨਫਰਮੇਸ਼ਨ ਬਿਉਰੋ ਕਾਇਮ ਕਰਨਾ, ਉਸਨੂੰ ਚਲਾਉਣਾ ਤੇ ਉਸ ਦੀ ਸੰਭਾਲ਼ ਕਰਨਾ ਅਤੇ ਰਾਜ ਦੇ ਅੰਦਰ ਤੋਂ ਬਾਹਰ ਪਰ ਦੇਸ਼ ਦੇ ਅੰਦਰ-ਅੰਦਰ ਟੂਰਿਸਟ ਇਨਫਰਮੇਸ਼ਨ ਬਿਉਰੋ ਤੇ ਸੈਂਟਰ ਖੋਲ੍ਹਣਾ ਤੇ ਉਹਨਾਂ ਦੀ ਸੰਭਾਲ਼ ਕਰਨਾ

iii) ਸੈਰ-ਸਪਾਟੇ ਦੇ ਪ੍ਰਚਾਰ ਲਈ ਵੱਖ-ਵੱਖ ਤਰ੍ਹਾਂ ਦੀ ਪ੍ਰਚਾਰ ਸਮਗਰੀ ਛਾਪਣਾ ਤੇ ਉਸ ਨੂੰ ਵੇਚਣਾ।

iv) ਟੂਰਿਸਟ ਬੰਗਲੇ, ਸੈਰ-ਸਪਾਟਾ ਸਰਾਵਾਂ, ਯੂਥ ਹੋਸਟਲ, ਹੋਟਲ ਦੇ ਕੈਫੇਟੇਰੀਆ ਉਸਾਰਨਾ, ਲੀਜ਼ ਤੇ ਲੈਣਾ, ਚਲਾਉਣਾ ਤੇ ਉਹਨਾਂ ਦੀ ਸੰਭਾਲ਼ ਕਰਨਾ।

## ਸੈਰ-ਸਪਾਟੇ ਦੇ ਵਿਕਾਸ ਲਈ ਐਸ.ਟੀ.ਡੀ.ਸੀ. ਦੀ ਭੂਮਿਕਾ -:

1. ਇੱਕ ਆਗੂ ਵਜੋਂ ਸੈਰ-ਸਪਾਟੇ ਦੇ ਵਿਕਾਸ ਲਈ ਯਤਨ ਕਰਨੇ।
2. ਇੱਕ ਸੈਰ-ਸਪਾਟੇ ਦੇ ਵਿਸਰਜਕ ਵਜੋਂ ਇਸ ਦਾ ਫੈਲਾਓ ਕਰਨਾ।
3. ਮੁੱਖ ਕਾਰਜਕਰਤਾ ਵਜੋਂ ਬਿਨਾਂ ਕਿਸੇ ਲਾਭ ਦੇ ਕੰਮ ਕਰਨਾ।
4. ਰੁਜ਼ਗਾਰ ਦੇ ਮੌਕੇ ਪੈਦਾ ਕਰਨਾ।
5. ਦੇਸ਼ ਦਾ ਰੈਵੇਨਿਊ ਵਧਾਉਣ 'ਚ ਯੋਗਦਾਨ ਦੇਣਾ
6. ਸੈਲਾਨੀਆਂ ਲਈ ਯਾਤਰਾ ਨੂੰ ਸੁਖਾਵਾਂ ਬਣਾਉਣਾ
7. ਸੈਰ-ਸਪਾਟਾ ਥਾਂਵਾਂ 'ਤੇ ਉਹਨਾਂ ਦੀ ਠਹਿਰ ਨੂੰ ਸੁਰੱਖਿਅਤ ਬਣਾਉਣਾ।
8. ਸਰਕਾਰ ਦੇ ਅਧਿਕਾਰਿਤ ਮਹਿਮਾਨ ਨਿਵਾਜ਼ ਵਜੋਂ ਕੰਮ ਕਰਨਾ

## 9. ਯੂ.ਐਨ.ਡਬਲਯੂ.ਟੀ.ਓ.

ਯੂਨਾਈਟਿਡ ਨੇਸ਼ਨਜ਼ ਵਰਲਡ ਟੂਰਿਜ਼ਮ ਆਰਗੇਨਾਈਜ਼ੇਸ਼ਨ, ਯੂਨਾਈਟਡ ਨੇਸ਼ਨਜ਼ ਦੀ ਏਜੰਸੀ ਹੈ ਜੋ ਵਿਸ਼ਵ ਭਰ ਵਿੱਚ ਸੈਰ-ਸਪਾਟੇ ਦੇ ਵਿਕਾਸ ਲਈ ਕੰਮ ਕਰਦੀ ਹੈ। ਸੈਰ-ਸਪਾਟੇ ਦੇ ਖੇਤਰ 'ਚ ਇਹ ਮੋਹਰੀ ਕੌਮਾਂਤਰੀ ਸੰਸਥਾ ਹੈ ਜੋ ਸੈਰ-ਸਪਾਟੇ ਨੂੰ ਆਰਥਿਕ ਵਿਕਾਸ ਦਾ ਧੁਰਾ ਸਮਝ ਕੇ ਇਸ ਦੇ ਵਿਕਾਸ ਲਈ ਕੰਮ ਕਰਦੀ ਹੈ। ਇਹ ਸੈਰ-ਸਪਾਟੇ ਦੀਆਂ ਨੀਤੀਆਂ ਨੂੰ ਵਿਸ਼ਵ ਭਰ ਵਿੱਚ ਲਾਗੂ ਕਰਦੀ ਹੈ। ਇਹ ਸੈਰ-ਸਪਾਟੇ ਲਈ ਆਲਮੀ ਨੀਤੀ ਸ਼ਾਸ਼ਤਰ ਦੇ ਕੋਡ ਨੂੰ ਲਾਗੂ ਕਰਨ ਨੂੰ ਉਤਸ਼ਾਹਿਤ ਕਰਦੀ ਹੈ ਤਾਂ ਕਿ ਸੈਰ-ਸਪਾਟੇ ਦੀ ਸਮਾਜਿਕ ਆਰਥਿਕ ਵਿਕਾਸ ਵਿੱਚ ਭੂਮਿਕਾ ਨੂੰ ਵੱਧ ਤੋਂ ਵੱਧ ਵਧਾਇਆ ਜਾਵੇ ਅਤੇ ਇਸ ਦੇ ਸੰਭਵ ਨਾਂਹ-ਪੱਖੀ ਪ੍ਰਭਾਵਾਂ ਨੂੰ ਘੱਟ ਤੋਂ ਘੱਟ ਕੀਤਾ ਜਾਵੇ, ਇਹ ਟੂਰਿਜ਼ਮ ਨੂੰ ਇਸ ਲਈ ਵੀ ਵਿਕਸਿਤ ਕਰਨ ਲਈ ਪ੍ਰਤੀਬੱਧ ਹੈ ਕਿਉਂਕਿ ਇਹ ਯੂਨਾਈਟਡ ਨੇਸ਼ਨਜ਼ ਦਾ ਮਿਲੇਨੀਅਮ ਵਿਕਾਸ ਦਾ ਟੀਚਾ ਵੀ ਹੈ ਜਿਸ ਦਾ ਮੰਤਵ ਗ਼ਰੀਬੀ ਘਟਾਉਣਾ ਤੇ ਵਿਕਾਸ ਦੀ ਗਤੀ ਨੂੰ ਤੇਜ਼ ਕਰਨਾ ਹੈ।


ਯੂ.ਐਨ.ਡਬਲਯੂ.ਟੀ.ਓ. ਮਾਰਕੀਟ ਗਿਆਨ ਨੂੰ ਵੀ ਵਧਾਉਂਦੀ ਹੈ, ਮੁਕਾਬਲਾਕਾਰੀ ਨੂੰ ਵੀ

ਵਧਾਉਂਦੀ ਹੈ। ਸੈਰ-ਸਪਾਟਾ ਵਿੱਦਿਆ ਤੇ ਸਿਖਲਾਈ ਨੂੰ ਵੀ ਉਤਸ਼ਾਹਿਤ ਕਰਦੀ ਹੈ ਅਤੇ ਵਿਸ਼ਵ ਭਰ ਦੇ ਸੌ ਤੋਂ ਵੱਧ ਦੇਸਾਂ ਵਿਚ ਤਕਨੀਕੀ ਸਹਾਇਤਾ ਪ੍ਰਾਜੈਕਟਾਂ ਦੇ ਜ਼ਰੀਏ ਸੈਰ-ਸਪਾਟੇ ਨੂੰ ਵਿਕਾਸ ਦਾ ਇਕ ਪ੍ਰਭਾਵੀ ਸੰਦ ਬਣਾਉਣ ਲਈ ਕੰਮ ਕਰਦੀ ਹੈ।

ਯੂ.ਐਨ.ਡਬਲਯੂ.ਟੀ.ਓ.ਦੀ ਮੈਂਬਰਸ਼ਿਪ 156 ਦੇਸਾਂ ਵਿੱਚ, 6 ਟੈਰੀਟੋਰੀਆਂ ਵਿੱਚ ਹੈ ਅਤੇ ਇਸ ਦੇ 400 ਐਫਿਲੀਏਟ ਮੈਂਬਰ ਹਨ ਜੋ ਕਿ ਨਿੱਜੀ ਖੇਤਰ ਦੀ ਪ੍ਰਤਿਨਿੱਧਤਾ ਕਰਦੇ ਹਨ, ਵਿੱਦਿਅਕ ਸੰਸਥਾਵਾਂ, ਟੂਰਿਜ਼ਮ ਐਸੋਸੀਏਸ਼ਨਾ ਅਤੇ ਸਥਾਨਿਕ ਸੈਰ-ਸਪਾਟਾ ਅਥਾਰਟੀਆਂ ਵੀ ਇਸ ਨਾਲ਼ ਸੰਬੰਧਿਤ ਹਨ। ਇਸ ਦਾ ਮੁੱਖ ਦਫ਼ਤਰ ਮੈਡਰਿਡ (ਸਪੇਨ) ਵਿੱਚ ਹੈ।

## ਸੰਸਥਾਈ ਮੰਤਵ -:

ਯੂ.ਐਨ.ਡਬਲਯੂ.ਟੀ.ਓ. ਦਾ ਮੰਤਵ ਸੈਰ-ਸਪਾਟੇ ਨੂੰ ਵਿਕਸਿਤ ਕਰਨਾ ਤੇ ਇਸਦੇ ਵਿਕਾਸ ਨੂੰ ਕਾਇਮ ਰੱਖਣਾ ਹੈ ਤਾਂ ਕਿ ਇਹ ਆਰਥਿਕ ਵਿਕਾਸ ਵਿੱਚ ਯੋਗਦਾਨ ਦਿੰਦਾ ਰਹੇ ਅਤੇ ਇਸ ਨਾਲ਼ ਕੌਮਾਂਤਰੀ ਸੂਝ ਬੂਝ, ਅਮਨ, ਵਿਕਾਸ ਬਣਿਆ ਰਹੇ। ਮਨੁੱਖੀ ਅਧਿਕਾਰਾਂ ਦੀ ਕਦਰ ਬਣੀ ਰਹੇ ਅਤੇ ਸਾਰਿਆਂ ਲਈ ਸੁਤੰਤਰਤਾ ਦਾ ਸੰਕਲਪ ਬਿਨਾਂ ਕਿਸੇ ਲਿੰਗ ਭੇਦ, ਭਾਸ਼ਾ ਭੇਦ, ਜਾਂ ਧਰਮ ਭੇਦ ਦੇ ਲਾਗੂ ਹੋਵੇ। ਇਹਨਾਂ ਮੰਤਵਾਂ ਦੀ ਪ੍ਰਾਪਤੀ ਲਈ ਯੂ. ਐਨ. ਡਬਲਯੂ. ਟੀ. ਓ. ਆਪਣਾ ਵਿਸ਼ੇਸ਼ ਧਿਆਨ ਵਿਕਾਸਸ਼ੀਲ ਦੇਸ ਦੀ ਵਿਚਲੇ ਸੈਰ-ਸਪਾਟਾ ਖੇਤਰ ਵੱਲ ਦੇ ਰਹੀ ਹੈ।



ਯੂ.ਐਨ.ਡਬਲਯੂ.ਟੀ.ਓ.ਮੈਂਬਰ ਦੇਸ਼ । ਯੂ.ਐਨ.ਡਬਲਯੂ.ਟੀ.ਓ.ਸਹਿਯੋਗੀ। ਯੂ.ਐਨ. ਡਬਲਯੂ.ਟੀ.ਓ ਦਰਸ਼ਕ, ਗੂੜ੍ਹਾ ਹਰਾ ਰੰਗ : ਯੂ.ਐਨ.ਡਬਲਯੂ.ਟੀ.ਓ.ਮੈਂਬਰ

## 10. ਦੁਹਰਾਓ ਲਈ ਪ੍ਰਸ਼ਨ- III

✲ ਐਮ.ਓ.ਟੀ.ਦਾ ਮੁਖੀ ਕੌਣ ਹੈ?

____________________

✲ ਐਮ.ਓ.ਟੀ.ਦੇ ਕੋਈ ਦੋ ਕੰਮ ਦੱਸੋ?

____________________

✲ ਐਸ.ਟੀ.ਡੀ.ਸੀ.ਮੁੱਖ ਤੌਰ ਤੇ ਕਿਸ ਦੇਸ 'ਤੇ ਧਿਆਨ ਕੇਂਦਿਰਤ ਰੱਖਦੀ ਹੈ?

____________________

✲ ਕਿੰਨੇ ਟੂਰ ਅਪਰੇਟਰ ਤੇ ਸਥਾਨਿਕ ਭਾਈਚਾਰੇ ਐਸ. ਟੀ. ਡੀ. ਸੀ. ਵਿੱਚ ਸ਼ਾਮਲ ਹੋ ਚੁੱਕੇ ਹਨ?

____________________

✲ ਯੂ.ਐਨ.ਡਬਲਯੂ.ਟੀ.ਓ.ਦਾ ਹੈੱਡ ਕੁਆਟਰ ਜਾਂ ਮੁੱਖ ਦਫ਼ਤਰ ਕਿੱਥੇ ਹੈ?

____________________

✲ ਯੂ.ਐਨ.ਡਬਲਯੂ.ਟੀ.ਓ ਦੇ ਕਿੰਨੇ ਦੇਸ ਮੈਂਬਰ ਹਨ?

____________________

## 11. ਅਸੀਂ ਕੀ ਕੁਝ ਸਿੱਖਿਆ ਹੈ?

* ਸੈਰ – ਸਪਾਟਾ ਉਹ ਪ੍ਰਕਿਰਿਆ ਹੈ ਜੋ ਥੋੜ੍ਹੇ ਸਮੇਂ ਲਈ ਕੀਤੀ ਜਾਂਦੀ ਹੈ: 24 ਘੰਟਿਆਂ ਤੋਂ ਵੱਧ ਤੇ ਇਕ ਸਾਲ ਤੋਂ ਘੱਟ ਦੇ ਸਮੇਂ ਲਈ ਅਤੇ ਇਹ ਲਾਭ ਰਹਿਤ ਮੰਤਵ ਲਈ ਹੁੰਦੀ ਹੈ।
* ਕਈ ਦਹਾਕਿਆਂ ਤੋਂ ਸੈਰ – ਸਪਾਟਾ ਖੇਤਰ 'ਚ ਲਗਾਤਾਰ ਵਿਕਾਸ ਹੁੰਦਾ ਆ ਰਿਹਾ ਹੈ ਅਤੇ

ਇਸ ਵਿੱਚ ਸਮੇਂ-ਸਮੇਂ ਕਈ ਵਿਭਿੰਨਤਾਵਾਂ ਵੀ ਆਉਂਦੀਆਂ ਰਹੀਆਂ ਹਨ ਤੇ ਹੁਣ ਇਹ ਵਿਸ਼ਵ, ਪੱਧਰ ਤੇ ਤੇਜ਼ੀ ਨਾਲ ਵਿਕਸਿਤ ਹੋ ਰਿਹਾ ਆਰਥਿਕ ਖੇਤਰ ਬਣ ਚੁੱਕਾ ਹੈ।

* ਵਿਕਸਿਤ ਦੇਸ਼ਾਂ ਵਿੱਚ ਅਤੇ ਸਨਅਤੀ ਦੇਸ਼ਾਂ ਵਿੱਚ ਇਸ ਦੇ ਆਲਮੀ ਪੱਧਰ ਤੇ ਪਸਾਰ ਨਾਲ਼ ਕਈ ਹੋਰ ਸੰਬੰਧਿਤ ਖੇਤਰਾਂ ਵਿਚ ਆਰਥਿਕ ਤੇ ਰੁਜ਼ਗਾਰ ਮੁਖੀ ਫਾਇਦੇ ਵੀ ਸਾਹਮਣੇ ਆਏ ਹਨ, ਉਸਾਰੀ ਆਦਿ ਤੋਂ ਲੈ ਕੇ ਖੇਤੀਬਾੜੀ ਤਕ ਜਾਂ ਦੂਰ ਸੰਚਾਰ ਖੇਤਰ ਤੱਕ।
* ਸੈਰ-ਸਪਾਟੇ ਬਾਰੇ ਜਾਣਕਾਰੀ ਹਾਸਲ ਕਰਨ ਲਈ ਇਸ ਸਨਅਤ ਵਿੱਚ ਕੰਮ ਕਰਦੇ ਲੋਕ, ਬਰੋਸ਼ਰ, ਰਿਸਾਲੇ, ਮੀਡੀਆ, ਪ੍ਰਕਾਸ਼ਨਾਵਾਂ, ਇੰਟਰਨੈੱਟ, ਸੈਰ-ਸਪਾਟਾ ਜਾਣਕਾਰੀ ਕੇਂਦਰ ਇਸ ਦੇ ਮੁੱਖ ਤੇ ਮਹੱਤਵਪੂਰਨ ਸਾਧਨ ਹਨ।
* ਕਈ ਸੈਰ-ਸਪਾਟਾ ਸੰਸਥਾਵਾਂ ਜਿਵੇਂ ਕਿ ਐਮ. ਟੀ. ਓ. ਟੀ, ਐਮਂ ਟੀ. ਡੀ. ਸੀ., ਯੂ. ਐਨ. ਡਬਲਯੂ. ਟੀ. ਓ. ਸੈਰ-ਸਪਾਟਾ ਸਨਅਤ ਦੇ ਵਿਕਾਸ ਤੇ ਪਸਾਰ ਲਈ ਲਗਾਤਾਰ ਕੰਮ ਕਰ ਰਹੇ ਹਨ।

## 12. <u>ਭੱਵਿਖੀ ਹਵਾਲਿਆਂ ਲਈ ਪ੍ਰਸਤਾਵਿਤ ਸ੍ਰੋਤ</u>

**<u>ਇੰਟਰਨੈਟ ਸਾਧਨ</u>**

ਇੰਡੀਆ ਰੈਫ. ਕਾਮ

ਟਾਇਰੋਸਿਟੀ. ਕਾਮ

ਸਾਈਲਰਨਿੰਗ. ਟੀਏ

ਐਫ ਈ ਐਨ ਐਸ ਡਬਲਯੂ. ਐਜੂ. ਏਯੂ

ਟੂਰਿਜ਼ਮ. ਗੋਣ. ਇਨ

ਐਸ.ਟੀ.ਡੀ.ਸੀ – ਮੰਗੋਲੀਆ ਓ.ਆਰ.ਜੀ

ਵਿਕੀ.ਪੇਡੀਆ.ਓਆਰਜੀ / ਵਿਕੀ / ਵਰਲਡ – ਆਰਗੇਨਾਈਜੇਸ਼ਨ

ਯੂ.ਐਨ.ਡਬਲਯੂ.ਟੀ ਓ.ਓ.ਆਰ.ਜੀ

**ਪੁਸਤਕਾਂ**

* ਕੁੱਕ, ਆਰ. ਏ., ਐਲ ਜੇ. ਯੇਲ ਅਤੇ ਜੇ. ਜੇ. ਮਾਰਕੁਆ (1999) ਟੂਰਿਜ਼ਮ : ਦਿ ਬਿਜ਼ਨੈਸ ਆਫ ਟਰੈਵਲ, ਨਿਊਜਰਸੀ : ਪ੍ਰੈਂਟਿਸ ਹਾਲ
* ਹਾਲ ਸੀ. ਐਮ. ਅਤੇ ਸਟੀਫਨ, ਜੇ ਪੇਜ (2002) ਦਿ ਜਿਓਗਰਾਫੀ ਆਫ ਟੂਰਿਜ਼ਮ ਐਂਡ ਰੀਕਰੀਏਸ਼ਨ ਐਨਵਾਇਰਨਮੈਂਟ, ਪਲੇਸ ਐਂਡ ਸਪੇਸ, ਲੰਦਨ : ਰੂਟਲੈੱਜ।
* ਹੁਡਮੈਨ, ਈ. ਐਲ. ਐਂਡ. ਡੀ. ਈ. ਹਾਕਿਨਜ਼ (1989) ਟੂਰਿਜ਼ਮ ਐਂਡ ਕਨਟੈਂਪਰੇਰੀ ਸੁਸਾਇਟੀ : ਐਨ ਇੰਟਰੋਡਕਟਰੀ ਟੈਕਸਟ, ਨਿਊ ਜਰਸੀ ; ਪ੍ਰੈਂਟਿਸ ਹਾਲ
* ਲੁੰਦਬਰਗ, ਡੀ. ਈ. (1990) ਦਿ ਟੂਰਿਸਟ ਬਿਜ਼ਨਸ, ਨਿਊਯਾਰਕ : ਵਾਨ ਨੌਸਟਰੈਂਡ ਰੀਨ ਹੋਲਡ।
* ਨਬੀ ਜੀ. (2000) ਸੋਸ਼ੋ ਇਕਨਾਮਿਕ ਇੰਪੈਕਟ ਆਫ ਟੂਰਿਜ਼ਮ, ਜੈਪੁਰ : ਪੁਆਇੰਟਰ।
* ਪੂਨੀਆ, ਬੀ. ਕੇ. (1994) ਟੂਰਿਜ਼ਮ ਮੈਨੇਜਮੈਂਟ – ਪ੍ਰੋਬਲਮ ਐਂਡ ਪ੍ਰੌਸਪੈਕਟਸ, ਦਿਲੀ, ਅਸ਼ੀਸ਼
* ਸੇਠ, ਪੀ. ਐਨ. (1997) ਸਕਸੈੱਸਫੁਲ ਟੂਰਿਜ਼ਮ ਮੈਨੇਜਮੈਂਟ, ਨਵੀ. ਦਿੱਲੀ : ਸਟਰਲਿੰਗ

# ਯੂਨਿਟ - 3

# ਸੈਰ-ਸਪਾਟਾ ਬਿਜ਼ਨੈੱਸ - II

## ਸਮੱਗਰੀ :

3.0 ਯੂਨਿਟ ਓਵਰਵਿਊ ਅਤੇ ਵੇਰਵੇ

3.1 ਜਾਣਕਾਰੀ

3.2 ਸੈਰ-ਸਪਾਟਾ ਤੇ ਪ੍ਰਾਹੁਣਚਾਰੀ ਤਕਨੀਕੀ ਸ਼ਬਦਾਵਲੀ

3.2.1 ਸੈਰ ਸਪਾਟੇ ਨਾਲ਼ ਸੰਬੰਧਿਤ ਤਕਨੀਕੀ ਸ਼ਬਦਾਵਲੀ

3.2.2 ਲਏ ਜਾਣ ਵਾਲ਼ੇ ਕਮਰਿਆਂ ਦੀ ਕਿਸਮ ਦੀ ਪਛਾਣ ਬਾਰੇ ਤਕਨੀਕੀ ਸ਼ਬਦਾਵਲੀ

3.2.3 ਖਾਣੇ ਦੀ ਯੋਜਨਾ ਤੇ ਕਮਰਿਆਂ ਦੀ ਕਿਸਮ ਦੀ ਪਛਾਣ ਬਾਰੇ ਤਕਨੀਕੀ ਸ਼ਬਦਾਵਲੀ

3.2.4 ਕੁਝ ਹੋਰ ਤਕਨੀਕੀ ਸ਼ਬਦਾਵਲੀ

3.3 ਯਾਤਰਾ ਏਜੰਸੀ ਦੀਆਂ ਗਤੀਵਿਧੀਆਂ

3.4 ਯਾਤਰਾ ਲਈ ਦਸਤਾਵੇਜ਼

3.4.1 ਪਾਸਪੋਰਟ ਵੀਜ਼ਾ ਤੇ ਹੋਰ ਦਸਤਾਵੇਜ਼

3.4.2 ਮੈਡੀਕਲ ਲੋੜਾਂ

3.4.3 ਬੀਮਾ ਤੇ ਹੋਰ ਦਸਤਾਵੇਜ਼

3.5 ਸਾਰ

## 3.0 ਯੂਨਿਟ 'ਤੇ ਸਰਸਰੀ ਨਜ਼ਰ ਅਤੇ ਵੇਰਵੇ

ਤੁਸੀਂ ਸੈਰ-ਸਪਾਟੇ ਦੇ ਸੰਕਲਪ ਤੋਂ ਜਾਣੂ ਹੋ ਚੁੱਕੇ ਹੋ ਤੇ ਤੁਸੀਂ ਸੈਰ-ਸਪਾਟਾ ਸਨਅਤ ਨਾਲ਼ ਸੰਬੰਧਿਤ ਹੋਰ ਸ਼ਰਤਾਂ ਬਾਰੇ ਵੀ ਜਾਣ ਗਏ ਹੋ। ਇਹ ਯੂਨਿਟ ਭਾਰਤ ਵਿੱਚ ਅਤੇ ਵਿਸ਼ਵ ਭਰ ਵਿੱਚ ਸੈਰ-ਸਪਾਟਾ, ਸਨਅਤ ਦੇ ਵਿਕਾਸ ਨਾਲ਼ ਸੰਬੰਧਿਤ ਕੁਝ ਹੋਰ ਗੱਲਾਂ ਬਾਰੇ ਜਾਣਕਾਰੀ ਦਿੰਦਾ ਹੈ। ਇਹ ਯੂਨਿਟ ਤੁਹਾਨੂੰ ਇਹ ਜਾਣਨ 'ਚ ਮਦਦ ਕਰੇਗਾ

- ਸੈਰ-ਸਪਾਟੇ ਅਤੇ ਪ੍ਰਾਹੁਣਚਾਰੀ ਨਾਲ਼ ਸੰਬੰਧਿਤ ਤਕਨੀਕੀ ਸ਼ਬਦਾਵਲੀ
- ਟਰੈਵਲ ਏਜੰਸੀ ਵੱਲੋਂ ਕੀਤੀਆਂ ਜਾਣ ਵਾਲ਼ੀਆਂ ਗਤੀਵਿਧੀਆਂ
- ਦੇਸੀ ਤੇ ਕੌਮਾਂਤਰੀ ਯਾਤਰਾ ਵਿਚਲਾ ਫ਼ਰਕ
- ਕੌਮਾਂਤਰੀ ਯਾਤਰਾ ਲਈ ਲੋੜੀਂਦੇ ਦਸਤਾਵੇਜ਼
- ਕੌਮਾਂਤਰੀ ਯਾਤਰਾ ਦੀਆਂ ਹੋਰ ਲੋੜਾਂ ਦੀ ਸੂਚੀ

**ਸ੍ਰੋਤ ਸਮਗਰੀ :**

ਐਕਟਿਵਿਟੀ ਸ਼ੀਟ, ਪੈਨ, ਪ੍ਰੋਜੈਕਟਰ ਅਤੇ ਕੰਪਿਊਟਰ

ਸਮਾਂ ਸੀਮਾ : ਕੁੱਲ 12 ਘੰਟੇ (ਥਿਊਰੀ 10 ਘੰਟੇ – ਪ੍ਰੈਕਟੀਕਲ 12 ਘੰਟੇ

ਐਕਟਿਵਿਟੀ / ਪ੍ਰੈਕਟੀਕਲ

ਇੱਕ ਦਿਨ ਲਈ ਉਸ ਟਰੈਵਲ ਏਜੰਸੀ ਵਿੱਚ ਜਾਓ ਜੋ ਦੇਸੀ ਅਤੇ ਕੌਮਾਂਤਰੀ ਯਾਤਰਵਾਂ ਬਾਰੇ ਕੰਮ ਕਰਦੀ ਹੋਵੇ।

**ਮੁੱਲਾਂਕਣ ਯੋਜਨਾ**

ਅਭਿਆਸ : ਪ੍ਰਸ਼ਨ ਤੇ ਉੱਤਰ, ਵਿਚਾਰ ਵਟਾਂਦਰਾ ਤੇ ਗਰੁੱਪ ਡਿਸਕਸ਼ਨ।


## 3.1 ਜਾਣਕਾਰੀ -:

ਸੈਰ-ਸਪਾਟਾ ਵਪਾਰ ਲਗਾਤਾਰ ਵਧ ਫੁੱਲ ਰਿਹਾ ਹੈ। ਤੁਹਾਨੂੰ ਇਸ ਸਨਅਤ ਬਾਰੇ ਤੇ ਇਸ ਦੇ ਅਨਿਸ਼ਚਿਤ ਸੁਭਾਅ ਬਾਰੇ ਜਾਣੂ ਕਰਵਾ ਦਿੱਤਾ ਗਿਆ ਹੈ ਅਤੇ ਹੁਣ ਤੱਕ ਤੁਹਾਨੂੰ ਇਹ ਪਤਾ ਲੱਗ ਗਿਆ ਹੋਵੇਗਾ ਕਿ ਸੈਰ-ਸਪਾਟਾ ਸਨਅਤ ਦੀ ਇੱਕ ਵੱਖਰੀ ਪਛਾਣ ਤੇ ਵੱਖਰੀਆਂ ਲੋੜਾਂ ਹਨ। ਸੈਰ-ਸਪਾਟੇ ਦੇ ਵਿਦਿਆਰਥੀ ਦੇ ਤੌਰ 'ਤੇ ਇਸ ਦੇ ਵੱਖ-ਵੱਖ ਭਾਗਾਂ, ਕਿਸਮਾਂ ਤੇ ਸੁਭਾਅ ਬਾਰੇ ਜਾਣ ਲੈਣਾ ਹੀ ਕਾਫ਼ੀ ਨਹੀਂ, ਜੇਕਰ ਤੁਸੀਂ ਇਸ ਵਪਾਰ ਵਿੱਚ ਪੈਣਾ ਹੋਵੇ ।ਸੈਰ-ਸਪਾਟਾ ਸਨਅਤ ਅਤੇ ਇਸ ਵਪਾਰ ਦਾ ਢੰਗ ਅਰਥਾਤ ਟਰੈਵਲ ਏਜੰਟ ਦੇ ਕੰਮ, ਟੂਰ ਅਪਰੇਟਰ ਹੋਰ ਸੰਬੰਧਿਤ ਲੋਕਾਂ ਦੇ ਕੰਮ ਬਦਲਦੇ ਰਹਿਣ ਵਾਲ਼ੇ ਤੇ ਵਿਭਿੰਨ ਹਨ। ਮਿਸਾਲ ਦੇ ਤੌਰ ਤੇ ਕੋਈ ਸਮਾਂ ਸੀ ਜਦੋਂ ਏਅਰ ਲਾਈਨ ਦੀਆਂ ਟਿਕਟਾਂ ਜਾਂ ਹੋਟਲ 'ਚ ਕੰਮਾਂ ਦੀ ਬੁਕਿੰਗ ਆਦਿ ਸੇਵਾਵਾਂ ਟਰੈਵਲ ਏਜੰਟ ਕੋਲ਼ੋਂ ਮਿਲ਼ ਜਾਂਦੀਆਂ ਸਨ ਪਰ ਹੁਣ ਇਹ ਸਭ ਕੁਝ ਸਿੱਧਿਆਂ ਹੀ ਇੰਟਰਨੈੱਟ 'ਤੇ ਹੋ ਜਾਂਦਾ ਹੈ।ਹੁਣ ਯਾਤਰੀ ਦੀ ਟਰੈਵਲ ਏਜੰਟ ਜਾਂ ਟੂਰ ਆਪਰੇਟਰ 'ਤੇ ਨਿਰਭਰਤਾ ਬਹੁਤ ਘਟ ਗਈ ਹੈ।ਹੁਣ ਯਾਤਰੀ ਨੇ ਜਿੱਥੇ ਜਾਣਾ ਹੋਵੇ ਬਾਰੇ ਜਾਣਕਾਰੀ, ਹੋਟਲ ਜਿਥੇ ਠਹਿਰਨਾ ਹੋਵੇ, ਬਾਰੇ ਜਾਣਕਾਰੀ ਵੀ ਸੌਖਿਆਂ ਹੀ ਮਿਲ਼ ਜਾਂਦੀ ਹੈ। ਸੈਲਾਨੀਆਂ ਤੇ ਯਾਤਰੀਆਂ ਨੂੰ ਜਾਣਕਾਰੀ ਦੇਣ ਲਈ ਹੁਣ ਕਈ ਵੈਬਸਾਈਟਾਂ ਉਪਲਬਧ ਹਨ।

Website and logo of online travel service providers / online travel agencies
**Source:** websites of makemytrip and yatra




Website providing information on India as a destination
**Source:** Website of Incredible India




Website of Air India offering the chance to book air tickets
**Source:** Website of Air India

ਇਸ ਸਭ ਕੁਝ ਦੇ ਬਾਵਜੂਦ ਟਰੈਵਲ ਏਜੰਟ ਤੇ ਟੂਰ ਆਪਰੇਟਰ ਦੀ ਭੂਮਿਕਾ ਅਤਿ ਅਹਿਮ ਹੈ। ਜਿਵੇਂ ਕਿ ਹਰੇਕ ਸਨਅਤ ਵਿੱਚ ਹੁੰਦਾ ਹੈ, ਸੈਰ-ਸਪਾਟਾ ਸਨਅਤ ਦੀਆਂ ਗਤੀਵਿਧੀਆਂ ਤੇ ਕੰਮ-ਕਾਰ ਵਿਲੱਖਣ ਹਨ ਤੇ ਕੁਝ ਵਿਸ਼ੇਸ਼ ਕਿਸਮ ਦੀਆਂ ਤਕਨੀਕੀ ਸ਼ਬਦਾਵਲੀਆਂ ਵੀ ਇਸ ਨਾਲ਼ ਸੰਬੰਧਿਤ ਹਨ। ਇਸ ਯੂਨਿਟ ਵਿੱਚ ਕੁਝ ਆਮ ਵਰਤੇ 'ਚ ਆਉਣ ਵਾਲ਼ੀ ਤਕਨੀਕੀ ਸ਼ਬਦਾਵਲੀਆਂ ਨਾਲ਼ ਤੁਹਾਨੂੰ ਜਾਣੂ ਕਰਵਾਇਆ ਜਾਵੇਗਾ। ਇਸ ਯੂਨਿਟ ਵਿੱਚ ਇਹ ਵੀ ਦੱਸਿਆ ਜਾਵੇਗਾ ਕਿ ਦੇਸੀ ਤੇ ਕੌਮਾਂਤਰੀ ਯਾਤਰਾਵਾਂ ਤੇ ਇਹਨਾਂ ਦੀਆਂ ਜ਼ਰੂਰਤਾਂ ਵਿੱਚ ਵੀ ਫ਼ਰਕ ਹੈ।

## 3.2 ਯਾਤਰਾ ਤੇ ਪ੍ਰਾਹੁਣਚਾਰੀ ਬਾਰੇ ਤਕਨੀਕੀ ਸ਼ਬਦਾਵਲੀ

ਤੁਹਾਨੂੰ ਪਤਾ ਹੈ ਕਿ ਹਰੇਕ ਪੇਸ਼ੇ ਅਤੇ ਸਨਅਤ ਦੀ ਇੱਕ ਆਪਣੀ ਹੀ ਤਕਨੀਕੀ ਸ਼ਬਦਾਵਲੀ ਹੁੰਦੀ ਹੈ। ਕੰਮ ਦੇ ਸਮੇਂ ਦੌਰਾਨ ਇਸ ਤਕਨੀਕੀ ਸ਼ਬਦਾਵਲੀ ਦਾ ਪ੍ਰਯੋਗ ਕੀਤਾ ਜਾਂਦਾ ਹੈ। ਇਸੇ ਤਰ੍ਹਾਂ ਸੈਰ-ਸਪਾਟਾ ਵਪਾਰ ਵਿੱਚ ਇਸ ਤਕਨੀਕੀ ਸ਼ਬਦਾਵਲੀ ਦੀ ਵਰਤੋਂ ਨਾਲ਼ ਸੁਣਨ ਵਾਲ਼ਾ ਪੂਰੀ ਤਰ੍ਹਾਂ ਉਸ ਦਾ ਅਰਥ ਸਮਝ ਜਾਂਦਾ ਹੈ ; ਇਸ ਸਨਅਤ 'ਚ ਇਹ ਸ਼ਬਦਾਵਲੀ ਹੀ ਸੰਚਾਰ ਦੀ ਭਾਸ਼ਾ ਹੁੰਦੀ ਹੈ। ਇਹ ਤਕਨੀਕੀ ਸ਼ਬਦਾਵਲੀ ਕਈ ਵਾਰ ਪ੍ਰਥਮ ਅੱਖਰੀ ਹੀ ਹੁੰਦੀ ਹੈ ਅਰਥਾਤ ਇੱਕੋ ਅੱਖਰ ਨਾਲ਼ ਅਰਥ ਸਮਝਾ ਦਿੱਤਾ ਜਾਂਦਾ ਹੈ ਜਿਵੇਂ ਕਿ ਏਅਰ ਟਿਕਟਾਂ ਬੁੱਕ ਕਰ ਦਿਓ, ਕਮਰਾ ਬੁੱਕ ਕਰੋ, ਟੂਰ ਪੈਕੇਜ ਬੁੱਕ ਕਰੋ। ਸੈਰ-ਸਪਾਟਾ ਸਨਅਤ 'ਚ ਵਰਤੇ ਜਾਣ ਵਾਲ਼ੇ ਸ਼ਬਦਾਂ ਦੀ ਸੂਚੀ ਬਹੁਤ ਲੰਬੀ ਹੈ। ਇਸ ਯੂਨਿਟ ਵਿੱਚ ਤੁਹਾਨੂੰ ਕੁਝ ਆਮ ਵਰਤੀ ਜਾਂਦੀ ਤਕਨੀਕੀ ਸ਼ਬਦਾਵਲੀ ਤੋਂ ਜਾਣੂ ਕਰਵਾਇਆ ਜਾਵੇਗਾ।

### 3.2.1 ਸੈਲਾਨੀਆਂ ਨਾਲ਼ ਸੰਬੰਧਿਤ ਤਕਨੀਕੀ ਸ਼ਬਦਾਵਲੀ

a) **ਗ਼ੈਸਟ -** ਮਹਿਮਾਨ, ਉਹ ਵਿਅਕਤੀ ਜਿਸ ਨੂੰ ਟਰੈਵਲ ਏਜੰਟ ਜਾਂ ਹੋਟਲ ਵੱਲੋਂ ਸੇਵਾਵਾਂ ਦਿਤੀਆਂ ਜਾਂਦੀਆਂ ਹਨ।(ਯਾਤਰੀ, ਸੈਲਾਨੀ)

b) **ਕਸਟਮਰ** - ਉਹ ਵਿਅਕਤੀ ਜੋ ਇਹਨਾਂ ਸੇਵਾਵਾ ਬਦਲੇ ਖਰਚਾ ਦਿੰਦਾ ਹੈ।

c) **ਪੈਕਸ** - ਯਾਤਰੀ, ਇਹ ਸ਼ਬਦ ਆਮ ਤੌਰ 'ਤੇ ਇਸ ਤਰ੍ਹਾਂ ਵਰਤਿਆ ਜਾਂਦਾ ਹੈ, ਨੰਬਰ ਆਫ ਪੈਕਸ ਅਰਥਾਤ ਕਿੰਨੇ ਵਿਅਕਤੀ ਇਕੱਠੇ ਸਫਰ ਕਰ ਰਹੇ ਹਨ।

d) **ਫਿਟ** - ਫਰੀ ਇੰਡੀਵਿਜ਼ੂਅਲ ਟਰੈਵਲ, ਇਹ ਸ਼ਬਦ ਇਹ ਦੱਸਣ ਲਈ ਵਰਤਿਆ ਜਾਂਦਾ ਹੈ ਕਿ ਯਾਤਰੀ ਇਕੱਲਾ ਸਫਰ ਕਰ ਰਿਹਾ ਹੈ, ਜਾਂ ਵੱਧ ਤੋਂ ਵੱਧ ਇੱਕ ਜੋੜਾ ਹੈ।

e) **ਗਿਟ** - ਗੁਰੱਪ ਇਨਕਲੂਸਿਵ ਟੂਰ, ਇਹ ਸ਼ਬਦ ਯਾਤਰੀਆਂ ਦੇ ਗਰੁੱਪ ਲਈ ਵਰਤਿਆ ਜਾਂਦਾ ਹੈ।

## 3.2.2. ਬੁੱਕ ਕੀਤੇ ਜਾਣ ਵਾਲ਼ੇ ਕਮਰਿਆਂ ਦੀ ਕਿਸਮ ਬਾਰੇ ਤਕਨੀਕੀ ਸ਼ਬਦਾਵਲੀ


a) ਸਿੰਗਲ ਰੂਮ – ਕਮਰੇ ਵਿੱਚ ਇੱਕ ਵਿਅਕਤੀ ਲਈ ਇੱਕ ਬੈੱਡ ਹੈ।

b) ਡਬਲ ਰੂਮ – ਦੋ ਵਿਅਕਤੀਆਂ ਲਈ 2 ਬੈੱਡ, ਕਮਰਿਆਂ 'ਚ ਇੱਕ ਇਹ ਵਿਕਲਪ ਵੀ ਹੁੰਦਾ ਹੈ ਕਿ – ਕਿੰਗ ਸਾਈਜ਼ ਅਤੇ ਜੋੜਾ ਬੈੱਡ।

c) ਟਵਿਨ ਬੈਡਿਡ ਰੂਮ / ਟਵਿਨ ਰੂਮ – ਦੋ ਇਕਹਿਰੇ ਬੈੱਡ



ਸਿੰਗਲ ਰੂਮ




ਡਬਲ ਰੂਮ



ਟਵਿਨ ਰੂਮ

**d) ਕੈਬਾਨਾ ਰੂਮ** - ਉਹ ਕਮਰਾ ਜੋ ਸਵਿਮਿੰਗ ਪੂਲ ਦੇ ਨਾਲ਼ ਲੱਗਦਾ ਹੋਵੇ।

**e) ਲੇਨਾਈ ਰੂਮ** - ਬਾਹਰ ਬਣਿਆ ਕਮਰਾ ਜਿਸ ਦੇ ਨਾਲ਼ ਓਪਨ ਏਅਰ ਵਿਹੜਾ ਜਿਸ ਵਿੱਚ ਹੈਂਗਿੰਗ ਗਾਰਡਨ ਹੋਵੇ ਜਾਂ ਜਿੱਥੋਂ ਬਾਗ 'ਚ ਝਲਕ ਮਿਲ਼ ਸਕੇ

**f) ਐਫੀਸ਼ੈਂਸੀ ਰੂਮ** - ਕਮਰੇ ਦੇ ਨਾਲ਼ ਹੀ ਰਸੋਈ


**g) ਪੈਂਟ ਹਾਊਸ** - ਹੋਟਲ ਦੇ ਟੈਰੇਸ 'ਤੇ ਕਮਰਿਆਂ ਦਾ ਸੈਟ ਜਿਸ ਦਾ ਇਕ ਹਿੱਸਾ ਅਕਾਸ਼ ਵੱਲ ਖੁੱਲ੍ਹਾ ਹੋਵੇ

**h) ਸੂਟ** - ਸੂਟ ਘੱਟੋ-ਘੱਟ ਦੋ ਕਮਰਿਆਂ ਦਾ ਸੈੱਟ ਹੁੰਦਾ ਹੈ ਜਿਸ ਵਿੱਚ ਬੈਡਰੂਮ ਤੇ ਲਿਵਿੰਗ ਏਰੀਆ ਹੁੰਦੇ ਹਨ ਆਮ ਤੌਰ ਤੇ ਸੂਟ ਇਹਨਾਂ ਵਿਚਲੀ ਡੈਕੋਰੇਸ਼ਨ ਕਰਕੇ ਜਾਣੇ ਜਾਂਦੇ ਹਨ – ਪ੍ਰੈਜ਼ੀਡੈਂਸ਼ਲ ਸੂਟ, ਮੁਗਲ ਸੂਟ ਅਤੇ ਹੋਰ ਕਈ

**ੳ) ਜੂਨੀਅਰ ਸੂਟ** - ਇਹ ਆਮ ਤੌਰ ਤੇ ਪਾਰਟੀਸ਼ਨ ਵਾਲ਼ਾ ਲੰਬਾ ਕਮਰਾ ਹੁੰਦਾ ਹੈ, ਆਮ ਤੌਰ 'ਤੇ ਪਾਰਟੀਸ਼ਨ ਲੱਕੜੀ ਦੀ ਹੁੰਦੀ ਹੈ। ਪਾਰਟੀਸ਼ਨ ਕਾਰਨ ਇਹ ਦੋ ਵੱਖ-ਵੱਖ ਹਿੱਸਿਆਂ 'ਚ ਵੰਡਿਆ ਹੁੰਦਾ ਹੈ।



ਸੂਟ




ਜੂਨੀਅਰ ਸੂਟ

## 3.2.3 .ਖਾਣਾ ਯੋਜਨਾ ਤੇ ਕਮਰੇ ਦੀ ਕਿਸਮ ਬਾਰੇ ਤਕਨੀਕੀ ਸ਼ਬਦਾਵਲੀ

a) ਯੂਰਪੀਅਨ ਪਲੈਨ (ਈ.ਪੀ.) ਸਿਰਫ਼ ਕਮਰੇ ਦਾ ਕਿਰਾਇਆ

b) ਕਾਂਟੀਨੈਂਟਲ ਪਲੈਨ (ਸੀ.ਪੀ.) ਕਮਰੇ ਦਾ ਕਿਰਾਇਆ + ਕਾਂਟੀਨੈਂਟਲ ਨਾਸ਼ਤਾ

c) ਅਮੈਰੀਕਨ ਪਲੈਨ (ਏ. ਪੀ.) ਕਮਰੇ ਦਾ ਕਿਰਾਇਆ + 3 ਵੇਲ਼ੇ ਖਾਣਾ (ਨਾਸ਼ਤਾ, ਦੁਪਹਿਰ ਦਾ ਖਾਣਾ ਤੇ ਸ਼ਾਮ ਦਾ ਖਾਣਾ )

d) ਮੋਡੀਫਾਈਡ ਅਮੈਰੀਕਨ ਪਲੈਨ (ਐਮ.ਏ.ਪੀ.) ਕਮਰੇ ਦਾ ਕਿਰਾਇਆ + ਕੋਈ ਦੋ ਖਾਣੇ

e) ਬਰਮੂਡਾ ਪਲੈਨ (ਬੀ.ਪੀ.) ਕਮਰੇ ਦਾ ਕਿਰਾਇਆ + ਅਮਰੀਕਨ ਨਾਸ਼ਤਾ

f) ਜੰਗਲ਼ ਪਲੈਨ (ਜੇ.ਪੀ.) ਕਮਰੇ ਦਾ ਕਿਰਾਇਆ (ਆਮ ਤੌਰ 'ਤੇ ਏ.ਪੀ.) + ਜੰਗਲ਼ ਸਫਾਰੀ

(ਭਾਰਤ ਵਿੱਚ ਇਹ ਪਲੈਨ ਕਾਫ਼ੀ ਲੋਕਪ੍ਰਿਆ ਹੈ ਕਿਉਂਕਿ ਇੱਥੇ ਟੂਰ ਅਪਰੇਟਰਾਂ ਜੰਗਲ਼ ਸਫ਼ਾਰੀ ਦੀ ਹੀ ਪੇਸ਼ਕਸ਼ ਕਰਦੇ ਹਨ)

ਕਮਰੇ ਦੀ ਕਿਸਮ ਸੈਲਾਨੀਆਂ ਦੀ ਗਿਣਤੀ 'ਤੇ ਨਿਰਭਰ ਕਰਦੀ ਹੈ ਅਤੇ ਜਾਂ ਉਹਨਾਂ ਦੀ ਤਰਜੀਹ 'ਤੇ । ਜਦਕਿ ਖਾਣੇ ਦੀ ਪਲੈਨ ਦਾ ਅਰਥ ਹੈ ਕਿ ਠਹਿਰ ਵਾਲ਼ੀ ਥਾਂ 'ਤੇ ਉਸ ਨੂੰ ਕੀ ਖਾਣ ਨੂੰ ਮਿਲ਼ੇਗਾ? ਕਈ ਵਾਰ ਯਾਤਰੀ ਸਿਰਫ਼ ਕਮਰਾ (ਖਾਣੇ ਤੋਂ ਬਿਨਾਂ) ਬੁੱਕ ਕਰਵਾਉਂਦਾ ਹੈ ਤੇ ਕਈ ਵਾਰ ਸਿਰਫ ਈ. ਐਮ. ਟੀ. ਹੀ ਬੁੱਕ ਕਰਵਾਉਂਦਾ ਹੈ ਤੇ ਕਈ ਵਾਰ ਸੈਲਾਨੀ ਕਮਰੇ ਦੇ ਨਾਲ ਨਾਸ਼ਤਾ ਜਾਂ ਡਿਨਰ ਬੁੱਕ ਕਰਵਾ ਲੈਂਦਾ ਹੈ। ਖਾਣੇ ਦੀ ਯੋਜਨਾ ਹੋਟਲ ਨੂੰ ਇਹ ਦੱਸਦੀ ਹੈ ਕਿ ਗਾਹਕ ਦੀ ਮੰਗ ਕੀ ਹੈ। ਮਿਸਾਲ ਦੇ ਤੌਰ ਤੇ ਜਦੋਂ ਟਰੈਵਲ ਏਜੰਟ 01 ਸਿੰਗਲ ਰੂਮ ਦੋ ਦਿਨਾਂ ਲਈ ਐਮ. ਏ. ਪੀ. ਲਈ ਬੁੱਕ ਕਰਦਾ ਹੈ ਤਾਂ ਹੋਟਲ ਸਟਾਫ ਸਮਝ ਜਾਂਦਾ ਹੈ ਕਿ ਇੱਕ ਵਿਅਕਤੀ ਆ ਰਿਹਾ ਹੈ ਜੋ ਦੋ ਦਿਨ ਠਹਿਰੇਗਾ ਅਤੇ ਉਹ ਦੋ ਵੇਲ਼ੇ ਖਾਣਾ ਦੋਵੇਂ ਦਿਨ ਖਾਵੇਗਾ।

## 3.2.4 ਕੁਝ ਹੋਰ ਤਕਨੀਕੀ ਸ਼ਬਦਾਵਲੀ

a) ਅਮੈਰੀਕਨ ਬਰੇਕਫਾਸਟ – ਪਕਾਇਆ ਹੋਇਆ ਖਾਣਾ ਅਤੇ ਨਾਲ਼ ਕਾਂਟੀਨੈਂਟਲ ਬਰੇਕਫਾਸਟ ਜਿਵੇਂ ਕਿ ਅੰਡਾ ਸੇਰੀਅਲ ਪ੍ਰੈਪਰੇਸ਼ਨ

b) <u>ਕਾਂਟੀਨੈਂਟਲ ਬਰੇਕਫਾਸਟ</u> – ਪਕਾਇਆ ਹੋਇਆ ਖਾਣਾ ਨਹੀਂ ਦਿੱਤਾ ਜਾਂਦਾ, ਜੂਸ ਅਤੇ ਉਸ ਤੋਂ ਪਿੱਛੋਂ ਵੱਖ ਵੱਖ ਬਰੈੱਡ ਸਲਾਈਸਜ਼, ਅਤੇ ਨਾਲ਼ ਜੈਲੀ, ਜੈਮ, ਮੱਖਣ, ਅਤੇ ਮਾਰਮਲੇਡ ਅਤੇ ਨਾਲ਼ ਚਾਹ ਜਾਂ ਕੌਫੀ

c) ਈ.ਐਮ.ਟੀ. – ਅਰਲੀ ਮੌਰਨਿੰਗ ਚਾਹ

d) ਫੌਰੈਕਸ – ਵਿਦੇਸ਼ੀ ਮੁਦਰਾ

e) ਗੈਸਟ ਫੋਲੀਓ – ਮਹਿਮਾਨਾਂ ਬਾਰੇ ਵੇਰਵੇ ਜਿਵੇਂ ਕਿ ਜਨਮ ਤਾਰੀਖ, ਸਾਲ ਗ੍ਰਹਿ ਆਦਿ।

f) ਆਈ.ਬੀ.ਟੀ. – ਆਊਟਬਾਊਂਡ ਟੂਰ (ਵਿਭਾਗੀ) / ਸੈਲਾਨੀ

g) ਓ.ਬੀ.ਟੀ. – ਇਨਬਾਊਂਡ ਟੂਰ (ਵਿਭਾਗੀ) / ਸੈਲਾਨੀ

h) ਸੋਲਡ ਆਊਟ – ਕੋਈ ਕਮਰਾ ਖ਼ਾਲੀ ਨਹੀਂ

i) ਟਰਾਂਸਫਰ – ਮਹਿਮਾਨ ਦਾ ਹਵਾਈ ਅੱਡੇ ਜਾਂ ਰੇਲਵੇ ਸਟੇਸ਼ਨ ਤੋਂ ਹੋਟਲ ਤਕ ਦਾ ਸਫ਼ਰ ਜਾਂ ਇਸ ਦੇ ਉਲਟ

j) ਵੀ.ਆਈ.ਪੀ. ਗੈਸਟ – ਬਹੁਤ ਮਹੱਤਵਪੂਰਨ ਮਹਿਮਾਨ

k) ਵਾਊਚਰਜ਼

l) ਵਾਕ ਇਨ ਗੈਸਟ – ਜੋ ਮਹਿਮਾਨ ਬਿਨਾਂ ਕਿਸੇ ਰਿਜ਼ਰਵੇਸ਼ਨ ਦੇ ਹੋਟਲ ਵਿੱਚ ਆ ਜਾਵੇ ਤੇ ਕਮਰੇ ਦੀ ਮੰਗ ਕਰੇ।

## ਅਭਿਆਸ 3.1

1. ਸੈਰ-ਸਪਾਟਾ ਤਕਨੀਕੀ ਸ਼ਬਦਾਵਲੀ ਦਾ ਕੀ ਅਰਥ ਹੈ? ਇਸ ਤਕਨੀਕੀ ਸ਼ਬਦਾਵਲੀ ਦਾ ਕੀ ਮਹੱਤਵ ਹੈ?

___________________________________________

___________________________________________

2. ਕਮਰਾ ਤੇ ਖਾਣਾ ਯੋਜਨਾ ਨਾਲ਼ ਸੰਬੰਧਿਤ ਤਕਨੀਕੀ ਸ਼ਬਦਾਵਲੀ ਬਾਰੇ ਵੇਰਵੇ ਦਿਓ?

___________________________________________

___________________________________________

## 3.3 ਟਰੈਵਲ ਏਜੰਸੀ ਦੇ ਕੰਮ -:

ਸੈਰ ਸਪਾਟਾ ਵਪਾਰ ‘ਚ ਟਰੈਵਲ ਏਜੰਸੀ ਦਾ ਧੁਰੇ ਵਾਲ਼ਾ ਕੰਮ ਹੈ। ਭਾਵੇਂ ਸਮੇਂ ਦੇ ਬੀਤਣ ਨਾਲ਼ ਤਕਨਾਲੋਜੀ ‘ਚ ਬਦਲਾਓ ਆ ਗਿਆ ਹੈ ਤੇ ਟਰੈਵਲ ਏਜੰਸੀ ਦਾ ਸਰੂਪ ਵੀ ਬਦਲ ਗਿਆ ਹੈ ਫਿਰ ਵੀ ਟਰੈਵਲ ਏਜੰਸੀ ਦਾ ਸੈਲਾਨੀ ਅਤੇ ਸੇਵਾਵਾਂ ਦੇਣ ਵਾਲ਼ੀਆ ਹੋਰ ਏਜੰਸੀਆਂ ਜਿਵੇਂ ਕਿ ਹੋਟਲ, ਕਿਰਾਏ ’ਤੇ ਕਾਰਾਂ ਲੈਣੀਆਂ, ਹਵਾਈ ਸੇਵਾ ਆਦਿ ਵਿੱਚ ਬੜਾ ਗਹਿਰਾ ਸਬੰਧ ਹੈ। ਟਰੈਵਲ ਏਜੰਸੀ ਦੇ ਵੱਖ-ਵੱਖ ਕੰਮ ਵੱਖ-ਵੱਖ ਵਿਭਾਗਾਂ ਵਿੱਚ ਵੰਡੇ ਹੋਏ ਹੁੰਦੇ ਹਨ। ਜੋ ਮਿਲ਼ ਕੇ ਕੰਮ ਕਰਦੇ ਤੇ ਸੈਲਾਨੀਆਂ ਦਾ ਟੂਰ ਸ਼ੈਡਿਊਲ ਬਣਾਉਂਦੇ ਹਨ। ਟਰੈਵਲ ਏਜੰਸੀ ਦੇ ਕੰਮ ਹੇਠ ਲਿਖੇ ਅਨੁਸਾਰ ਹਨ :–

### 1. ਜਾਣਕਾਰੀ ਦੇਣਾ -:

ਟਰੈਵਲ ਏਜੰਸੀ ਸੈਲਾਨੀਆਂ ਨੂੰ ਹਰ ਪ੍ਰਕਾਰ ਦੀ ਜਾਣਕਾਰੀ ਮੁਹੱਈਆ ਕਰਵਾਉਂਦੀ ਹੈ। ਇਹ ਜਾਣਕਾਰੀ ਸੈਰ-ਸਪਾਟੇ ਵਾਲੀ ਥਾਂ ਬਾਰੇ ਵੀ ਹੁੰਦੀ ਹੈ ਇਸ ਨਾਲ਼ ਸੈਲਾਨੀ ਆਪਣੇ ਟੂਰ ਦੀ ਚੋਣ ਕਰ

ਸਕਦਾ ਹੈ। ਇਹ ਜਾਣਕਾਰੀ ਹਵਾਈ ਸੇਵਾ ਦੇ ਟਾਈਮ ਬਾਰੇ ਵੀ ਹੁੰਦੀ ਹੈ । ਜਿਸ ਨਾਲ ਸੈਲਾਨੀ ਹਵਾਈ ਉਡਾਣ ਦੀ ਚੋਣ ਕਰ ਸਕਦਾ ਹੈ। ਏਜੰਸੀ ਗਾਹਕ ਨੂੰ ਇਹ ਵੀ ਦੱਸਦੀ ਹੈ ਕਿ ਸੰਬੰਧਿਤ ਸੈਰ-ਸਪਾਟਾ ਥਾਂ 'ਤੇ ਸੈਲਾਨੀ ਕੀ ਕੁਝ ਕਰ ਸਕੇਗਾ, ਰਹਿਣ ਦੀ ਥਾਂ ਕਿਹੋ ਜਿਹੀ ਹੋਵੇਗੀ ਤੇ ਟਰਾਂਸਪੋਰਟ ਦਾ ਪ੍ਰਬੰਧ ਕਿਹੋ ਜਿਹਾ



ਹੋਵੇਗਾ, ਏਜੰਸੀ ਇਹ ਸਾਰਾ ਕੁਝ ਗਾਹਕ ਦੇ ਬਜਟ, ਏਜ ਗਰੁੱਪ ਤੇ ਦਿਲਚਸਪੀਆਂ ਨੂੰ ਧਿਆਨ 'ਚ ਰੱਖ ਕੇ ਦੱਸੇਗੀ। ਏਜੰਸੀ ਬਰੋਸ਼ਰ ਆਦਿ ਦੀ ਮਦਦ ਨਾਲ਼ ਵੀ ਸੈਰ-ਸਪਾਟਾ ਥਾਂ ਬਾਰੇ ਗਾਹਕ ਦਾ ਮਨ ਬਣਾਉਣ 'ਤੇ ਮਦਦ ਕਰਦੀ ਹੈ। ਏਜੰਸੀ ਪੈਂਫਲੈਟਾਂ ਤੇ ਕਈ ਵਾਰ ਸੰਬੰਧਿਤ ਸੈਰ-ਸਪਾਟਾ ਥਾਂ ਦੇ ਵਿਜ਼ੂਅਲ ਵੀ ਗਾਹਕ ਨੂੰ ਵਿਖਾਉਂਦੀ ਹੈ। ਸੈਰ-ਸਪਾਟਾ ਥਾਂ ਵਾਲ਼ੇ ਇਲਾਕੇ 'ਚ ਮੌਸਮ ਬਾਰੇ ਵੀ ਏਜੰਸੀ ਗਾਹਕ ਨੂੰ ਜਾਣਕਾਰੀ ਦਿੰਦੀ ਹੈ, ਕਮਰਾ, ਹੋਟਲ ਵਿਚਲੇ ਕਮਰਿਆਂ ਦੀ ਚੋਣ ਬਾਰੇ ਵੀ ਜਾਣਕਾਰੀ ਦਿੰਦੀ ਹੈ। ਇਸ ਪ੍ਰਕਾਰ ਟਰੈਵਲ ਏਜੰਟ ਵੱਲੋਂ ਦਿੱਤੀ ਗਈ ਜਾਣਕਾਰੀ ਨਾਲ਼ ਗਾਹਕ ਸੈਰ-ਸਪਾਟਾ ਥਾਂ ਬਾਰੇ ਫੈਸਲਾ ਕਰ ਲੈਂਦਾ ਹੈ, ਇਸ ਪ੍ਰਕਾਰ ਟਰੈਵਲ ਏਜੰਸੀ ਕੰਮ ਕਰਦੀ ਹੈ ਤੇ ਰੈਵੇਨਿਊ ਕਮਾਉਂਦੀ ਹੈ।

## 2. ਟਿਕਟਾਂ ਦਾ ਪ੍ਰਬੰਧ ਕਰਨਾ -:

ਟਿਕਟਾਂ ਦਾ ਪ੍ਰਬੰਧ ਕਰਨਾ ਵੀ ਏਜੰਸੀ ਦਾ ਕੰਮ ਹੈ। ਇਹ ਟਿਕਟਾਂ ਹਵਾਈ ਜਹਾਜ਼ ਜਾਂ ਰੇਲਵੇ ਦੀਆਂ ਵੀ ਹੋ ਸਕਦੀਆਂ ਹਨ। ਟਰੈਵਲ ਏਜੰਸੀ ਦੇਸੀ ਤੇ ਕੌਮਾਂਤਰੀ ਯਾਤਰਾਵਾਂ ਲਈ ਵੀ ਟਿਕਟਾਂ ਦਾ ਪ੍ਰਬੰਧ ਕਰਦੀ ਹੈ। ਟਰੈਵਲ ਏਜੰਟ ਗਾਹਕ ਨੂੰ ਹਵਾਈ ਸਫ਼ਰ ਦੇ ਖਰਚੇ ਅਤੇ ਰੇਲ-ਗੱਡੀ ਦੇ ਖਰਚ ਆਦਿ ਬਾਰੇ ਵੀ ਜਾਣਕਾਰੀ ਦਿੰਦਾ ਹੈ ਇਹ ਵੀ ਦੱਸਦਾ ਹੈ ਕਿ ਫਲਾਂ



ਏਅਰ ਲਾਈਨਜ਼ ਗਾਹਕ ਨੂੰ ਕੀ-ਕੀ ਸਹੂਲਤ ਮੁਹੱਈਆਂ ਕਰਵਾਉਂਦੀ ਹੈ, ਹਵਾਈ ਸੇਵਾ ਦੌਰਾਨ ਕਿਹੋ ਜਿਹੀਆਂ ਸੇਵਾਵਾਂ ਦਿੰਦੀ ਹੈ, ਮਨੋਰੰਜਨ ਦੇ ਕੀ ਸਾਧਨ ਮੁਹੱਈਆ ਕਰਵਾਉਂਦੀ ਹੈ, ਅਤੇ ਸਮਾਨ ਰੱਖਣ ਦਾ ਕਿਹੋ ਜਿਹਾ ਪ੍ਰਬੰਧ ਹੈ ਆਦਿ। ਮਿਸਾਲ ਦੇ ਤੌਰ 'ਤੇ ਗਾਹਕ ਯੂਰਪ ਜਾ ਰਿਹਾ ਹੋਵੇ ਤਾਂ ਉਹ ਯੂਰੋ ਰੇਲ ਦੀਆਂ ਟਿਕਟਾਂ ਜਾਂ ਪਾਸ ਦੀ ਮੰਗ ਕਰ ਸਕਦਾ ਹੈ। ਟਰੈਵਲ ਏਜੰਟ ਵਿਦੇਸ਼ਾਂ ਵਿਚਲੇ ਆਪਣੇ ਸਹਿਯੋਗੀਆਂ ਨਾਲ਼ ਤਾਲਮੇਲ ਕਰ ਕੇ ਟਿਕਟਾਂ ਦਾ ਪ੍ਰਬੰਧ ਕਰ ਦਿੰਦਾ ਹੈ।

## 3. ਟੂਰ ਪੈਕੇਜ਼ -:

ਟਰੈਵਲ ਏਜੰਟ ਟੂਰ ਆਪਰੇਟਰ ਤੇ ਸੈਲਾਨੀ ਵਿਚਾਲ਼ੇ ਪੁਲ਼ ਦਾ ਵੀ ਕੰਮ ਕਰਦਾ ਹੈ। ਕਿਸੇ ਮੁੱਖ ਟੂਰ ਆਪਰੇਟਰ ਦਾ ਟੂਰ ਪੈਕੇਜ਼ ਟ੍ਰੈਵਲ ਏਜੰਟ ਤੋਂ ਖਰੀਦਿਆ ਜਾ ਸਕਦਾ ਹੈ। ਕਈ ਵਾਰ ਟਰੈਵਲ ਏਜੰਟ ਕਸਟਮਾਈਜ਼ਡ ਟੂਰ ਪੈਕੇਜ ਤਿਆਰ ਕਰਨ ਵਿੱਚ ਵੀ ਮਦਦ ਕਰਦਾ ਹੈ, ਜਿਸ ਤਹਿਤ ਸੈਲਾਨੀ ਨੂੰ ਇਹ ਸਾਰੀਆਂ ਸਹੂਲਤਾਂ ਮਿਲ਼ ਜਾਂਦੀਆਂ ਹਨ ਏਅਰ ਪੋਰਟ ਪਿਕ ਐਂਡ ਡਰੌਪ, ਸੈਰ- ਸਪਾਟਾ, ਹੋਟਲ ਵਿੱਚ ਰਹਿਣ ਦੀ ਥਾਂ, ਬਸ, ਰੇਲ ਗੱਡੀ ਤੇ ਹਵਾਈ ਸਫ਼ਰ, ਦਸਤਾਵੇਜ਼ ਤਿਆਰ ਕਰਨਾ ਆਦਿ ਇੱਕੋ ਥਾਂ 'ਤੇ ਮਿਲ਼ ਜਾਂਦੇ ਹਨ। ਭਾਵੇਂ ਇਹਨਾਂ ਦੇ ਰੇਟ / ਖਰ਼ਚੇ ਟੂਰ ਆਪਰੇਟਰ ਵੱਲੋਂ ਦੱਸੇ ਖ਼ਰਚੇ ਵਾਂਗ ਬਹੁਤੇ ਖਿੱਚ ਪਾਊ ਨਹੀਂ ਹੁੰਦੇ। ਟੂਰ ਪੈਕੇਜ ਦਾ ਅਰਥ ਲੈਂਡ ਬੇਸਡ ਟੂਰ ਹੀ ਨਹੀਂ ਹੁੰਦਾ, ਅੱਜ-ਕੱਲ, ਕਰਜ਼ ਪੈਕੇਜ ਵੀ ਪ੍ਰਚਲਤ ਹੋ ਗਏ ਹਨ। ਇਹ ਗਤੀਵਿਧੀ ਵੀ ਟਰੈਵਲ ਏਜੰਟ ਦੇ ਕੰਮਾਂ 'ਚ ਸ਼ਾਮਲ ਹੋ ਗਈ ਹੈ ਕਿ ਉਹ ਗਾਹਕ ਨੂੰ ਵੱਖ-ਵੱਖ ਕਰਜ਼ ਕਿਸਮਾਂ ਵਿੱਚ ਫ਼ਰਕ ਵੀ ਦੱਸੇ ਤੇ ਹਰੇਕ ਕਰੂਜ਼ ਵੱਲੋਂ ਦਿੱਤੀਆਂ ਜਾਣਵਾਲੀਆਂ ਸਹੂਲਤਾਂ ਦੀ ਵੀ ਜਾਣਕਾਰੀ ਦੇਵੇ।

## 4. ਦਸਤਾਵੇਜ਼ ਤਿਆਰ ਕਰਨਾ -:

ਦੇਸੀ ਤੇ ਕੌਮਾਂਤਰੀ ਯਾਤਰਾਵਾਂ ਦੋਵਾਂ ਲਈ ਹੀ ਕੁਝ ਦਸਤਾਵੇਜ਼ ਤਿਆਰ ਕਰਨੇ ਪੈਂਦੇ ਹਨ। ਇਹ ਸਾਰੇ ਦਸਤਾਵੇਜ਼ ਵੀ ਟਰੈਵਲ ਏਜ਼ੰਟ ਤਿਆਰ ਕਰਵਾਉਂਦਾ ਹੈ। ਵੱਖ-ਵੱਖ ਦਾਸਤਾਵੇਜ਼ ਵੱਖ- ਵੱਖ

ਵਿਭਾਗਾਂ 'ਚੋਂ ਬਣਦੇ ਹਨ। ਪਾਸਪੋਰਟ, ਵੀਜ਼ਾ, ਹੈਲਥ ਸਰਟੀਫ਼ਿਕੇਟ ਆਦਿ ਕਿਸੇ ਹੋਰ ਵਿਭਾਗ 'ਚੋਂ ਮਿਲ਼ਦੇ ਹਨ। ਇਸ ਬਾਰੇ ਅਗਲੇ ਭਾਗ ਵਿੱਚ ਵਿਚਾਰਿਆ ਜਾਵੇਗਾ।

## 5. ਵਿਦੇਸ਼ੀ ਮੁਦਰਾ -:

ਜਿਸ ਦੇਸ ਦੀ ਤੁਸੀਂ ਯਾਤਰਾ ਕਰਨੀ ਹੋਵੇ ਉਥੋਂ ਦੀ ਕਰੰਸੀ ਵੀ ਤੁਹਾਨੂੰ ਲੋੜੀਂਦੀ ਹੁੰਦੀ ਹੈ। ਇਸ ਕਰੰਸੀ ਦਾ ਵੀ ਕੁਝ ਟਰੈਵਲ ਏਜੰਟ ਪ੍ਰਬੰਧ ਕਰ ਦਿੰਦੇ ਹਨ। ਕਈ ਟਰੈਵਲ ਏਜੰਟਾਂ ਨੇ ਰਿਜ਼ਰਵ ਬੈਂਕ ਤੋਂ ਵਿਦੇਸ਼ੀ ਮੁਦਰਾ ਸਪਲਾਈ ਕਰਨ ਦੀ ਵੀ ਇਜ਼ਾਜ਼ਤ ਲਈ ਹੁੰਦੀ ਹੈ।

## 6. ਬੀਮਾ :

ਕੁਝ ਟਰੈਵਲ ਏਜੰਸੀਆਂ ਕਈ ਬੀਮਾ ਕੰਪਨੀਆਂ ਦੀਆਂ ਵਿਆਪਕ ਲਾਭ ਵਾਲ਼ੀਆਂ ਬੀਮਾ ਪਾਲਸੀਆਂ ਦੀ ਪੇਸ਼ਕਸ਼ ਵੀ ਕਰਦੀਆਂ ਹਨ। ਇਸ ਬਾਰੇ ਅਗਲੇ ਸੈਕਸ਼ਨ ਵਿੱਚ ਵਿਚਾਰ ਵਟਾਂਦਰਾ ਕੀਤਾ ਜਾਵੇਗਾ।

## 7. ਐੱਮ.ਆਈ.ਸੀ.ਈ :

ਮੀਟਿੰਗਾਂ, ਇਨਸੈਂਟਿਵ, ਕਾਨਫ਼ਰੰਸਾਂ ਤੇ ਐਕਪੋਜ਼ੀਸ਼ਨਜ (ਐਮ. ਆਈ. ਸੀ. ਈ) ਵੀ ਟਰੈਵਲ ਏਜੰਸੀਆਂ ਦਾ ਇੱਕ ਮਹੱਤਵਪੂਰਨ ਕੰਮ ਹੈ ਕਿਉਂਕਿ ਇਹ ਕੰਪਨੀ ਲਈ ਮਹੱਤਵਪੂਰਨ ਰੈਵੇਨਿਊ ਕਮਾਉਂਦੀਆਂ ਹੁੰਦੀਆਂ ਹਨ। ਟਰੈਵਲ ਏਜੰਟਾਂ ਦਾ ਹੋਟਲਾਂ ਤੇ ਹੋਰ ਸੇਵਾਵਾਂ ਦੇਣ ਵਾਲ਼ਿਆਂ ਨਾਲ਼ ਸਿੱਧਾ ਸੰਬੰਧ ਹੁੰਦਾ ਹੈ, ਸਹੂਲਤਾਂ ਤੇ ਸੇਵਾਵਾਂ ਦੇ ਯੋਗ ਪ੍ਰਬੰਧ ਲਈ ਵੱਡੇ ਪੱਧਰ 'ਤੇ ਕਾਨਫਰੰਸਾਂ ਅਤੇ ਵਪਾਰਿਕ ਘਰਾਣਿਆਂ ਤੇ ਸੰਸਥਾਵਾਂ ਨਾਲ਼ ਮੀਟਿੰਗਾਂ ਕਰਨਾ ਜ਼ਰੂਰੀ ਹੁੰਦਾ ਹੈ। ਟਰੈਵਲ ਏਜੰਟਾਂ ਦਾ ਇੱਕ ਹੋਰ ਕੰਮ ਵਪਾਰਿਕ ਘਰਾਣਿਆਂ ਨਾਲ਼ ਤਾਲਮੇਲ ਬਣਾ ਕੇ ਇਨਸੈਂਟਿਵ ਟੂਰ ਸ਼ੁਰੂ ਕਰਵਾਉਣਾ ਵੀ ਹੁੰਦਾ ਹੈ। ਉਪਰੋਕਤ ਤੋਂ ਬਿਨਾਂ ; ਇੱਕ ਟਰੈਵਲ ਏਜੰਟ ਗਾਹਕਾਂ ਦੀ ਕਾਰਾਂ ਕਿਰਾਏ 'ਤੇ ਕਰਨ, ਗਾਈਡਾਂ ਦਾ ਪ੍ਰਬੰਧ

ਕਰਨ ਤੇ ਗਾਹਕਾਂ ਦੀ ਮੰਗ 'ਤੇ ਹੋਰ ਸਹੂਲਤਾਂ ਮੁਹੱਈਆ ਕਰਵਾਉਣ ਵਿੱਚ ਵੀ ਮਦਦ ਕਰਦਾ ਹੈ। ਸੰਖੇਪ ਸ਼ਬਦਾਂ 'ਚ ਟਰੈਵਲ ਏਜੰਟ ਦਾ ਕੰਮ ਗਾਹਕਾਂ ਲਈ ਹਰ ਤਰ੍ਹਾਂ ਦੀਆਂ ਸਹੂਲਤਾਂ ਮੁਹੱਈਆ ਕਰਵਾਉਣਾ ਹੁੰਦਾ ਹੈ ਤਾਂ ਕਿ ਉਹ ਆਪਣੀ ਯਾਤਰਾ ਬਿਨਾਂ ਕਿਸੇ ਚਿੰਤਾ ਜਾ ਰੁਕਾਵਟ ਦੇ ਪੂਰੀ ਕਰ ਸਕਣ।

## ਅਭਿਆਸ - 3.2

1. ਐਮ.ਆਈਂ ਸੀ.ਈ. ਤੋਂ ਤੁਸੀਂ ਕੀ ਸਮਝਦੇ ਹੋ?

______________________________

______________________________

2. ਟਰੈਵਲ ਏਜੰਟ ਦਾ ਸਭ ਤੋਂ ਮਹੱਤਵਪੂਰਨ ਕੰਮ ਕਿਹੜਾ ਹੁੰਦਾ ਹੈ?

______________________________

______________________________

## 3.4 ਯਾਤਰਾ ਲਈ ਦਸਤਾਵੇਜ਼ :

ਇਸ ਯੂਨਿਟ ਦੇ ਪਹਿਲੇ ਭਾਗਾਂ ਵਿੱਚ ਤੁਸੀਂ ਦੇਸੀ ਤੇ ਕੌਮਾਂਤਰੀ ਯਾਤਰਾਵਾਂ ਬਾਰੇ ਪੜ੍ਹ ਚੁੱਕੇ ਹੋ। ਤੁਸੀਂ ਇਹ ਵੀ ਪੜ੍ਹ ਚੁੱਕੇ ਹੋ ਇਨਬਾਊਂਡ ਤੋਂ ਆਊਟ ਬਾਊਂਡ ਯਾਤਰਾਵਾਂ ਕਿਹੜੀਆਂ ਹੁੰਦੀਆਂ ਹਨ। ਫਿਰ ਵੀ ਤੁਹਾਡੀ ਯਾਦਦਾਸ਼ਤ ਨੂੰ ਪੱਕਾ ਕਰਨ ਲਈ ਇਹ ਵੀ ਜਾਣੋ :

**I) ਦੇਸੀ ਸੈਲਾਨੀ :** ਜਦੋਂ ਇੱਕ ਦੇਸ ਦਾ ਵਸਨੀਕ ਆਪਣੇ ਹੀ ਦੇਸ ਦੇ ਕਿਸੇ ਸੈਲਾਨੀ ਕੇਂਦਰ ਦੀ ਯਾਤਰਾ ਕਰੇ ਤਾਂ ਉਸਨੂੰ ਦੇਸੀ ਜਾਂ ਘਰੇਲੂ ਸੈਲਾਨੀ ਕਿਹਾ ਜਾਵੇਗਾ : ਇਹੋ ਹੀ ਹੁੰਦਾ ਹੈ ਦੇਸੀ ਜਾਂ ਘਰੇਲੂ ਸੈਰ-ਸਪਾਟਾ ਮਿਸਾਲ ਦੇ ਤੌਰ ਤੇ ਪੰਜਾਬ ਦਾ ਇੱਕ ਪਰਿਵਾਰ ਜੇ ਨੈਨੀਤਾਲ ਜਾਂ ਸ਼ਿਮਲੇ ਦੀ ਸੈਰ 'ਤੇ ਜਾਵੇ ਉਹ ਘਰੇਲੂ ਸੈਲਾਨੀ ਹੀ ਕਿਹਾ ਜਾਵੇਗਾ।

**ii) ਕੌਮਾਂਤਰੀ ਸੈਲਾਨੀ :** ਜਦੋਂ ਇੱਕ ਦੇਸ ਦਾ ਨਾਗਰਿਕ ਆਪਣੇ ਦੇਸ ਤੋਂ ਬਾਹਰ ਕਿਸੇ ਹੋਰ ਦੇਸ ਦੀ ਸੈਰ 'ਤੇ ਜਾਵੇ ਉਸਨੂੰ ਕੌਮਾਂਤਰੀ ਸੈਲਾਨੀ ਕਿਹਾ ਜਾਵੇਗਾ ਤੇ ਉਸ ਦੀ ਇਹ ਸੈਰ ਕੌਮਾਂਤਰੀ ਸੈਰ-ਸਪਾਟਾ ਕਹੀ ਜਾਵੇਗੀ। ਕੌਮਾਂਤਰੀ ਜਾਂ ਅੰਤਰਰਾਸ਼ਟਰੀ ਸੈਲਾਨੀਆਂ ਨੂੰ ਵੀ ਹੇਠ ਲਿਖੇ ਦੋ ਵਰਗਾਂ ਵਿੱਚ ਵੰਡਿਆ ਜਾਂਦਾ ਹੈ :

**a) ਇਨਬਾਊਂਡ ਟੂਰਿਸਟ :** ਜਦੋਂ ਕਿਸੇ ਦੇਸ ਦਾ ਸੈਲਾਨੀ ਕਿਸੇ ਹੋਰ ਵਿਸ਼ੇਸ਼ ਦੇਸ ਦੀ ਸੈਰ 'ਤੇ ਜਾਵੇਗਾ ਤਾਂ ਉਹ ਵਿਸ਼ੇਸ਼ ਦੇਸ਼ ਲਈ ਇਨਬਾਊਡ ਸੈਲਾਨੀ ਹੋਵੇਗਾ। ਦੂਜੇ ਸ਼ਬਦਾਂ ਵਿੱਚ ਵਿਦੇਸ਼ੀਆਂ ਦੀ ਕਿਸੇ ਵਿਸ਼ੇਸ਼ ਦੇਸ ਦੀ ਸੈਰ, ਉਸ ਵਿਸ਼ੇਸ਼ ਦੇਸ ਲਈ ਇਨਬਾਊਡ ਸੈਰ-ਸਪਾਟਾ ਹੋਵੇਗੀ। ਇਸ ਨੂੰ ਇਨਕਾਮਿੰਗ ਸੈਰ-ਸਪਾਟਾ ਵੀ ਕਿਹਾ ਜਾ ਸਕਦਾ ਹੈ। ਮਿਸਾਲ ਵਜੋਂ ਯੂਰਪੀਅਨ ਲੋਕਾਂ ਦਾ ਇੱਕ ਸਮੂਹ ਜੇ ਭਾਰਤ ਦੀ ਸੈਰ ਲਈ ਆਵੇਗਾ ਤਾਂ ਉਸ ਸਮੂਹ ਦੇ ਮੈਂਬਰਾਂ ਦੀ ਸੈਰ ਭਾਰਤ ਲਈ ਇਨਬਾਊਂਡ ਸੈਰ-ਸਪਾਟਾ ਹੋਵੇਗੀ। ਇਸ ਪ੍ਰਕਿਰਿਆ ਵਿੱਚ ਦੇਸ ਨੂੰ ਯਾਤਰੀਆਂ ਤੋਂ ਵਿਦੇਸ਼ੀ ਮੁਦਰਾ ਦੀ ਕਮਾਈ ਹੋਵੇਗੀ।

**b) ਆਊਟਬਾਊਂਡ ਸੈਲਾਨੀ :** ਜਦੋਂ ਇੱਕ ਦੇਸ ਦਾ ਨਾਗਰਿਕ ਕਿਸੇ ਹੋਰ ਵਿਸ਼ੇਸ਼ ਦੇਸ ਦੀ ਸੈਰ 'ਤੇ ਜਾਵੇਗਾ ਤਾਂ ਉਸ ਦੀ ਇਹ ਸੈਰ ਆਪਣੇ ਦੇਸ਼ ਲਈ ਆਊਟਬਾਊਂਡ ਸੈਰ-ਸਪਾਟਾ ਹੋਵੇਗੀ। ਇਸ ਨੂੰ ਆਊਟ ਗੋਇੰਗ ਸੈਰ-ਸਪਾਟਾ ਵੀ ਕਿਹਾ ਜਾ ਸਕਦਾ ਹੈ। ਮਿਸਾਲ ਵਜੋਂ ਜੇ ਕੋਈ ਭਾਰਤੀ ਅਮਰੀਕਾ ਦੀ ਸੈਰ 'ਤੇ ਜਾਵੇਗਾ ਤਾਂ ਭਾਰਤ ਲਈ ਉਸ ਦੀ ਇਹ ਸੈਰ ਆਊਟ ਬਾਊਂਡ ਸੈਰ-ਸਪਾਟਾ ਹੋਵੇਗੀ। ਸੈਲਾਨੀ ਕਿਸੇ ਵੀ ਥਾਂ 'ਤੇ ਸੈਰ ਲਈ ਜਾ ਸਕਦਾ ਹੈ, ਪਰ ਸੈਰ-ਸਪਾਟਾ ਪੇਸ਼ਾਵਰ ਦੇ ਤੌਰ ਤੇ ਤੁਹਾਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਹਰੇਕ ਸੈਲਾਨੀ ਥਾਂ 'ਤੇ ਜਾਣ ਲਈ ਸੈਲਾਨੀ ਨੂੰ ਕੁਝ ਨਿਯਮਾਂ ਦਾ ਪਾਲਣ ਜ਼ਰੂਰ ਕਰਨਾ ਪੈਂਦਾ ਹੈ, ਹਰੇਕ ਸੈਲਾਨੀ ਥਾਂ 'ਤੇ ਜਾਣ ਲਈ ਕੁਝ ਦਸਤਾਵੇਜ਼ ਵੀ ਤਿਆਰ ਕਰਨੇ ਪੈਂਦੇ ਹਨ। ਇਹ ਦਸਤਾਵੇਜ ਸੈਲਾਨੀ ਥਾਂ ਦੇ ਮੁਤਾਬਕ ਘੱਟ ਵੱਧ ਤਾਂ ਹੋ ਸਕਦੇ ਹਨ ਪਰ ਕੁਝ ਦਸਤਾਵੇਜ ਜ਼ਰੂਰੀ ਹੀ ਹੁੰਦੇ ਹਨ। ਇਹ ਦਸਤਾਵੇਜ ਘਰੇਲੂ ਸੈਰ-ਸਪਾਟੇ, ਇਨਬਾਊਂਡ ਤੇ ਆਊਟ

ਬਾਊਂਡ ਸੈਰ-ਸਪਾਟੇ ਲਈ ਵੀ ਅਤਿ ਜ਼ਰੂਰੀ ਹੁੰਦੇ ਹਨ। 14 ਆਈ. ਏ. ਟੀ. ਏ. ਏਅਰਲਾਈਨਜ਼ ਵੱਲੋਂ ਆਪਣੇ ਤੌਰ 'ਤੇ ਇੱਕ ਪ੍ਰਕਾਸ਼ਨਾ ਤਿਆਰ ਕੀਤੀ ਗਈ ਹੈ ਜਿਸ ਨੂੰ 'ਟਿਮ' (ਟਰੈਵਲ ਇਨਫਰਮੇਸ਼ਨ ਮੈਨੂਅਲ) ਕਿਹਾ ਜਾਂਦਾ ਹੈ। ਇਸ ਵਿੱਚ ਸੈਲਾਨੀਆਂ ਨੂੰ ਦੱਸਿਆ ਗਿਆ ਹੈ ਕਿ ਕਿਸੇ ਵਿਸ਼ੇਸ਼ ਸੈਲਾਨੀ ਕੇਂਦਰ ਲਈ ਕਿਹੜੇ-ਕਿਹੜੇ ਦਸਤਾਵੇਜ਼ ਤਿਆਰ ਕਰਨੇ ਜ਼ਰੂਰੀ ਹਨ।

## 3.4.1 ਪਾਸਪੋਰਟ, ਵੀਜ਼ਾ ਤੇ ਹੋਰ ਪਰਮਿਟ :

ਜੇ ਕੋਈ ਸੈਲਾਨੀ ਵਿਦੇਸ਼ ਦੀ ਸੈਰ 'ਤੇ ਜਾਣਾ ਚਾਹੁੰਦਾ ਹੈ ਉਸ ਕੋਲ਼ ਪਾਸਪੋਰਟ ਜ਼ਰੂਰ ਹੋਣਾ ਚਾਹੀਦਾ ਹੈ। ਪਾਸਪੋਰਟ ਉਹ ਅਧਿਕਾਰਿਤ ਦਸਤਾਵੇਜ਼ ਹੈ ਜੋ ਉਸ ਦੇਸ ਦੀ ਸਰਕਾਰ ਵੱਲੋਂ ਜਾਰੀ ਕੀਤਾ ਜਾਂਦਾ ਹੈ । ਇਹ ਇਸ ਗੱਲ ਦਾ ਵੀ ਸਬੂਤ ਹੁੰਦਾ ਹੈ ਕਿ ਉਹ ਇਸੇ ਦੇਸ ਦਾ ਨਾਗਰਿਕ ਹੈ। ਹਰੇਕ ਪਾਸਪੋਰਟ ਤੇ ਉਸਦੀ ਸਮਾਂ ਸੀਮਾ ਵੀ ਦਰਜ ਹੁੰਦੀ ਹੈ ਤੇ ਇਹ ਵੀ ਦਰਜ ਹੁੰਦਾ ਹੈ ਕਿ ਇਸ ਤਾਰੀਖ ਤੋਂ ਪਿੱਛੋਂ ਇਸ ਦੀ ਮਿਆਦ ਖ਼ਤਮ ਹੋ ਜਾਵੇਗੀ। ਕੋਈ ਵਿਅਕਤੀ ਆਪਣੇ ਦੇਸ ਤੋਂ ਬਾਹਰ ਤਦੇ ਜਾ ਸਕੇਗਾ ਜੇ ਉਸ ਕੋਲ ਜਾਇਜ਼ ਪਾਸਪੋਰਟ ਹੋਵੇਗਾ। ਪਾਸਪੋਰਟ ਮਿਆਦ ਪੁਗਾ ਚੁੱਕਾ ਨਹੀਂ ਹੋਣਾ ਚਾਹੀਦਾ। ਉਦੋਂ ਤੱਕ ਵੀ ਪਾਸਪੋਰਟ ਦੀ ਮਿਆਦ ਨਹੀਂ ਪੁੱਗੀ ਹੋਣੀ ਚਾਹੀਦੀ ਜਦੋਂ ਉਸ ਨੇ ਆਪਣੇ ਦੇਸ ਵਾਪਸ ਆਉਣਾ ਹੋਵੇਗਾ।




ਭਾਰਤੀ ਪਾਸਪੋਰਟ




ਅਮਰੀਕਾ ਦਾ ਪਾਸਪੋਰਟ

ਇਸੇ ਤਰ੍ਹਾਂ ਆਪਣੇ ਦੇਸ ਤੋਂ ਬਿਨਾਂ ਉਹ ਕਿਸੇ ਹੋਰ ਦੇਸ ਵਿੱਚ ਤਦੇ ਦਾਖ਼ਲ ਹੋ ਸਕੇਗਾ ਜੇ ਉਸ ਕੋਲ਼ ਉਸ ਦੇਸ ਦਾ ਵੀਜ਼ਾ ਹੋਵੇਗਾ। ਵੀਜ਼ਾ ਉਸ ਦੇਸ ਦੀ ਸਰਕਾਰ ਵੱਲੋਂ ਉਸ ਦੇਸ ਵਿੱਚ ਦਾਖ਼ਲੇ ਦੀ ਇਜ਼ਾਜ਼ਤ ਦਾ ਦਸਤਾਵੇਜ਼ ਹੁੰਦਾ ਹੈ। ਆਮ ਤੌਰ 'ਤੇ ਯਾਤਰੀਆਂ ਵੱਲੋਂ ਇਸ ਮੰਤਵ ਲਈ ਟੂਰਿਸਟ ਜਾਂ ਬਿਜਨਸ ਵੀਜ਼ੇ ਲਏ ਜਾਂਦੇ ਹਨ। ਭਾਰਤ ਵਿੱਚ ਘਰੇਲੂ ਯਾਤਰੀ ਨੂੰ ਵੀ ਕੁਝ ਪਰਮਿਟਾਂ ਦੀ ਲੋੜ ਪੈਂਦੀ ਹੈ ਇਹ ਪਰਮਿਟ ਰਿਸਟ੍ਰਿਕਟਡ, ਪ੍ਰੋਟੈਕਟਡ ਅਤੇ ਇਨਰ ਲਾਈਨ ਪਰਮਿਟ ਹੁੰਦੇ ਹਨ। ਫਿਰ ਵੀ ਭਾਰਤ ਵਿੱਚ ਕਈ ਅਜਿਹੀਆਂ ਸੈਰ-ਸਪਾਟਾ ਥਾਂਵਾਂ ਹਨ ਜੋ ਸਿਰਫ਼ ਪਰਮਿਟਾਂ ਜ਼ਰੀਏ ਹੀ ਵੇਖੀਆਂ ਜਾ ਸਕਦੀਆਂ ਹਨ। ਇੱਥੋਂ ਤੱਕ ਕਿ ਭਾਰਤੀਆਂ ਨੂੰ ਅੰਡੇਮਾਨ ਨਿਕੋਬਾਰ ਟਾਪੂਆਂ 'ਤੇ ਜਾਣ ਲਈ ਸਮਰੱਥ ਅਥਾਰਟੀ ਤੋਂ ਪਰਮਿਟ ਲੈਣਾ ਪੈਂਦਾ ਹੈ।

ਯਾਤਰੀ ਲਈ ਦਸਤਾਵੇਜ਼ (ਪ੍ਰਵਾਨਗੀ ਦੇ ਕਾਗਜ਼-ਪੱਤਰ) ਅਤਿ ਜ਼ਰੂਰੀ ਹਨ ਇਸ ਲਈ ਉਹਨਾਂ ਨੂੰ ਟਿਮ ਮੈਨੂਅਲ ਜ਼ਰੂਰ ਹੀ ਵੇਖ ਲੈਣਾ ਚਾਹੀਦਾ ਅਤੇ ਜਦੋਂ ਦਸਤਾਵੇਜ਼ਾਂ ਬਾਰੇ ਕੋਈ ਸ਼ੱਕ ਹੋਵੇ ਤਾਂ ਉਸ ਦੇਸ, ਜਿੱਥੋਂ ਦੀ ਤੁਸੀਂ ਸੈਰ ਕਰਨ ਜਾਣਾ ਹੈ ਨਾਲ਼ ਸੰਪਰਕ ਕਰ ਲੈਣਾ ਚਾਹੀਦਾ ਹੈ। ਉਂਜ ਇਹ ਯਾਤਰਾ ਕਰਵਾਉਣ ਵਾਲ਼ੀ ਏਜੰਸੀ ਤੇ ਟੂਰ ਆਪਰੇਟਰ ਦੀ ਵੀ ਜਿੰਮੇਵਾਰੀ ਹੈ ਕਿ ਉਹ ਯਾਤਰੀ ਕੋਲ਼ ਪੂਰੇ ਦਸਤਾਵੇਜ਼ਾਂ ਦੀ ਜਾਂਚ ਕਰ ਲਵੇ ਜੇ ਅਜਿਹਾ ਨਹੀਂ ਕੀਤਾ ਜਾਂਦਾ ਤਾਂ ਯਾਤਰੀ ਲਈ ਕਈ ਸਮੱਸਿਆਵਾਂ ਪੈਦਾ ਹੋਣ ਦੀ ਸੰਭਾਵਨਾ ਬਣੀ ਰਹੇਗੀ, ਉਸ ਨੂੰ ਵਾਪਸ ਉਸਦੇ ਦੇਸ ਵੀ ਭੇਜਿਆ ਜਾ ਸਕਦਾ ਹੈ, ਕੈਦ ਵੀ ਹੋ ਸਕਦੀ ਹੈ, ਸਮੇਂ ਦੀ ਬਰਬਾਦੀ ਤਾਂ ਹੋਵੇਗੀ ਹੀ ਖ਼ਰਚਿਆ ਪੈਸਾ ਵੀ ਅਜਾਈਂ ਚਲਾ ਜਾਵੇਗਾ।

### 3.4.2 ਮੈਡੀਕਲ ਜ਼ਰੂਰਤਾਂ :

ਮੈਡੀਕਲ ਸੰਬੰਧੀ ਹੰਗਾਮੀ ਹਾਲਤਾਂ ਵੀ ਯਾਤਰਾ ਯੋਜਨਾਵਾਂ 'ਚ ਵਿਘਨ ਪਾ ਸਕਦੀਆਂ ਹਨ। ਹਾਲੀਆ ਸਮੇਂ 'ਚ ਇਬੋਲਾ ਵਾਇਰਸ ਤੇ ਕੁਝ ਵਰ੍ਹੇ ਪਹਿਲਾਂ ਦੇ ਸਾਰਸ ਵਾਇਰਸ ਬਾਰੇ ਸੋਚ ਕੇ ਪਤਾ

ਲੱਗਦਾ ਹੈ ਕਿ ਮੈਡੀਕਲ ਹੰਗਾਮੀ ਹਾਲਤਾਂ ਵੀ ਯਾਤਰਾ ਯੋਜਨਾਂ ਨੂੰ ਬਦਲ ਸਕਦੇ ਹਨ। ਟਰੈਵਲ ਏਜੰਟ ਵਜੋਂ ਜਾਂ ਸੈਲਾਨੀ ਵਜੋਂ ਅਸੀਂ ਇਹ ਭੱਵਿਖਬਾਣੀ ਨਹੀਂ ਕਰ ਸਕਦੇ ਕਿ ਕਿਹੜੀ ਬੀਮਾਰੀ ਸਾਨੂੰ ਘੇਰ ਲਵੇਗੀ ਜਦੋਂ ਅਸੀਂ ਵਿਦੇਸ਼ ਵਿੱਚ ਹੋਵਾਂਗੇ। ਫਿਰ ਵੀ ਕੁਝ ਦੇਸ ਅਜਿਹੇ ਹਨ ਜੋ ਸੈਲਾਨੀਆਂ ਦੇ ਆਪਣੇ ਦੇਸ 'ਚ ਦਾਖਲੇ ਤੋਂ ਪਹਿਲਾਂ ਸਾਰੀਆਂ ਮੈਡੀਕਲ ਜਾਂਚਾਂ ਆਦਿ ਕਰਵਾ ਲੈਂਦੇ ਹਨ। ਜਦੋਂ ਕੋਈ ਯਾਤਰੀ ਵੀਜ਼ੇ ਲਈ ਅਰਜ਼ੀ ਦਿੰਦਾ ਹੈ ਉਸਨੂੰ ਮੈਡੀਕਲ ਜਾਂਚ ਅਤੇ ਵੈਕਸੀਨ ਆਦਿ ਦੀ ਸੂਚੀ ਦੇ ਦਿੱਤੀ ਜਾਂਦੀ ਹੈ। ਇਹ ਮੈਡੀਕਲ ਜ਼ਰੂਰਤ ਜਿਨਾਂ ਵਿੱਚ ਬਹੁਤੀਆਂ ਵੈਕਸੀਨਾ ਹੁੰਦੀਆਂ ਹਨ ਅਤੇ ਜਿਨ੍ਹਾਂ ਨਾਲ਼ ਕੁਝ ਵਿਸ਼ੇਸ਼ ਬੀਮਾਰੀਆਂ ਤੋਂ ਬਚਾਅ ਰਹਿੰਦਾ ਹੈ। ਇਸ ਤੋਂ ਬਿਨਾਂ ਸੈਲਾਨੀ ਨੂੰ ਮੈਡੀਕਲ ਸਰਟੀਫ਼ਿਕੇਟ ਵੀ ਪੇਸ਼ ਕਰਨਾ ਪੈਂਦਾ ਹੈ ਜੋ ਕਿ ਕਿਸੇ ਪ੍ਰਵਾਨਿਤ ਮੈਡੀਕਲ ਪ੍ਰੈਕਟੀਸ਼ਕਰ ਵੱਲੋਂ ਜਾਰੀ ਕੀਤਾ ਹੋਇਆ ਹੋਣਾ ਚਾਹੀਦਾ ਹੈ। ਇਹ ਸਭ ਕੁਝ ਵੀਜ਼ੇ ਲਈ ਅਰਜ਼ੀ ਦੇਣ ਵੇਲ਼ੇ ਕੀਤਾ ਜਾਣਾ ਹੁੰਦਾ ਹੈ।

ਮਿਸਾਲ ਦੇ ਤੌਰ 'ਤੇ ਅਫਰੀਕਾ ਤੇ ਦੱਖਣੀ ਅਮਰੀਕਾ ਵਿਚਲੇ ਕੁਝ ਦੇਸਾਂ ਵਿੱਚ ਇਹ ਕਾਨੂੰਨ ਹੈ ਕਿ ਸੈਲਾਨੀ ਯਾਤਰਾ ਤੋਂ ਪਹਿਲਾਂ ਯੈਲੋ ਫੀਵਰ ਵੈਕਸੀਨ ਜ਼ਰੂਰ ਲੈ ਲਵੇ। ਇਹ ਬੀਮਾਰੀ ਕਾਫੀ ਮਾਰੂ ਸਮਝੀ ਜਾਂਦੀ ਹੈ । ਇਸ ਵੈਕਸੀਨ ਦੀ ਮਿਆਦ ਦਸ ਸਾਲ ਹੁੰਦੀ ਹੈ।

### 3.4.3.ਯਾਤਰੀ ਬੀਮਾ :

ਜਿਵੇਂ ਕਿ ਤੁਸੀਂ ਜਾਣਦੇ ਹੋ ਬੀਮਾ ਵਿਅਕਤੀ ਨਾਲ਼ ਵਾਪਰਦੀਆਂ ਅਣਸੁਖਾਵੀਆਂ ਘਟਨਾਵਾਂ ਤੇ ਖ਼ਤਰਿਆਂ ਤੋਂ ਬਚਾਓ ਲਈ ਹੁੰਦਾ ਹੈ। ਇਸੇ ਤਰ੍ਹਾਂ ਯਾਤਰੀ ਬੀਮਾ ਯਾਤਰੀ ਨੂੰ ਯਾਤਰਾ ਦੌਰਾਨ ਮੈਡੀਕਲ ਖਰਚਿਆਂ, ਟ੍ਰਿਪ ਕੈਂਸਲੇਸ਼ਨ, ਹਾਦਸਾ, ਟਰੈਵਲ ਸਪਲਾਇਰ ਦੀ ਵਿੱਤੀ ਗ਼ਲਤੀ, ਸਮਾਨ ਦਾ ਗੁਆਚ ਜਾਣਾ ਜਾਂ ਹੋਰ ਕਿਸੇ ਨੁਕਸਾਨ ਦਾ ਰਿਸਕ ਕਵਰ ਦਿੰਦਾ ਹੈ, ਖਰਚਿਆਂ ਦੀ ਪ੍ਰਤਿ ਪੂਰਤੀ ਕਰਦਾ ਹੈ। ਇਹ ਸਹੂਲਤ ਘਰੇਲੂ ਤੇ ਕੌਮਾਂਤਰੀ ਯਾਤਰੀਆਂ ਦੋਵਾਂ ਨੂੰ ਦਿੱਤੀ ਜਾਂਦੀ ਹੈ। ਇਸ ਤਰ੍ਹਾਂ ਯਾਤਰੀ ਬੀਮਾ ਯਾਤਰੀ ਨੂੰ ਇਹ ਯਕੀਨੀ ਬਣਾਉਂਦਾ ਹੈ ਕਿ ਸਫ਼ਰ ਦੌਰਾਨ ਉਸ ਦਾ ਕੋਈ ਨੁਕਸਾਨ ਹੋ ਜਾਵੇ ਤਾਂ ਬੀਮਾ

ਕੰਪਨੀ ਉਸ ਦੀ ਪ੍ਰਤੀ ਪੂਰਤੀ ਕਰੇਗੀ। ਟਰੈਵਲ ਏਜੰਟ ਯਾਤਰੀ ਦਾ ਬੀਮਾ ਕਰਵਾ ਕੇ ਬੀਮਾ ਕੰਪਨੀ ਤੋਂ ਕਮਿਸ਼ਨ ਵੀ ਹਾਸਲ ਕਰਦੇ ਹਨ।

## ਅਭਿਆਸ - 3.3 :

1. ਵੀਜ਼ਾ ਤੋਂ ਤੁਸੀਂ ਕੀ ਅਰਥ ਲੈਂਦੇ ਹੋ?

______________________________

______________________________

2. ਵਿਦੇਸ਼ ਯਾਤਰਾ 'ਤੇ ਜਾਣ ਤੋਂ ਪਹਿਲਾਂ ਦਿੱਤੇ ਜਾਣ ਵਾਲ਼ੇ ਹੈਲਥ ਸਰਟੀਫ਼ਿਕੇਟ ਦਾ ਮਹੱਤਵ ਦੱਸੋ?

______________________________

______________________________

## ਸਾਰਯ :

ਇਸ ਯੂਨਿਟ ਵਿੱਚ ਤੁਹਾਨੂੰ ਟਰੈਵਲ ਏਜੰਸੀ ਦੇ ਕੰਮ ਬਾਰੇ ਜਾਣੂ ਕਰਵਾਇਆ ਗਿਆ ਹੈ। ਸੈਰ-ਸਪਾਟਾ ਵਪਾਰ ਨਾਲ ਸੰਬੰਧਿਤ ਆਮ ਤਕਨੀਕੀ ਸ਼ਬਦਾਵਲੀ ਬਾਰੇ ਵੀ ਦੱਸਿਆ ਗਿਆ ਹੈ। ਸੈਰ-ਸਪਾਟਾ ਸੱਨਅਤ ਨਾਲ ਜੁੜਨ ਲਈ ਇਹ ਤਕਨੀਕੀ ਸ਼ਬਦਾਵਲੀ ਬਾਰੇ ਜਾਨਣਾ ਬਹੁਤ ਜ਼ਰੂਰੀ ਹੈ। ਸੈਲਾਨੀ ਨੂੰ ਦਿੱਤੀਆਂ ਜਾਣ ਵਾਲ਼ੀਆਂ ਸੇਵਾਵਾਂ ਦੀ ਬੁਕਿੰਗ ਲਈ ਇਹ ਤਕਨੀਕੀ ਸ਼ਬਦਾਵਲੀ ਆਮ ਵਰਤੀ ਜਾਂਦੀ ਹੈ। ਟਰੈਵਲ ਏਜੰਟ ਦੇ ਵੱਖ-ਵੱਖ ਕੰਮ ਜਿਵੇਂ ਕਿ - ਜਾਣਕਾਰੀ ਦੇਣਾ, ਬੀਮਾ ਕਰਵਾਉਣਾ ਆਦਿ ਬਾਰੇ ਵੀ ਦੱਸਿਆ ਗਿਆ ਹੈ। ਇਸ ਤਰ੍ਹਾਂ ਇਹ ਯਕੀਨੀ ਬਣ ਗਿਆ ਹੈ ਕਿ ਸੈਰ-ਸਪਾਟਾ ਪੇਸ਼ਾਵਰ ਦੇ ਤੌਰ 'ਤੇ ਤੁਸੀਂ ਇਹ ਜਾਣ ਸਕਦੇ ਹੋ ਕਿ ਟਰੈਵਲ ਏਜੰਸੀ ਦੇ ਕੀ ਕੰਮ ਕਾਰ ਹਨ ਅਤੇ ਕੀ ਜ਼ਿੰਮੇਵਾਰੀਆਂ ਹਨ?

# ਯੂਨਿਟ - 4

# ਸੈਰ—ਸਪਾਟਾ ਉਤਪਾਦ II

## ਸਮੱਗਰੀ


1.0 ਯੂਨਿਟ ‘ਤੇ ਸਰਸਰੀ ਨਜ਼ਰ

1.1 ਜਾਣਕਾਰੀ

1.2 ਸੈਰ—ਸਪਾਟਾ ਉਤਪਾਦਾਂ ਦਾ ਵਰਗੀਕਰਣ

- 1.2.1 ਕੁਦਰਤੀ ਸੈਰ—ਸਪਾਟਾ ਉਤਪਾਦ
- 1.2.2 ਮਨੁੱਖ ਵੱਲੋਂ ਬਣਾਏ ਸੈਰ—ਸਪਾਟਾ ਉਤਪਾਦ
- 1.2.3 ਸਹਿਜੀਵੀ ਸੈਰ—ਸਪਾਟਾ ਉਤਪਾਦ
- 1.2.4 ਘਟਨਾ ਅਧਾਰਿਤ ਸੈਰ—ਸਪਾਟਾ ਉਤਪਾਦ
- 1.2.5 ਸਥਾਨ ਅਧਾਰਿਤ ਸੈਰ—ਸਪਾਟਾ ਉਤਪਾਦ

1.3 ਭਾਰਤ ਦੇ ਕੁਦਰਤੀ ਸੈਰ—ਸਪਾਟਾ ਉਤਪਾਦ

1.4 ਮਨੁੱਖ ਵੱਲੋਂ ਨਿਰਮਿਤ ਸੈਰ—ਸਪਾਟਾ ਉਤਪਾਦ

1.5 ਭਾਰਤ ਵਿਚਲੇ ਸਹਿਜੀਵੀ ਸੈਰ—ਸਪਾਟਾ ਉਤਪਾਦ

1.6 ਭਾਰਤ ਵਿਚਲੇ ਘਟਨਾ ਆਧਾਰਿਤ ਸੈਰ—ਸਪਾਟਾ ਉਤਪਾਦ

1.7 ਭਾਰਤ ਵਿਚਲੇ ਸਥਾਨ ਆਧਾਰਿਤ ਸੈਰ—ਸਪਾਟਾ ਉਤਪਾਦ

1.8 ਯੂਨੈਸਕੋ ਵਿਸ਼ਵ ਵਿਰਾਸਤੀ ਉਤਪਾਦ

1.9 ਭਾਰਤ ਵਿਚਲੇ ਵਿਸ਼ਵ ਵਿਰਾਸਤੀ ਸੈਰ—ਸਪਾਟਾ ਉਤਪਾਦ

2.0 ਸਾਰ


## 1.0 ਯੂਨਿਟ ‘ਤੇ ਸਰਸਰੀਂ ਨਜ਼ਰ

ਇਸ ਯੂਨਿਟ ਵਿੱਚ ਸੈਰ—ਸਪਾਟਾ ਥਾਂਵਾਂ ਦੇ ਵਰਗੀਕਰਨ ਬਾਰੇ ਜਾਣੂ ਕਰਵਾਇਆ ਜਾਵੇਗਾ। ਇਹ ਯੂਨਿਟ ਵਿਦਿਆਰਥੀਆਂ ਦੀ ਇਹ ਜਾਣਨ ‘ਚ ਮਦਦ ਕਰੇਗਾ ਕਿ :


- ➢ ਸੈਰ—ਸਪਾਟਾ ਉਤਪਾਦਾਂ ਦਾ ਵਰਗੀਕਰਨ
- ➢ ਇਹ ਜਾਣਨਾ ਕਿ ਸੈਰ—ਸਪਾਟਾ ਉਤਪਾਦਾਂ ਦੀ ਸੁਰੱਖਿਆ ਦਾ ਕੀ ਮਹੱਤਵ ਹੈ?
- ➢ ਯੂਨੈਸਕੋ ਵਿਸ਼ਵ ਵਿਰਾਸਤੀ ਸਥਾਨਾਂ ਦੇ ਸੰਕਲਪ ਬਾਰੇ ਜਾਣਨਾ
- ➢ ਭਾਰਤ ਵਿਚਲੇ ਯੂਨੈਸਕੋ ਵਿਸ਼ਵ ਵਿਰਾਸਤੀ ਸਥਾਨਾ ਬਾਰੇ ਜਾਣਨਾ

## 1.1 ਜਾਣਕਾਰੀ — :

ਸੈਰ—ਸਪਾਟਾ ਉਤਪਾਦ ਇਸ ਗੱਲ 'ਤੇ ਧਿਆਨ ਕੇਂਦ੍ਰਿਤ ਕਰਦਾ ਹੈ ਕਿ ਸੈਲਾਨੀ ਨੂੰ ਕੀ—ਕੀ ਸੇਵਾਵਾਂ ਤੇ ਸਹੂਲਤਾਂ ਦੇਣੀਆਂ ਹਨ। ਇਸ ਪ੍ਰਕਾਰ ਇਸ ਨੂੰ ਮਿਸ਼ਰਤ ਵਸਤੂ ਕਿਹਾ ਜਾ ਸਕਦਾ ਹੈ ਜਿਸ ਵਿੱਚ ਸੈਲਾਨੀ ਨੂੰ ਖਿੱਚਣ ਵਾਲ਼ੀਆਂ ਸਾਰੀਆਂ ਸੇਵਾਵਾਂ ਆ ਜਾਂਦੀਆਂ ਹਨ, ਜਿਵੇਂ ਕਿ ਟਰਾਂਸਪੋਰਟ, ਠਹਿਰਾਉਣ ਵਾਲ਼ੀ ਥਾਂ, ਮਨੋਰੰਜਨ, ਜਿਨ੍ਹਾਂ ਤੋਂ ਸੈਲਾਨੀ ਦੀ ਤਸੱਲੀ ਹੋ ਜਾਵੇ।

## 1.2 ਸੈਰ—ਸਪਾਟਾ ਉਤਪਾਦਾਂ ਦਾ ਵਰਗੀਕਰਣ —:

ਸੈਰ—ਸਪਾਟਾ ਉਤਪਾਦਾਂ ਮੁੱਖ ਲੱਛਣ ਸੈਲਾਨੀਆਂ ਨੂੰ ਆਪਣੇ ਵੱਲ ਖਿੱਚਣਾ ਹੈ। ਸੈਰ—ਸਪਾਟਾ ਉਤਪਾਦਾਂ ਦੀ ਵਿਲੱਖਣਤਾ ਵੱਡੀ ਗਿਣਤੀ 'ਚ ਸੈਲਾਨੀਆਂ ਨੂੰ ਆਕਰਸ਼ਿਤ ਕਰਦੀ ਹੈ। ਸੈਰ—ਸਪਾਟਾ ਥਾਂਵਾਂ ਦਾ ਵਰਗੀਕਰਨ ਇਹਨਾਂ ਵਿਚਲੀਆਂ ਸਮਾਨਤਾਵਾਂ ਦੇ ਆਧਾਰ 'ਤੇ ਕੀਤਾ ਜਾਂਦਾ ਹੈ। ਹੇਠਾਂ ਦਿੱਤਾ ਚਿੱਤਰ ਨੰਬਰ 1 ਇਹਨਾਂ ਸਮਾਨਤਾਵਾਂ ਦੇ ਆਧਾਰ 'ਤੇ ਸੈਰ—ਸਪਾਟਾ ਸਥਾਨਾਂ ਦਾ ਵਰਗੀਕਰਨ ਪੇਸ਼ ਕਰਦਾ ਹੈ।




ਚਿਤਰ 1 : ਸੈਰ—ਸਪਾਟਾ ਥਾਂਵਾਂ ਦਾ ਵਰਗੀਕਰਨ

ਆਓ ਹੁਣ ਅਸੀਂ ਸੰਬੰਧਿਤ ਸਮਾਨਤਾਵਾਂ ਦੇ ਆਧਾਰ ਤੇ ਸੈਰ–ਸਪਾਟਾ ਉਤਪਾਦਾਂ ਦੇ ਵਰਗੀਕਰਨ ਬਾਰੇ ਵਿਚਾਰ ਕਰੀਏ।

## 1.2.1 ਕੁਦਰਤੀ ਸੈਰ—ਸਪਾਟਾ ਉਤਪਾਦ

ਇਹ ਉਤਪਾਦ ਕੁਦਰਤੀ ਵਾਤਾਵਰਨ ਨਾਲ ਸੰਬੰਧਿਤ ਦੇ ਹਨ। ਇਹਨਾਂ ਉਤਪਾਦਾਂ 'ਤੇ ਕੁਦਰਤੀ ਸ੍ਰੋਤ ਜਿਵੇਂ ਕਿ ਜਲਵਾਯੂ, ਲੈਂਡ ਸਕੇਪ ਤੇ ਕੁਦਰਤੀ ਆਲ਼ਾ ਦੁਆਲ਼ਾ ਖਿੱਚ – ਪਾਊ ਹੁੰਦਾ ਹੈ। ਅਜਿਹੇ ਉਤਪਾਦਾਂ ਦੇ ਕੁਦਰਤੀ ਸ੍ਰੋਤ ਆਕਰਸ਼ਕ ਹੁੰਦੇ ਹਨ। ਮੁਖ ਕੁਦਰਤੀ ਸ੍ਰੋਤ ਹੇਠ ਲਿਖੇ ਹੋ ਸਕਦੇ ਹਨ :

- ਦਿਹਾਤੀ ਖੇਤਰ
- ਜਲਵਾਯੂ
- ਕੁਦਰਤੀ ਸੁੰਦਰਤਾ – ਧਰਤੀ ਦੀ ਕਿਸਮ, ਪਹਾੜੀਆਂ, ਚੱਟਾਨਾਂ, ਗੁਫ਼ਾਵਾਂ ਤੇ ਮੈਦਾਨੀ ਇਲਾਕਾ ਆਦਿ
- ਬੀਚਾਂ, ਝੀਲਾਂ, ਛੱਪੜ, ਦਰਿਆ, ਝਰਨੇ ਆਦਿ
- ਬਨਸਪਤੀ ਤੇ ਜੀਵ ਜੰਤੂ
- ਟਾਪੂ
- ਖਿੱਚ ਪਾਊ ਦ੍ਰਿਸ਼

ਸੈਰ–ਸਪਾਟਾ ਸਥਾਨ ਦਾ ਪੌਣ ਪਾਣੀ ਮਹੱਤਵਪੂਰਨ ਖਿੱਚ ਪਾਊ ਤੱਤ ਹੈ ਕਿਉਂਕਿ ਛੁੱਟੀਆਂ ਮਨਾਉਣ ਵਿੱਚ ਇਸ ਦੀ ਮਹੱਤਵਪੂਰਨ ਭੂਮਿਕਾ ਹੁੰਦੀ ਹੈ। ਨਿੱਘਾ, ਧੁੱਪ ਵਾਲਾ ਤੇ, ਖ਼ੁਸ਼ਕ ਮੌਸਮ ਸੈਲਾਨੀਆਂ ਨੂੰ ਵਿਸ਼ੇਸ਼ ਖਿੱਚ ਪਾਉਂਦਾ ਹੈ ਖ਼ਾਸ ਕਰਕੇ ਜਿਹੜੇ ਸੈਲਾਨੀ ਠੰਡੇ ਮੌਸਮ ਵਾਲੇ ਖੇਤਰਾਂ ਤੋਂ ਆਉਂਦੇ ਹਨ। ਯੂਰਪ ਵਿੱਚ ਫਰਾਂਸ, ਇਟਲੀ, ਸਪੇਨ ਤੇ ਗਰੀਸ ਆਦਿ ਦੇਸਾਂ ਨੇ ਬਹੁਤ ਸੁੰਦਰ ਬੀਚ ਤੇ

ਰਿਜ਼ੋਰਟ ਵਿਕਸਿਤ ਕੀਤੇ ਹੋਏ ਹਨ। ਭਾਰਤ ਵਿਚਲ਼ੇ ਸੁੰਦਰ ਬੀਚ, ਸ੍ਰੀਲੰਕਾ ਤੇ ਥਾਈਲੈਂਡ ਦੇ ਬੀਚ ਵੀ ਵੱਡੀ ਗਿਣਤੀ 'ਚ ਸੈਲਾਨੀਆਂ ਨੂੰ ਖਿੱਚ ਪਾਉਂਦੇ ਹਨ ਕਿਉਂਕਿ ਇਹਨਾਂ 'ਤੇ ਧੁੱਪ ਮਾਨਣ ਦਾ ਆਪਣਾ ਹੀ ਆਨੰਦ ਹੈ।

ਜਿਨ੍ਹਾਂ ਥਾਂਵਾਂ ਦੇ ਸਰਦੀ ਵਾਲ਼ਾ ਪੌਣ-ਪਾਣੀ ਹੈ – ਸਰਦੀ ਵਿੱਚ ਧੁੱਪ ਤੇ ਨਿੱਘ ਵੱਧ ਖਿੱਚ ਪਾਉਂਦੇ ਹਨ। ਕਈ ਇਲਾਕੇ ਸਰਦੀਆਂ ਵਿੱਚ ਛੁੱਟੀਆਂ ਕੱਟਣ ਲਈ ਮਸ਼ਹੂਰ ਰਿਜ਼ੋਰਟ ਬਣ ਗਏ ਹਨ। ਇਹਨਾਂ ਰਿਜ਼ੌਰਟਾਂ ਦੇ ਆਸ ਪਾਸ ਸਰਦ ਰੁਤ ਦੀਆਂ ਖੇਡਾਂ ਦੀਆਂ ਸਹੂਲਤਾਂ ਸੈਲਾਨੀਆਂ ਨੂੰ ਦਿੱਤੀਆ ਜਾਂਦੀਆਂ ਹਨ। ਨਿੱਘੇ ਪੌਣ-ਪਾਣੀ ਵਾਲੇ ਇਲਾਕਿਆਂ ਤੋਂ ਆਉਣ ਵਾਲ਼ੇ ਸੈਲਾਨੀ ਇੱਥੇ ਸਨੋਫਾਲ ਤੇ ਸਰਦ ਪੌਣ ਪਾਣੀ ਦਾ ਆਨੰਦ ਲੈਣ ਆਉਂਦੇ ਹਨ। ਤਪਤ ਖੰਡੀ ਪੌਣ ਪਾਣੀ ਵਾਲ਼ੇ ਦੇਸ਼ਾਂ, ਵਿੱਚ ਕਈ ਠੰਢੇ ਤੇ ਪਹਾੜੀ ਇਲਾਕੇ ਵਿਕਸਿਤ ਕੀਤੇ ਗਏ ਹਨ ਜਿਨ੍ਹਾਂ ਨੂੰ ਹਿੱਲ ਸਟੇਸ਼ਨ ਵੀ ਕਿਹਾ ਜਾਂਦਾ ਹੈ। ਇਸ ਪ੍ਰਕਾਰ ਪੌਣ ਪਾਣੀ ਦਾ ਸੈਰ—ਸਪਾਟਾ ਥਾਂ ਲਈ ਵਿਸ਼ੇਸ਼ ਮਹੱਤਵ ਹੈ। ਸਵਿਟਰਜ਼ਰਲੈਂਡ, ਫਰਾਂਸ, ਜਰਮਨੀ ਵਿੱਚ ਕਈ ਸਰਦ ਸੈਰ—ਸਪਾਟਾ ਸਥਾਨ ਹਨ।

ਚੰਗੇ ਪੌਣ—ਪਾਣੀ ਦੀ ਹਾਲਤ ਵਿੱਚ ਸੈਰ—ਸਪਾਟਾ ਗਤੀਵਿਧੀ ਸੰਭਵ ਤੇ ਆਨੰਦਮਈ ਹੁੰਦੀ ਹੈ। ਸਖ਼ਤ ਸਰਦੀ ਵਿਚ ਸਕੀਟਿੰਗ ਦਾ ਆਨੰਦ ਲਿਆ ਜਾਂਦਾ ਹੈ ਜਦੋਂ ਉੱਥੇ ਬਰਫ਼ ਪਈ ਹੋਈ ਹੋਵੇ। ਥਾਈਲੈਂਡ ਦੀਆਂ ਸੈਰ—ਸਪਾਟਾ ਥਾਂਵਾਂ ਜਨਵਰੀ ਤੋਂ ਮਾਰਚ ਤੱਕ ਵਿਸ਼ੇਸ਼ ਖਿੱਚ ਪਾਉਂਦੀਆਂ ਹਨ ਜਦੋਂ ਨਮੀ ਦੀ ਮਾਤਰਾ ਬਹੁਤ ਨੀਵੇਂ ਪੱਧਰ 'ਤੇ ਹੁੰਦੀ ਹੈ ਅਤੇ ਤਾਪਮਾਨ ਵੀ ਆਮ ਨਾਲ਼ੋਂ ਕੁਝ ਕੁ ਘੱਟ ਹੁੰਦਾ ਹੈ। ਪੌਣ—ਪਾਣੀ ਦੇ ਆਧਾਰ 'ਤੇ ਹੀ ਸੈਰ—ਸਪਾਟੇ ਦਾ ਸਮਾਂ ਨਿਸ਼ਚਿਤ ਕੀਤਾ ਜਾਂਦਾ ਹੈ। ਲੋਕ ਛੁੱਟੀਆਂ ਕੱਟਣ ਲਈ ਉਹੋ ਥਾਂਵਾਂ ਚੁਣਦੇ ਹਨ ਜਿੱਥੇ ਪੌਣ—ਪਾਣੀ ਸੈਰ ਲਈ ਠੀਕ ਹੋਵੇ। ਭਾਰਤ ਵਿੱਚ ਸੈਰ—ਸਪਾਟਾ ਸੀਜ਼ਨ ਅਕਤੂਬਰ ਤੋਂ ਮਾਰਚ ਦਰਮਿਆਨ ਹੁੰਦਾ ਹੈ ਕਿਉਂਕਿ ਇਸ ਸਮੇਂ ਦੌਰਾਨ ਪੌਣ ਪਾਣੀ ਸੈਰ—ਸਪਾਟੇ ਲਈ ਠੀਕ ਹੁੰਦਾ ਹੈ। ਪੌਣ—ਪਾਣੀ ਦੇ ਆਧਾਰ 'ਤੇ ਹੀ ਦ੍ਰਿਸ਼ – ਦਰਸ਼ਨ, ਸਕੀਇੰਗ, ਤੈਰਾਕੀ ਤੇ ਗੋਲਫ ਆਦਿ ਖੇਡਾਂ ਲਈ ਸਮਾਂ ਤੈਅ ਕੀਤਾ ਜਾਂਦਾ ਹੈ।

ਕਿਸੇ ਸਥਾਨ ਦੀ ਸੀਨਰੀ ਤੇ ਕੁਦਰਤੀ ਸੁੰਦਰਤਾ ਵੀ ਸੈਲਾਨੀਆਂ ਨੂੰ ਖਿੱਚ ਪਾਉਂਦੀ ਹੈ।

ਬਰਤਾਨੀਆਂ ਵਿਚਲੇ ਰੋਲਿੰਗ ਗਰੀਨ ਫੀਲਡ ਲੈਂਡ ਸਕੇਪ ਤੇ ਇਟਲੀ ਦੇ ਅੰਗੂਰਾਂ ਦੇ ਬਾਗ਼ ਸੈਲਾਨੀਆਂ ਲਈ ਵਿਸ਼ੇਸ਼ ਖਿੱਚ ਦਾ ਕੇਂਦਰ ਹਨ। ਇੱਥੇ ਦ੍ਰਿਸ਼ਾਂ ਦੀ ਸੁੰਦਰਤਾ ਨਾਲ਼ ਸੰਬੰਧਿਤ ਗਤੀਵਿਧੀਆਂ, ਜਿਵੇਂ ਕਿ ਪਲੱਈਅਰ ਡਰਾਈਵਿੰਗ ਕਰਨਾ ਤੇ ਕੁਝ ਦੇਖਣ ਯੋਗ ਥਾਂਵਾਂ ਤੇ ਰੁਕਣਾ ਅਤੇ ਹਾਈਕਿੰਗ, ਪਿਕਨਿਕ ਤੇ ਕੈਂਪਿੰਗ ਆਦਿ ਕੀਤੀਆਂ ਜਾਂਦੀਆਂ ਹਨ।



ਦਿਹਾਤ ਦਾ ਦ੍ਰਿਸ਼



ਇਟਲੀ ਦੇ ਅੰਗੂਰਾਂ ਦੇ ਬਾਗ਼

ਸੈਲਾਨੀ ਕੁਦਰਤ ਦੇ ਵੱਖ—ਵੱਖ ਪੱਖਾਂ ਨੂੰ ਪੂਰੀ ਤਰ੍ਹਾਂ ਮਾਣਦੇ ਹਨ। ਧਰਤੀ ਦੀਆਂ ਵੱਖ—ਵੱਖ ਕਿਸਮਾਂ ਜਿਵੇਂ ਕਿ ਪਹਾੜੀਆਂ, ਮੂੰਗਿਆਂ ਦੀਆਂ ਤਹਿਆ, ਚੱਟਾਨਾਂ ਆਦਿ ਨੂੰ ਵੀ ਸੈਲਾਨੀ ਪੂਰੀ ਤਰ੍ਹਾਂ ਮਾਣਦੇ ਹਨ। ਸਮੁੰਦਰੀ ਤੱਟਾਂ ਤੇ ਟਾਪੂਆਂ ਤੋਂ ਬਿਨਾਂ ਪਹਾੜੀ ਥਾਂਵਾਂ ਵੀ ਸੈਲਾਨੀਆਂ ਦੀ ਖਿੱਚ ਦਾ ਕੇਂਦਰ ਬਣਦੀਆਂ ਹਨ। ਪਹਾੜਾਂ ਵੱਲ ਸੈਲਾਨੀ ਇਸ ਲਈ ਖਿੱਚੇ ਜਾਂਦੇ ਹਨ ਕਿਉਂਕਿ ਇੱਥੇ ਤਾਜ਼ੀ ਹਵਾ, ਵਿਭਿੰਨ ਲੈਂਡ ਸਕੇਪ, ਵਿਭਿੰਨ ਜੀਵ ਜੰਤੂ, ਸੋਹਣੇ ਕੁਦਰਤੀ ਨਜ਼ਾਰੇ, ਬਰਫ਼, ਮਨੋਰੰਜਨ ਮੌਕੇ ਤੇ ਵਿਭਿੰਨ ਸੱਭਿਆਚਾਰ ਵੇਖਣ ਨੂੰ ਮਿਲ਼ ਜਾਂਦਾ ਹੈ। ਯੂਰਪੀਅਨ ਐਲਪਸ, ਨੌਰਥ ਅਮਰੀਕਨ ਰੌਕੀਜ਼,

ਦੱਖਣੀ ਅਮਰੀਕੀ ਏਂਡਜ਼, ਨਿਊਜ਼ੀਲੈਂਡ ਦੇ ਦੱਖਣੀ ਐਲਪਸ, ਏਸ਼ੀਆ ਦੀਆਂ ਹਿਮਾਲੀਅਨ ਪਹਾੜੀਆਂ ਅਫ਼ਰੀਕਾ ਦੀਆਂ ਐਟਲਸ ਪਹਾੜੀਆਂ ਆਦਿ ਸੈਲਾਨੀਆਂ ਨੂੰ ਵਿਸ਼ੇਸ਼ ਖਿੱਚ ਪਾਉਂਦੀਆਂ ਹਨ। ਪਹਾੜਾਂ ‘ਤੇ ਹੋਣ ਵਾਲ਼ੀਆਂ ਗਤੀਵਿਧੀਆਂ ਇਸ ਪ੍ਰਕਾਰ ਹਨ :

ਕੁਦਰਤੀ ਚਹਿਲ ਕਦਮੀ— ਇਹ ਚਹਿਲ ਕਦਮੀ ਸੈਲਾਨੀਆਂ ਨੂੰ ਬਨਸਪਤੀ ਤੇ ਵੱਖ—ਵੱਖ ਜੀਵ ਜੰਤੂਆਂ ਤੇ ਲੈਂਡ ਸਕੇਪਸ ਵੇਖਣ ਦਾ ਮੌਕਾ ਪ੍ਰਦਾਨ ਕਰਦੀ ਹੈ।

ਧਰਤੀ ਨਾਲ਼ ਸੰਬੰਧਿਤ ਖੋਜ ਗਤੀਵਿਧੀਆਂ ਜਿਨ੍ਹਾਂ ਵਿੱਚ ਸਾਈਕਲਿੰਗ, ਮਾਊਨਟੇਨ ਬਾਈਕਿੰਗ, ਘੋੜ ਸਵਾਰੀ ਤੇ ਪਰਬਤਾ ਤੇ ਰਹਿਣ ਆਦਿ।

ਤਾਜ਼ਾ ਪਾਣੀ ‘ਤੇ ਆਧਾਰਿਤ ਗਤੀਵਿਧੀਆਂ - ਇਹਨਾਂ ਵਿੱਚ ਕੈਨੋਇੰਗ, ਸੇਲਿੰਗ, ਵਿੰਡ ਸਰਫਿੰਗ, ਫਰੈਸ਼ ਵਾਟਰ ਫਿਸ਼ਿੰਗ ਆਦਿ ਸ਼ਾਮਲ ਹਨ।

ਬਰਫ਼ ‘ਤੇ ਆਧਾਰਿਤ ਮਨੋਰੰਜਨ ਗਤੀਵਿਧੀਆਂ ਇਹਨਾਂ ਵਿੱਚ ਸਕੀਇੰਗ, ਸਨੋਅ ਸਕੂਟਰਿੰਗ, ਸਲੈਡਿੰਗ ਆਦਿ ਸ਼ਾਮਲ ਹਨ।

ਬਹੁਤ ਸਾਰੇ ਸੈਲਾਨੀਆਂ ਨੂੰ ਬਨਸਪਤੀ ਤੇ ਜੀਵ—ਜੰਤੂ ਬਹੁਤ ਖਿੱਚ ਪਾਉਂਦੇ ਹਨ। ਸੈਲਾਨੀ ਇਹ ਜਾਣਨ ਦੇ ਇੱਛੁਕ ਹੁੰਦੇ ਹਨ ਕਿ ਉਹ ਜੋ ਪੌਦੇ ਤੇ ਦਰਖ਼ਤ ਵੇਖਦੇ ਹਨ ਉਹ ਕਿਸ ਮੌਸਮ ਵਿੱਚ ਹੁੰਦੇ ਹਨ। ਕਈ ਵਿਸ਼ੇਸ਼ ਪੌਦੇ ਕੁਝ ਵਿਸ਼ੇਸ਼ ਖੇਤਰਾਂ ਵਿੱਚ ਹੀ ਪਾਏ ਜਾਂਦੇ ਹਨ ਤੇ ਸੈਲਾਨੀ ਇਹਨਾਂ ਪੌਦਿਆਂ ਨੂੰ ਵੇਖਣ ਲਈ ਉਨ੍ਹਾਂ ਖੇਤਰਾਂ ਵਿੱਚ ਜਾਂਦੇ ਹਨ। ਸੰਘਣੇ ਜੰਗਲ਼ ਵੀ ਉਹਨਾਂ ਸੈਲਾਨੀਆਂ ਨੂੰ ਆਕਰਸ਼ਨ ਲੱਗਦੇ ਹਨ ਜੋ ਟਰੈਕਿੰਗ ਦਾ ਆਨੰਦ ਮਾਣਨਾ ਚਾਹੁਦੇ ਹਨ। ਜੀਵ—ਜੰਤੂ ਉਹਨਾਂ ਸੈਲਾਨੀਆਂ ਨੂੰ ਖਿੱਚ ਪਾਉਂਦੇ ਹਨ ਜੋ ਪੰਛੀਆਂ ਨੂੰ ਵੇਖਣ ਦੇ ਸ਼ੌਕੀਨ ਹੁੰਦੇ ਹਨ, ਜੰਗਲ਼ੀ ਦੁਧਾਧਾਰੀ ਜੀਵ, ਸੱਪ ਅਤੇ ਹੋਰ ਲਾਜਵਾਬ ਪਸ਼ੂ ਤੇ ਜਾਨਵਰ ਆਦਿ ਵੀ ਸੈਲਾਨੀਆਂ ਦੀ ਖਿੱਚ ਦਾ ਕਾਰਨ ਬਣਦੇ ਹਨ। ਜੰਗਲੀ ਜੀਵਾਂ

ਦੀਆਂ ਰੁੱਖਾਂ, ਨੈਸ਼ਨਲ ਪਾਰਕ, ਚਿੜੀਆਂ ਘਰ, ਐਕੁਏਰੀਅਜ਼, ਬੋਟਿਨਿਕ ਡਾਰਡਨ ਜਿੱਥੋਂ ਸੈਲਾਨੀ ਬਨਸਪਤੀ ਤੇ ਜੀਵ—ਜੰਤੂਆਂ ਬਾਰੇ ਬਹੁਤ ਕੁਝ ਸਿੱਖਦੇ ਹਨ, ਯੈਲੋ ਸਟੋਨ ਨੈਸ਼ਨਲ ਪਾਰਕ, ਸਾਂਡਿਆਗੋ ਜ਼ੂ, ਲੰਦਨ ਨੇੜੇ ਨਿਊ ਵਿਖੇ ਬੋਟੈਨਿਕ ਗਾਰਡਨ, ਸ੍ਰੀ ਲੰਕਾ 'ਚ ਕੈਂਡੀ ਅਤੇ ਇੰਡੋਨੇਸ਼ੀਆ ਵਿੱਚ ਜਾਵਾ ਵਿਖੇ ਬੋਗੋਰ ਅਜਿਹੇ ਸਥਾਨ ਹਨ ਜੋ ਜੰਗਲ਼ੀ ਜੀਵ ਪ੍ਰੇਮੀਆਂ ਨੂੰ ਖਿੱਚ ਪਾਉਂਦੇ ਹਨ।

ਵੱਖ—ਵੱਖ ਜਲ ਕਿਸਮਾਂ, ਦਰਿਆ, ਝੀਲਾਂ, ਝਰਨੇ, ਚਸ਼ਮੇ ਆਦਿ, ਨਿਆਗਰਾ ਫਾਲਜ਼ (ਅਮਰੀਕਾ ਤੇ ਕੈਨੇਡਾ) ਦੀ ਮਿਸਾਲ ਪੇਸ਼ ਕੀਤੀ ਜਾ ਸਕਦੀ ਹੈ ਕਿ ਇਹ ਕਿਵੇਂ ਸੈਲਾਨੀਆਂ ਨੂੰ ਖਿੱਚਦੇ ਹਨ।

ਆਧੁਨਿਕ ਸੈਰ—ਸਪਾਟਾ ਉਤਪਾਦਾਂ 'ਚ ਸਪਾ ਦੀ ਲੋਕ ਪ੍ਰਿਅਤਾ ਵੀ ਕਾਫ਼ੀ ਵਧ ਗਈ ਹੈ। ਇਹਨਾਂ ਦੀ ਮਿਨਰਲ ਵਾਟਰ ਦੇ ਛਿੜਕਾਓ ਦੀ ਡਾਕਟਰੀ ਪੱਖ ਤੋਂ ਵੀ ਅਹਿਮੀਅਤ ਮੰਨੀ ਜਾਂਦੀ ਹੈ। ਲੋਕ ਰੋਗ ਨਿਵਾਰਕ ਇਸ਼ਨਾਨ ਕਰਨ ਲਈ ਸਪਾ ਵਿੱਚ ਜਾਣ ਲੱਗੇ ਹਨ। ਇਟਲੀ, ਆਸਟਰੇਲੀਆ, ਜਰਮਨੀ ਸਮੇਤ ਕਈ ਦੇਸਾਂ ਵਿੱਚ ਸਪਾਅ ਦੇ ਇਲਾਜ ਕਾਫ਼ੀ ਲੋਕਪ੍ਰਿਆ ਹਨ।

ਆਰਾਮ ਤੇ ਮਨੋਰੰਜਨ ਲਈ ਬੀਚਾਂ ਵੀ ਸੈਲਾਨੀਆਂ ਨੂੰ ਕਾਫੀ ਪ੍ਰਭਾਵਿਤ ਕਰਦੀਆਂ ਹਨ। ਬੀਚਾਂ 'ਤੇ ਸੁੰਦਰ ਕੁਦਰਤੀ ਦ੍ਰਿਸ਼ ਵੇਖਣ ਨੂੰ ਮਿਲ਼ਦੇ ਹਨ ਜਿੱਥੇ, ਸੁਨਹਿਰੀ ਰੇਤਾ, ਹਰੇਵਾਈ ਤੇ ਚਮਕਦਾ ਨੀਲਾ ਅਕਾਸ਼ ਬੇਹੱਦ ਖਿੱਚ ਪਾਉਂਦੇ ਹਨ। ਬੀਚਾਂ 'ਤੇ ਸੈਰ—ਸਪਾਟਾ ਗਤੀਵਿਧੀਆਂ ਵਿੱਚ ਪਾਣੀ ਤੇ ਧਰਤੀ ਸਾਧਨਾ ਨਾਲ ਸੰਬੰਧਿਤ ਹਨ। ਪਾਣੀ ਦੀ ਵਰਤੋਂ ਵਿੱਚ ਤੈਰਾਕੀ, ਸਰਫਿੰਗ, ਸੇਲਿੰਗ, ਵਿੰਡ ਸਰਫਿੰਗ, ਵਾਟਰ ਸਕੂਟਰਿੰਗ, ਪੈਰਾ ਸੇਲਿੰਗ, ਮੋਟਰ ਬੋਟ ਸਵਾਰੀ, ਆਦਿ ਸ਼ਾਮਲ ਹਨ। ਧਰਤੀ ਦੇ ਸ੍ਰੋਤਾਂ ਦੀ ਵਰਤੋਂ ਨਾਲ਼ ਧੁੱਪ ਇਸ਼ਨਾਨ, ਸੈਲਾਨੀਆਂ ਲਈ ਮਨੋਰੰਜਨ ਖੇਡਾਂ ਲਈ ਪਾਰਕ, ਖੇਡ ਮੈਦਾਨ, ਥੀਏਟਰ, ਐਮਿਊਜ਼ਮੈਂਟ ਪਾਰਕ, ਕੇਸੀਨੋ, ਸੱਭਿਆਚਾਰਕ ਅਜਾਇਬਘਰ ਆਦਿ ਸ਼ਾਮਲ ਹਨ। ਠਹਿਰਨ ਲਈ

ਸਹੂਲਤਾਂ ਦੇਣ ਲਈ ਹੋਟਲ, ਕਾਟੇਜ, ਕੈਪਿੰਗ ਥਾਂਵਾਂ, ਕਾਰ ਪਾਰਕਿੰਗ ਥਾਂਵਾਂ, ਮਨੋਰੰਜਨ ਤੇ ਸ਼ਾਪਿੰਗ ਕੰਪਲੈਕਸ ਮੌਜੂਦ ਹੁੰਦੇ ਹਨ; ਆਵਾਜਾਈ ਲਈ ਸੜਕਾਂ ਤੇ ਟਰਾਂਸਪੋਰਟ ਤਾਣਾ ਬਣਾ ਮੌਜੂਦ ਹੁੰਦਾ ਹੈ।

ਟਾਪੂਆਂ 'ਤੇ ਵੀ ਬਹੁਤ ਕੁਦਰਤੀ ਸੁੰਦਰਤਾ ਵੇਖਣ ਨੂੰ ਮਿਲ਼ਦੀ ਹੈ। ਇੱਥੇ ਲਾਜਵਾਬ ਬਨਸਪਤੀ ਤੇ ਜੀਵ ਜੰਤੂ ਹੁੰਦੇ ਹਨ, ਕਬੀਲਿਆਈ ਜੀਵਨ ਵੀ ਵੇਖਣ ਨੂੰ ਮਿਲ਼ਦਾ ਹੈ, ਇਸ ਪ੍ਰਕਾਰ ਖੋਜ, ਕੁਦਰਤ ਤੇ ਸੱਭਿਆਚਾਰ ਦੇ ਪ੍ਰੇਮੀਆਂ ਲਈ ਟਾਪੂ, ਸੈਰ—ਸਪਾਟੇ ਦੇ ਆਕਰਸ਼ਕ ਸਥਾਨ ਹਨ। ਕੈਰੇਬੀਅਨ, ਹਵਾਈ, ਮਾਲਦੀਵਜ਼, ਮਾਰੀਸ਼ਸ਼, ਅੰਡੇਮਾਨ ਤੇ ਨਿਕੋਬਾਰ ਦੇ ਟਾਪੂ ਆਦਿ ਵਿਸ਼ੇਸ਼ ਖਿੱਚ ਪਾਉਣ ਵਾਲ਼ੇ ਸੈਰ—ਸਪਾਟਾ ਸਥਾਨ ਹਨ।

## 1.2.2 ਮਨੁੱਖ ਵੱਲੋਂ ਨਿਰਮਿਤ ਸੈਰ—ਸਪਾਟਾ ਉਤਪਾਦ

ਖ਼ੁਸ਼ੀ, ਆਨੰਦ ਤੇ ਵਪਾਰ ਲਈ ਕੁਝ ਸੈਰ—ਸਪਾਟਾ ਥਾਂਵਾਂ ਦਾ ਮਨੁੱਖ ਵੱਜੋਂ ਵੀ ਨਿਰਮਾਣ ਕੀਤਾ ਜਾਂਦਾ ਹੈ: –

a) <u>ਸੱਭਿਆਚਾਰਿਕ</u>

- ਪੁਰਾਤੱਤਵ ਦਿਲਚਸਪੀ ਵਾਲ਼ੀਆਂ ਥਾਂਵਾਂ ਤੇ ਖੇਤਰ
- ਇਤਿਹਾਸਿਕ ਮਹੱਤਵ ਵਾਲ਼ੀਆਂ ਇਮਾਰਤਾਂ ਅਤੇ ਸਮਾਰਕ
- ਇਤਿਹਾਸਿਕ ਮਹੱਤਵ ਵਾਲ਼ੀਆਂ ਥਾਂਵਾਂ
- ਅਜਾਇਬ-ਘਰ ਤੇ ਆਰਟ ਗੈਲਰੀਆਂ
- ਸਿਆਸੀ ਅਤੇ ਵਿਦਿਅਕ ਸੰਸਥਾਵਾਂ
- ਧਾਰਮਿਕ ਸੰਸਥਾਵਾਂ

b) <u>ਪ੍ਰੰਪਰਾਵਾਂ ਨਾਲ਼ ਸੰਬੰਧਿਤ</u>

- ਤੀਰਥ ਯਾਤਰਾਵਾਂ
- ਮੇਲੇ ਅਤੇ ਤਿਉਹਾਰ
- ਕਲਾ ਤੇ ਦਸਤਕਾਰੀ ਮੇਲੇ
- ਨ੍ਰਿੱਤ
- ਸੰਗੀਤ
- ਲੋਕ—ਯਾਨ
- ਦੇਸੀ ਜੀਵਨ ਤੇ ਰਸਮ—ਰਿਵਾਜ

**<u>ਮਨੋਰੰਜਨ ਨਾਲ਼ ਸੰਬੰਧਿਤ</u>**

- ਐਮਿਊਜ਼ਮੈਂਟ ਤੇ ਮਨੋਰੰਜਨ ਪਾਰਕ
- ਖੇਡ ਮੇਲੇ
- ਚਿੜੀਆ ਘਰ ਤੇ ਓਸ਼ਨੇਰੀਅਮ
- ਸਿਨੇਮਾ ਤੇ ਥੀਏਟਰ
- ਰਾਤਰੀ ਜੀਵਨ
- ਭੋਜਨ ਸ਼ਾਲਾਵਾਂ

**<u>ਵਪਾਰਿਕ</u>**

- ਕਨਵੈਨਸ਼ਨਾ
- ਕਾਨਫਰੰਸਾਂ

ਸੱਭਿਆਚਾਰਿਕ ਸੈਰ—ਸਪਾਟਾ ਪ੍ਰੰਪਰਾਵਾਂ, ਕਲਾ ਵਸਤਾਂ, ਸੈਲੀਬ੍ਰੇਸ਼ਨ ਤੇ ਅਨੁਭਵਾਂ ਆਦਿ ਦੀ

ਪੱਚੀਕਾਰੀ 'ਤੇ ਆਧਾਰਿਤ ਹੁੰਦਾ ਹੈ। ਇਹ ਪ੍ਰੰਪਰਾਵਾਂ, ਕਲਾ ਕਿਸਮਾਂ ਤੇ ਪ੍ਰੰਪਰਾਵਾਂ ਕਿਸੇ ਦੇਸ਼ ਦੇ ਲੋਕਾਂ ਦੀ ਵਿਭਿੰਨਤਾ ਅਤੇ ਚਰਿੱਤਰ ਨੂੰ ਪੇਸ਼ ਕਰਦੀਆਂ ਹਨ। ਸੱਭਿਆਚਾਰਿਕ ਸੈਰ—ਸਪਾਟਾ ਥਾਂਵਾਂ ਵਿਭਿੰਨ ਪ੍ਰਕਾਰ ਦੀਆਂ ਹਨ ਜਿਨ੍ਹਾਂ ਵਿੱਚ ਪੂਰਵ ਇਤਿਹਾਸਿਕ, ਇਤਿਹਾਸਿਕ, ਚਲੰਤ ਤੇ ਆਰਥਿਕ ਗਤੀਵਿਧੀਆਂ 'ਤੇ ਆਧਾਰਿਤ ਥਾਂਵਾਂ ਸ਼ਾਮਲ ਹਨ। ਪੂਰਵ ਇਤਿਹਾਸਿਕ ਸੈਰ—ਸਪਾਟਾ ਥਾਂਵਾਂ ਵਿੱਚ ਰੌਕ ਪੇਂਟਿੰਗਾਂ, ਨਕਾਸ਼ੀ , ਮੂਰਤੀਕਲਾ ਅਤੇ ਦੇਸੀ ਲੋਕਾਂ ਨਾਲ਼ ਸੰਬੰਧਿਤ ਪਹਾੜੀ ਟਿੱਲੇ ਆਦਿ ਸ਼ਾਮਲ ਹਨ। ਇਸ ਵਰਗ ਵਿੱਚ ਬਰਤਾਨੀਆਂ ਦੇ ਸਟੋਨਹੈਂਗ ਦੀ ਮਿਸਾਲ ਦਿੱਤੀ ਜਾ ਸਕਦੀ ਹੈ।

ਇਤਿਹਾਸਕ ਸਮਾਰਕ ਸੰਬੰਧਿਤ ਦੇਸਾਂ ਤੇ ਉੱਥੋਂ ਦੇ ਸੱਭਿਆਚਾਰ ਨਾਲ਼ ਸੰਬੰਧਿਤ ਯਾਦਗਾਰੀ ਥਾਂਵਾਂ ਹਨ। ਮਿਸਰ ਵਿੱਚ ਗੀਜ਼ਾ ਦੇ ਪਿਰਾਮਿਡ, ਚੀਨ ਦੀ ਦੀਵਾਰ, ਪੈਰਿਸ ਦਾ ਈਫਲ ਟਾਵਰ ਕੁਝ ਮਹੱਤਵਪੂਰਨ ਸਮਾਰਕ ਹਨ।



ਪੈਰਿਸ ਦਾ ਈਫਲ ਟਾਵਰ

✲) **ਪ੍ਰੰਪਰਾਵਾਂ :**

ਪ੍ਰੰਪਰਾਵਾਂ ਤੇ ਰਵਾਇਤਾਂ ਵੀ ਆਮ ਲੋਕਾਂ ਨਾਲ਼ ਜੁੜੀਆਂ ਹੁੰਦੀਆਂ ਹਨ । ਸਦੀਆਂ ਤੋਂ ਲੋਕ ਇਹਨਾਂ ਰਵਾਇਤਾਂ ਦਾ ਪਾਲਣ ਕਰਦੇ ਆ ਰਹੇ ਹਨ। ਰਵਾਇਤਾਂ / ਪ੍ਰੰਪਰਾਵਾਂ ਕੀਤੇ ਜਾਣ ਵਾਲ਼ੇ ਕੰਮਾਂ ਤੇ ਆਧਾਰਿਤ ਹਨ ਤੇ ਸੱਭਿਆਚਾਰਕ ਰਵਾਇਤਾਂ ਦਾ ਸਮੂਹ ਹੁੰਦਾ ਹੈ। ਦੇਸੀ ਜੀਵਨ ਤੇ ਰਸਮੋ-ਰਿਵਾਜ਼ ਵਿਸ਼ੇਸ਼ ਤਰ੍ਹਾਂ ਦੀ ਖਿੱਚ ਰੱਖਦੇ ਹਨ ਕਿਉਂਕਿ ਵਿਸ਼ਵ ਦੇ ਵੱਖ—ਵੱਖ ਭਾਗਾਂ 'ਚ ਲੋਕਾਂ ਦੇ ਵੱਖ-ਵੱਖ ਰਸਮੋ ਰਿਵਾਜ ਤੇ ਰਵਾਇਤਾਂ ਹਨ। ਉਹਨਾਂ ਦਾ ਨਿੱਤਨੇਮ : ਖਾਣਾ, ਧਾਰਮਿਕ ਵਿਸ਼ਵਾਸ਼ ਆਦਿ ਵੀ ਵੱਖ—ਵੱਖ ਹੁੰਦੇ ਹਨ। ਭਾਰਤੀ ਵਿਆਹਾਂ ਦੀਆਂ ਰਸਮਾਂ ਮੰਦਰਾਂ ਜਾਂ ਹੋਰ ਧਾਰਮਿਕ ਅਸਥਾਨਾਂ 'ਤੇ ਹੁੰਦੀਆਂ ਹਨ ਤੇ ਇਹ ਰਸਮਾਂ ਵੇਖਣ ਲਈ ਸੈਲਾਨੀ ਵੀ ਖਿੱਚੇ ਜਾਂਦੇ ਹਨ।

ਤੀਰਥ ਯਾਤਰਾ ਪਵਿੱਤਰ ਅਸਥਾਨਾਂ ਦੀ ਯਾਤਰਾ ਹੁੰਦੀ ਹੈ। ਲੋਕ ਨੈਤਿਕ ਤੇ ਰੂਹਾਨੀ ਸ਼ਾਂਤੀ ਲਈ ਤੀਰਥਾਂ ਦੀ ਯਾਤਰਾ ਕਰਦੇ ਹਨ। ਕੁਝ ਯਾਤਰਾਵਾਂ ਲੋਕ ਮਿਲ਼ ਕੇ ਕਰਦੇ ਹਨ ਤੇ ਕੁਝ ਇਕੱਲਿਆਂ ਜਾਂ ਪਰਿਵਾਰ ਸਮੇਤ। ਆਮ ਤੌਰ 'ਤੇ ਇਹ ਯਾਤਰਾ ਕਿਸੇ ਤੀਰਥ ਸਥਾਨ ਜਾਂ ਵਿਅਕਤੀ ਦੇ ਧਾਰਮਿਕ ਵਿਸ਼ਵਾਸ ਨਾਲ ਸੰਬੰਧਿਤ ਥਾਂ ਦੀ ਯਾਤਰਾ ਹੁੰਦੀ ਹੈ। ਹਰੇਕ ਧਰਮ ਵਿੱਚ ਕੁਝ ਵਿਸ਼ੇਸ਼ ਥਾਂਵਾਂ ਨੂੰ ਅਧਿਆਤਮਿਕ ਦਰਜਾ ਦਿੱਤਾ ਗਿਆ ਹੈ ; ਮਿਸਾਲ ਵਜੋਂ ਕਿਸੇ ਧਰਮ ਦੇ ਮੋਢੀ ਜਾਂ ਸੰਤ ਦਾ ਜਨਮ ਸਥਾਨ ਜਾਂ ਮਰਨ ਸਥਾਨ ਜਾਂ ਉਹ ਅਸਥਾਨ ਜਿੱਥੇ ਉਸ ਧਾਰਮਿਕ ਆਗੂ ਨੂੰ ਗਿਆਨ ਪ੍ਰਾਪਤ ਹੋਇਆ ਹੋਵੇ, ਕੁਝ ਸਥਾਨ ਦੇਵੀ ਦੇਵਤਿਆਂ ਨਾਲ਼ ਸੰਬੰਧਿਤ ਮੰਨੇ ਜਾਂਦੇ ਹਨ, ਕੁਝ ਥਾਂਵਾਂ ਤੇ ਵਿਸ਼ੇਸ਼ ਅਧਿਆਤਮਿਕ ਸ਼ਕਤੀ ਦੀ ਹੋਂਦ ਮੰਨੀ ਜਾਂਦੀ ਹੈ। ਅਜਿਹੇ ਸਥਾਨਾਂ 'ਤੇ ਮੰਦਰ ਜਾਂ ਮੱਠ ਉਸਾਰ ਦਿੱਤੇ ਜਾਂਦੇ ਹਨ। ਤੇ ਸ਼ਰਧਾਲੂ ਅਧਿਆਤਮਿਕ ਸ਼ਾਤੀ ਲਈ ਇਹਨਾਂ ਥਾਂਵਾਂ ਤੇ ਜਾਂਦੇ ਹਨ। ਜੋ ਵਿਅਕਤੀ ਅਜਿਹੀ ਯਾਤਰਾ ਕਰਦਾ ਹੈ ਉਸ ਨੂੰ ਤੀਰਥ ਯਾਤਰੀ ਕਿਹਾ ਜਾਂਦਾ ਹੈ।ਮੁਸਲਮਾਨ ਲੋਕਾਂ ਵਿਚ ਹੱਜ

(ਮੱਕੇ 'ਚ ਕਾਅਬੇ ਦੀ ਯਾਤਰਾ) ਦੀ ਪ੍ਰਥਾ ਅਤੇ ਹਿੰਦੂਆਂ ਵਿੱਚ ਚਾਰ ਧਾਮ ਦੀ ਯਾਤਰਾ (ਬਦਰੀ ਨਾਥ, ਜਗਨ ਨਾਥ, ਰਮੇਸ਼ਵਰਮ ਤੇ ਦਵਾਰਕਾ) ਦੀ ਪ੍ਰਥਾ ਪ੍ਰਚਲਤ ਹੈ।

ਲੋਕਾਂ ਵਿੱਚ ਮੇਲੇ ਅਤੇ ਤਿਉਹਾਰ ਮਨਾਉਣ ਦੀ ਵੀ ਪ੍ਰਥਾ ਹੈ। ਮੇਲੇ ਲੋਕਾਂ ਦਾ ਇਕੱਠ ਹੁੰਦੇ ਹਨ, ਕੁਝ ਵਪਾਰ ਮੇਲੇ ਵਪਾਰਿਕ ਉਤਪਾਦਾਂ ਦੇ ਵੀ ਹੁੰਦੇ ਹਨ, ਕੁਝ ਪਸ਼ੂ ਮੇਲੇ ਵੀ ਲੱਗਦੇ ਹਨ, ਕੁਝ ਮਨੋਰੰਜਨ ਵਜੋਂ ਵੀ ਲਾਏ ਜਾਂਦੇ ਹਨ। ਇਹ ਕੁਝ ਘੰਟਿਆਂ ਦੇ ਸਮੇਂ ਤੋਂ ਲੈ ਕੇ ਕੁਝ ਦਿਨਾਂ ਤੇ ਹਫ਼ਤਿਆਂ ਤੱਕ ਵੀ ਜਾਰੀ ਰਹਿੰਦੇ ਹਨ। ਵੱਖ—ਵੱਖ ਵਪਾਰਿਕ ਮੇਲੇ ਵਪਾਰ ਲਈ ਮਹੱਤਵਪੂਰਨ ਹੁੰਦੇ ਹਨ ਜਿੱਥੇ ਵਪਾਰੀ ਲੋਕ ਵਪਾਰਕ ਚੀਜ਼ਾਂ ਖਰੀਦਦੇ / ਵੇਚਦੇ ਹਨ। ਕਈ ਮੇਲਿਆਂ ਵਿੱਚ ਵਪਾਰਕ ਚੀਜ਼ਾਂ ਪ੍ਰਦਰਸ਼ਿਤ ਕੀਤੀ ਜਾਂਦੀਆਂ ਹਨ।

**ਪੁਸ਼ਕਰ ਮੇਲਾ :**

ਪੁਸ਼ਕਰ ਪਸ਼ੂ ਮੇਲਾ ਬਹੁਤ ਪ੍ਰਸਿੱਧ ਹੈ। ਇਹ ਮੇਲਾ ਪੰਜ ਦਿਨ ਚੱਲਦਾ ਹੈ। ਰਾਜਸਥਾਨ ਦੇ ਵਿੱਚ ਪੁਸ਼ਕਰ ਸ਼ਹਿਰ ਵਿੱਚ ਇਹ ਮੇਲਾ ਹਰ ਸਾਲ ਲੱਗਦਾ ਹੈ। ਪੁਸ਼ਕਰ ਕੈਮਲ ਫੇਅਰ ਦੇਸ਼ ਦਾ ਸਭ ਤੋਂ ਵੱਡਾ ਕੈਮਲ ਫੇਅਰ ਹੈ ਅਤੇ ਇਹ ਸੈਲਾਨੀਆਂ ਲਈ ਵਿਸ਼ੇਸ਼ ਖਿੱਚ ਦਾ ਕੇਂਦਰ ਬਣਦਾ ਹੈ। ਇਸ ਮੇਲੇ ਵਿੱਚ ਊਠਾਂ ਤੋਂ ਬਿਨਾਂ ਗਾਵਾਂ, ਭੇਡਾਂ, ਬੱਕਰੀਆਂ ਦੀ ਵਿਕਰੀ ਆਦਿ ਵੀ ਹੁੰਦੀ ਹੈ ਤੇ ਕਈ ਪ੍ਰਕਾਰ ਦੇ ਮੁਕਾਬਲੇ, ਲੰਬੀਆਂ ਮੁੱਛਾਂ ਦੇ ਮੁਕਾਬਲੇ, ਲਾੜੀਆਂ ਦੇ ਮੁਕਾਬਲੇ ਆਦਿ ਵੀ ਕਰਵਾਏ ਜਾਂਦੇ ਹਨ।

ਤਿਉਹਾਰ ਕੁਝ ਧਾਰਮਿਕ ਮੰਤਵਾਂ ਲਈ ਮਨਾਏ ਜਾਂਦੇ ਹਨ ਜਾਂ ਇਹ ਇੱਕ ਪ੍ਰਕਾਰ ਧਰਮ ਨਿਰਪੇਖ ਵੀ ਹੁੰਦੇ ਹਨ। ਕਈ ਤਿਉਹਾਰ ਸਥਾਨਿਕ ਰਵਾਇਤਾਂ ਤੇ ਕਲਾ ਨਾਲ਼ ਸੰਬੰਧਿਤ ਹੁੰਦੇ ਹਨ ਜਿਵੇਂ ਕਿ ਰੀਓਡੀ ਜਨੇਰੀਓ ਦਾ ਕਾਰਨੀਵਲ; ਨਿਊ ਓਰਲੀਅਨਜ਼ ਦਾ ਮਾਰਡੀ ਗਰਾਸ ਆਦਿ ਇਹ ਸਥਾਨਿਕ ਲੋਕਾਂ ਤੇ ਸੈਲਾਨੀਆਂ ਲਈ ਵਿਸ਼ੇਸ਼ ਖਿੱਚ ਦਾ ਕੇਂਦਰ ਬਣਦੇ ਹਨ।

ਕਲਾ ਮਨੁੱਖ ਦੇ ਰਚਨਾਤਮਕ ਹੁਨਰ ਤੇ ਕਲਪਨਾ ਦਾ ਪ੍ਰਗਟਾਵਾ ਹੁੰਦੀ ਹੈ ਇਹ ਆਮ ਤੌਰ ਤੇ ਵਿਜੂਅਲ ਸਰੂਪ ਵਿੱਚ ਹੁੰਦੀ ਹੈ ਜਿਵੇਂ ਕਿ ਮੂਰਤੀਆਂ ਤੇ ਬੁੱਤਸਾਜ਼ੀ ਆਦਿ। ਇਹ ਲੋਕਾਂ ਤੋਂ ਪ੍ਰਸ਼ੰਸਾ ਖੱਟਣ ਲਈ ਉਤਪੰਨ ਕੀਤੇ ਜਾਂਦੇ ਹਨ। ਪਰ ਆਰਟ ਵਿੱਚ ਨ੍ਰਿੱਤ, ਸੰਗੀਤ ਅਤੇ ਫਾਈਨ ਆਰਟ ਤੇ ਚਿੱਤਰਕਾਰੀ ਵੀ ਆ ਜਾਂਦੇ ਹਨ ਬੁਤਸ਼ਾਜ਼ੀ ਵੀ ਇਸ ਖੇਤਰ 'ਚ ਆ ਜਾਂਦੀ ਹੈ।

## ਮਨੋਰੰਜਨ :

ਕਈ ਸੈਰ—ਸਪਾਟੇ ਮਨੋਰੰਜਨ ਲਈ ਵੀ ਕੀਤੇ ਜਾਂਦੇ ਹਨ। ਜਿੰਨਾਂ ਵਧੀਆ ਮਨੋਰੰਜਨ ਹੋਵੇਗਾ ਉਨਾਂ ਹੀ ਉਹ ਸਥਾਨ ਸੈਲਾਨੀਆਂ ਲਈ ਖਿੱਚ ਪਾਊ ਹੋਵੇਗਾ। ਇਸ ਤਰ੍ਹਾਂ ਦੇ ਸੈਰ—ਸਪਾਟਾ ਸਥਾਨਾਂ ਵਿੱਚ ਖੇਡ ਸਟੇਡੀਅਮ, ਥੀਏਟਰ, ਅਜਾਇਬ ਘਰ ਆਉਂਦੇ ਹਨ। ਇਸ ਤਰ੍ਹਾਂ ਦੇ ਮਨੋਰੰਜਨ ਥਾਂਵਾਂ 'ਚ ਅਮਰੀਕਾ ਦਾ ਡਿਜ਼ਨੀ ਵਰਲਡ, ਹਾਂਗਕਾਂਗ ਪੈਰਿਸ, ਸਿੰਗਾਪੁਰ ਸਮੇਤ ਕੁਝ ਦੇਸਾਂ ਦੇ ਥੀਮ ਪਾਰਕ ਸ਼ਾਮਲ ਕੀਤੇ ਜਾ ਸਕਦੇ ਹਨ। ਖੇਡਾਂ ਸੈਰ—ਸਪਾਟਾ ਉਤਪਾਦ ਦਾ ਮੁੱਖ ਹਿੱਸਾ ਹਨ, ਭਾਵੇਂ ਕੁਝ ਲੋਕ —ਖੇਡਾਂ ਵਿੱਚ ਹਿੱਸਾ ਲੈਣ ਜਾਂ ਸਿਰਫ਼ ਉਸ ਨੂੰ ਦਰਸ਼ਕ ਵਜੋਂ ਵੇਖਣ । ਕਈ ਟਰੈਵਲ ਕੰਪਨੀਆਂ ਵੈਬ ਸਾਈਟਾਂ ਤੇ ਬਰੋਸ਼ਰ ਆਦਿ ਵਿਸ਼ੇਸ਼ ਤੌਰ 'ਤੇ ਸਾਹਸੀ ਮੁਕਾਬਲੇ ਤੇ ਖੇਡਾਂ ਆਦਿ ਨਾਲ ਸੰਬੰਧਿਤ ਯਾਤਰਾਵਾਂ ਕਰਵਾਉਂਦੀਆਂ ਹਨ - ਖੇਡ ਸੈਰ—ਸਪਾਟਾ ਆਮ ਵਾਤਾਵਰਨ ਤੋਂ ਪਰੇ ਖੇਡਾਂ ਵਿੱਚ ਹਿੱਸਾ ਲੈਣ, ਮਾਨਣ ਆਦਿ ਦੀ ਪ੍ਰਕਿਰਿਆ ਹੈ। ਖੇਡਾਂ ਜਿਵੇਂ ਕਿ ਓਲੰਪਿਕ ਖੇਡਾਂ, ਫੁਟਬਾਲ ਵਿਸ਼ਵ ਕੱਪ, ਫਾਰਮੂਲਾ ਵਨ ਰੇਸਾਂ, ਸਾਹਸੀ ਖੇਡਾਂ - ਪ੍ਰਬਤਾਰੋਹਣ, ਟਰੈਕਿੰਗ, ਸਕੂਬਾ ਡਾਈਵਿੰਗ ਆਦਿ ਸੈਲਾਨੀਆਂ ਲਈ ਵਿਸ਼ੇਸ਼ ਤੌਰ 'ਤੇ ਖਿੱਚ ਰੱਖਦੀਆਂ ਹਨ।

ਮੁੱਖ ਸੈਰ—ਸਪਾਟਾ ਥਾਵਾਂ ਅਜਿਹੀਆਂ ਵੀ ਵਿਕਸਿਤ ਹੋ ਰਹੀਆਂ ਹਨ ਜਿਨ੍ਹਾਂ ਦਾ ਮੰਤਵ ਮਨੋਰੰਜਕ ਖੇਡਾਂ ਦੁਆਲ਼ੇ ਹੀ ਘੁੰਮਦਾ ਹੈ। ਇਸ ਸੰਕਲਪ ਦੇ ਪੈਦਾ ਹੋਣ ਨਾਲ਼ ਸੈਰ—ਸਪਾਟਾ ਥਾਂਵਾਂ 'ਚ

ਮੁਕਾਬਲੇ ਦੀ ਰੁਚੀ ਵੀ ਵੇਖੀ ਜਾਂਦੀ ਹੈ।

ਛੁਟੀਆਂ ਨੂੰ ਮਨੋਰੰਜਕ ਢੰਗ ਨਾਲ਼ ਮਨਾਉਣ ਲਈ ਰਾਤਰੀ ਜੀਵਨ ਵੀ ਇੱਕ ਆਕਰਸ਼ਕ ਜ਼ਰੀਆ ਹੈ। ਸੈਲਾਨੀ ਸ਼ਹਿਰਾਂ ਦੇ ਉਹਨਾਂ ਇਲਾਕਿਆਂ ਵਿੱਚ ਵਧੇਰੇ ਜਾਣਾ ਪਸੰਦ ਕਰਦੇ ਹਨ ਜਿੱਥੇ ਰਾਤਰੀ ਜੀਵਨ ਦੀ ਗਤੀਵਿਧੀ ਨੂੰ ਉਤਸ਼ਾਹਿਤ ਕੀਤਾ ਜਾਂਦਾ ਹੈ। ਇਹਨਾਂ ਇਲਾਕਿਆਂ ਵਿਚ ਸਟਰੀਟ ਸਟਾਲਾਂ ਫੂਡ ਮਾਰਕੀਟਾਂ, ਬਾਰਾਂ, ਨਾਈਟ ਕਲੱਬਾ, ਕੈਸੀਨੋ ਤੇ ਓਪਨ ਏਅਰ ਬੈਂਡ ਆਦਿ ਕਾਰਨ ਸੈਲਾਨੀ ਇਹਨਾਂ ਵੱਲ ਖਿੱਚੇ ਜਾਂਦੇ ਹਨ ਤੇ ਇੱਥੇ ਜਾ ਕੇ ਉਹਨਾਂ ਨੂੰ ਸੰਤੁਸ਼ਟੀ ਵੀ ਮਿਲ਼ਦੀ ਹੈ ਤੇ ਅਨੁਭਵ ਵੀ ਵਧਦਾ ਹੈ।

ਸੈਲਾਨੀਆਂ ਦੇ ਸਮੁੱਚੇ ਕਿਰਿਆ ਕ੍ਰਮ ਵਿੱਚ ਖਾਣੇ ਦਾ ਵਿਸ਼ੇਸ਼ ਮਹੱਤਵ ਹੁੰਦਾ ਹੈ।ਫੂਡ ਸੈਰ— ਸਪਾਟੇ ਲਈ ਫਰਾਂਸ, ਇਟਲੀ, ਕੈਲੇਫੋਰਨੀਆ ਆਦਿ ਵਿਸ਼ੇਸ਼ ਤੌਰ 'ਤੇ ਪ੍ਰਸਿੱਧ ਹਨ। ਇਹਨਾਂ ਦਿਨਾਂ ਵਿੱਚ ਇਥੋਂ ਦੇ ਰੈਸਟੌਰੈਂਟਾਂ ਵਿੱਚ ਵਿਸ਼ਵ ਭਰ ਦੇ ਖਾਣਿਆਂ ਦਾ ਪਰੋਸਣ ਵੇਖਿਆ ਜਾਂਦਾ ਹੈ। ਜਿਹੜੇ ਵਿਸ਼ੇਸ਼ ਖਾਣੇ ਪਰੋਸੇ ਜਾਂਦੇ ਹਨ ਉਹਨਾਂ ਵਿੱਚ ਭਾਰਤੀ, ਕਾਂਟੀਨੈਂਟਲ, ਚੀਨੀ, ਇਟੈਲੀਅਨ, ਜਪਾਨੀ, ਥਾਂਈ, ਇੰਡੋਨੇਸ਼ੀਅਨ ਫਾਸਟ ਫੂਡ, ਮੈਕਸੀਕਨ, ਮੈਡੀਟਰੇਨੀਅਨ, ਅਤੇ ਅਰੈਬਿਕ ਆਦਿ ਸ਼ਾਮਲ ਹਨ। ਇਹਨਾਂ ਇਲਾਕਿਆਂ ਵਿੱਚ ਜਾਣ ਵਾਲ਼ੇ ਸੈਲਾਨੀ ਆਮ ਤੌਰ 'ਤੇ ਸਥਾਨਿਕ ਖਾਣਾ ਖਾਣ ਨੂੰ ਹੀ ਤਰਜੀਹ ਦਿੰਦੇ ਹਨ।

## ਵਪਾਰਿਕ

ਜੋ ਲੋਕ ਆਪਣੇ ਕੰਮ ਦੇ ਸਿਲਸਿਲੇ 'ਚ ਯਾਤਰਾ ਕਰਦੇ ਹਨ ਉਸ ਨੂੰ ਵਪਾਰਿਕ ਸੈਰ—ਸਪਾਟਾ ਕਿਹਾ ਜਾਂਦਾ ਹੈ। ਵਪਾਰਿਕ ਸੈਲਾਨੀ ਆਪਣੇ ਵਪਾਰਿਕ ਦੌਰਿਆਂ ਨੂੰ ਆਰਾਮਦਾਇਕ ਤੇ ਮਨੋਰੰਜਨ ਵਾਲ਼ੀਆਂ ਗਤੀਵਿਧੀਆਂ ਨਾਲ਼ ਜੋੜ ਲੈਂਦੇ ਹਨ ਜਿਵੇਂ ਕਿ ਉਹਨਾਂ ਥਾਂਵਾਂ 'ਤੇ ਜਾਣਾ ਜਿੱਥੇ ਸੈਲਾਨੀਆਂ

ਨੂੰ ਖਿੱਚਣ ਦੇ ਕਾਫੀ ਸਾਧਨ ਹੋਣ ਤਾਂਕਿ ਸੈਰ—ਸਪਾਟਾ ਵੀ ਹੋ ਜਾਵੇ ਅਤੇ ਮਨੋਰੰਜਨ ਵੀ । ਵਪਾਰਿਕ ਸੈਲਾਨੀ ਸੈਰ—ਸਪਾਟਾ, ਸੱਨਅਤ ਲਈ ਮਹੱਤਵਪੂਰਨ ਹੁੰਦਾ ਹੈ ਜੋ ਸੈਰ— ਸਪਾਟੇ ਦੀਆਂ ਲਗ—ਪਗ ਸਾਰੀਆਂ ਸਹੂਲਤਾਂ – ਠਹਿਰਾਓ, ਟਰਾਂਸਪੋਰਟ, ਆਕਰਸ਼ਣ, ਮਨੋਰੰਜਨ ਆਦਿ ਵਰਤਦਾ ਹੈ। ਵਪਾਰਿਕ ਸੈਲਾਨੀ ਵਪਾਰ ਦੇ ਵੱਖ—ਵੱਖ ਮੰਤਵਾਂ ਲਈ ਯਾਤਰਾ ਕਰਦਾ ਹੈ – ਜਿਵੇਂ ਕਿ ਸੰਮੇਲਨ, ਸਮਾਗਮ, ਮੀਟਿੰਗਾਂ ਆਦਿ ‘ਤੇ ਜਾਣਾ ਅਤੇ ਵਰਕਸ਼ਾਪ ਵਿੱਚ ਹਾਜ਼ਰੀ ਭਰਨੀ। ਵਪਾਰਿਕ ਸੈਲਾਨੀ ਨੂੰ ਅਤੇ ਆਰਾਮ ਦੀ ਵੀ ਲੋੜ ਹੁੰਦੀ ਹੈ। ਕਾਨਫ਼ਰੰਸਾ ਆਦਿ ਕਰਵਾਉਣ ਵਾਲ਼ੇ ਲੋਕ ਜਾਂ ਕੰਪਨੀਆਂ, ਇਹਨਾਂ ਸੈਲਾਨੀਆਂ ਦੇ ਮਨੋਰੰਜਨ ਤੇ ਖ਼ੁਸ਼ੀ ਲਈ ਵੱਖ—ਵੱਖ ਗਤੀਵਿਧੀਆਂ ਦਾ ਪ੍ਰਬੰਧ ਕਰਦੇ ਹਨ। ਜੇ ਅਜਿਹੇ ਯਾਤਰੀਆਂ ਨਾਲ਼ ਉਹਨਾਂ ਦੇ ਪਰਿਵਾਰ ਤੇ ਬੱਚੇ ਆਦਿ ਵੀ ਗਏ ਹੋਣ ਉਹਨਾਂ ਦੀ ਵੀ ਬਿਹਤਰ ਦੇਖ—ਭਾਲ ਕੀਤੀ ਜਾਂਦੀ ਹੈ। ਆਯੋਜਕ ਉਹਨਾਂ ਲਈ ਘੁੰਮਣ ਫਿਰਨ ਆਦਿ ਦਾ ਵੀ ਪ੍ਰਬੰਧ ਕਰਦੇ ਹਨ।

## ਸਹਿਜੀਵੀ ਸੈਰ—ਸਪਾਟਾ ਉਤਪਾਦ

ਇਸ ਤਰ੍ਹਾਂ ਦੇ ਸੈਰ—ਸਪਾਟੇ ਲਈ ਮਨੁੱਖ ਵੱਲੋਂ ਨਿਰਮਿਤ ਤੇ ਕੁਦਰਤੀ ਥਾਂਵਾਂ ਹੁੰਦੀਆਂ ਹਨ। ਕੁਦਰਤ ਦੇ ਕੁਦਰਤੀ ਸਾਧਨ ਦਿੱਤੇ ਹੁੰਦੇ ਹਨ ਤੇ ਮਨੁੱਖ ਇਹਨਾਂ ਨੂੰ ਸੈਰ—ਸਪਾਟਾ ਥਾਂਵਾਂ ਵਿੱਚ ਬਦਲ ਲੈਂਦਾ ਹੈ। ਇਹਨਾਂ ਥਾਂਵਾਂ ਵਿੱਚ ਨੈਸ਼ਨਲ ਪਾਰਕ, ਜੰਗਲ਼ੀ ਜੀਵਾਂ ਦੀਆਂ ਰੁੱਖਾਂ, ਮੈਰਾਈਨ ਪਾਰਕ, ਆਦਿ ਸ਼ਾਮਲ ਹਨ।

ਨੈਸ਼ਨਲ ਪਾਰਕ ਮਿਸਾਲ ਦੇ ਤੌਰ ‘ਤੇ ਜਿੰਨੀ ਕੁ ਸੰਭਵ ਹੋਵੇ ਕੁਦਰਤੀ ਸੁੰਦਰਤਾ ਬਰਕਰਾਰ ਰੱਖੀ ਜਾਂਦੀ ਹੈ, ਫਿਰ ਵੀ ਇੱਥੇ ਸੜਕਾਂ, ਟਰਾਂਸਪੋਰਟ, ਪਾਰਕਿੰਗ ਸਹੂਲਤਾਂ ਰਿਜ਼ੋਰਟਸ, ਜੀਪ ਸਫਾਰੀ ਆਦਿ ਦਾ ਪ੍ਰਬੰਧ ਕੀਤਾ ਜਾਂਦਾ ਹੈ, ਇਸ ਤਰ੍ਹਾਂ ਦੇ ਸੈਰ—ਸਪਾਟਾ ਵਰਗ ਵਿੱਚ ਭਾਵੇਂ ਕੁਦਰਤ ਹੀ ਮੁੱਖ ਖਿੱਚ ਦਾ

ਕੇਂਦਰ ਹੁੰਦੀ ਹੈ ਤਾਂ ਵੀ ਇਹ ਕੁਦਰਤ ਤੇ ਮਨੁੱਖ ਦੋਵੇਂ ਸਾਧਨਾ ਦੀ ਵਰਤੋਂ ਨਾਲ਼ ਬਣੇ ਹੁੰਦੇ ਹਨ।

## ਘਟਨਾ ਆਧਾਰਿਤ ਸੈਰ—ਸਪਾਟਾ ਉਤਪਾਦ :

ਜਿੱਥੇ ਖਿੱਚ ਦਾ ਮੁੱਖ ਕੇਂਦਰ ਘਟਨਾ ਹੋਵੇ ਉਸ ਨੂੰ ਘਟਨਾ ਆਧਾਰਿਤ ਸੈਰ—ਸਪਾਟਾ ਉਤਪਾਦ ਕਹਿੰਦੇ ਹਨ।ਘਟਨਾ ਉਹ ਚੀਜ਼ ਹੈ ਜੋ ਵਾਪਰਦੀ ਹੈ।ਇਹ ਯੋਜਨਾਬੱਧ ਜਨਤਕ ਤੇ ਸਮਾਜਕ ਮੌਕਾ ਹੁੰਦਾ ਹੈ। ਇਹ ਘਟਨਾਵਾਂ ਸੈਲਾਨੀਆਂ ਨੂੰ ਹਿੱਸਾ ਲੈਣ ਵਾਲ਼ਿਆਂ ਵਜੋਂ ਜਾਂ ਦਰਸ਼ਕਾਂ ਵਜੋਂ ਖਿੱਚਦੀਆਂ ਹਨ ਅਤੇ ਕਈ ਵਾਰ ਉਹ ਹਿੱਸਾ ਵੀ ਲੈਂਦੇ ਹਨ ਤੇ ਦਰਸ਼ਕ ਵੀ ਹੁੰਦੇ ਹਨ। ਜਿਵੇਂ ਕਿ ਓਲੰਪਿਕ ਖੇਡਾਂ, ਫੁਟਬਾਲ ਵਿਸ਼ਵ ਕੱਪ, ਫਾਰਮੂਲਾ ਵਨ ਰੇਸ, ਸੱਭਿਆਚਾਰਕ – ਰੀਓ ਡੀ. ਜਨੇਰੀਓ ਦਾ ਕਾਰਨੀਵਲ, ਨਿਊ ਓਰਲੀਨਜ਼ ਦਾ ਮਾਰਡੀ ਗਰਾਸ, ਘਟਨਾ ਆਧਾਰਿਤ ਸੈਰ—ਸਪਾਟਾ ਥਾਂਵਾਂ ਹਨ।ਅਹਿਮਦਾਬਾਦ ਦਾ ਪਤੰਗ ਬਾਜ਼ੀ ਮੇਲਾ ਵੀ ਸੈਲਾਨੀਆਂ ਲਈ ਖਿੱਚ ਦਾ ਕੇਂਦਰ ਹੁੰਦਾ ਹੈ।ਇਹ ਹਿੱਸਾ ਲੈਣ ਵਾਲ਼ਿਆਂ ਤੇ ਦਰਸ਼ਕਾਂ ਦੋਵਾਂ ਲਈ ਖਿੱਚ ਦਾ ਕੇਂਦਰ ਬਣਦਾ ਹੈ। ਕੇਰਲਾ ਦੀ ਸਨੇਕ ਬੋਟ ਰੇਸ ਨੂੰ ਵੇਖ ਕੇ ਸੈਲਾਨੀ ਅਨਦਿਤ ਹੁੰਦੇ ਹਨ।ਸਾਹਸੀ ਖੇਡਾਂ ਵਿਚ ਵੀ ਸੈਲਾਨੀ ਹਿੱਸਾ ਲੈ ਸਕਦੇ ਹਨ।

## ਸਥਾਨ / ਦ੍ਰਿਸ਼ ਆਧਾਰਿਤ ਸੈਰ - ਸਪਾਟਾ ਉਤਪਾਦ

ਜਦੋਂ ਮੁੱਖ ਆਕਰਸ਼ਣ ਥਾਂ ਤੇ ਦ੍ਰਿਸ਼ ਹੋਵੇ ਤਾਂ ਇਹ ਸਥਾਨ /ਦ੍ਰਿਸ਼ ਆਧਾਰਿਤ ਸੈਰ – ਸਪਾਟੇ ਵਾਲੀ ਥਾਂ ਹੁੰਦੀ ਹੈ। ਮਿਸਾਲ ਦੇ ਤੌਰ ਤੇ ਤਾਜ ਮਹੱਲ, ਕੰਨਿਆਕੁਆਰੀ ਵਿਖੇ ਸੂਰਜ ਛਿੱਪਣ ਦਾ ਨਜ਼ਾਰਾ, ਹਿਮਾਲਿਆ ਖੇਤਰ ‘ਚ ਸੂਰਜ ਚੜ੍ਹਨ ਦਾ ਨਜ਼ਾਰਾ।ਬਰਫ਼ ਨਾਲ਼ ਢਕੀਆਂ ਪਹਾੜੀ ਚੋਟੀਆਂ ਆਦਿ।

## 1.3 ਭਾਰਤ ਵਿਚਲੇ ਕੁਦਰਤੀ ਸੈਰ - ਸਪਾਟਾ ਉਤਪਾਦ

ਭਾਰਤ ਵਿੱਚ ਕੁਦਰਤੀ ਸੈਰ – ਸਪਾਟਾ ਉਤਪਾਦ ਵੱਡੀ ਗਿਣਤੀ ਵਿੱਚ ਹਨ।

| ਸੈਰ ਸਪਾਟਾ ਉਤਪਾਦ | ਸਥਾਨ | ਗਤੀਵਿਧੀਆਂ |
|---|---|---|
| ਬੀਚ ਸੈਰ ਸਪਾਟਾ | ਗੋਆ, ਕੈਲਨਗੁਟੇ, ਬਾਗ਼ਾ, ਅਨਜੁਨਾ ਵੈਸੈਟਰ, ਕੋਲਵਾ, ਦੀਆਂ ਬੀਚਾਂ, ਕੇਰਲਾ, ਕੋਵਾਲਮ, ਬੇਕਲ ਦੀਆਂ ਬੀਚਾਂ, ਮਹਾਰਾਸ਼ਟਰ – ਜੁਹੂ ਗਨਪਤੀ ਪੁਲੇ ਦੀਆਂ ਬੀਚਾਂ ਉੜੀਸਾ – ਗੋਪਾਲਪੁਰ – ਆਨ – ਸੀਅ, ਤੇ ਪੁਰੀ ਆਦਿ ਦੀਆਂ ਬੀਚਾਂ | ਜਲ ਖੇਡਾਂ ਜਿਵੇਂ ਕਿ ਸਰਫ਼ਿੰਗ, ਸਨੋਰਕਲਿੰਗ, ਜੈਟਸਕਾਈਇੰਗ, ਸਕੂਬਾ ਡਾਈਇੰਗ, ਵਾਟਰ ਸਕਾਈਇੰਗ, ਪੈਰਾ ਸੇਲਿੰਗ, ਵਿੰਡ ਸਰਫਿੰਗ ਤੇ– ਸਕੂਟਰ ਅਰਥਾਤ ਸਪੀਡ ਬੋਟ ਦੀ ਸਵਾਰੀ, ਪੈਡਲ ਬੋਟ 'ਤੇ ਆਰਾਮ ਨਾਲ਼ ਤੈਰਨਾ। ਸੁੰਦਰ ਕੁਦਰਤੀ ਦ੍ਰਿਸ਼ਾਵਲੀ ਤੇ ਜਲ ਕਿਸਮ ਦਾ ਆਨੰਦ ਮਨਣਾ। |
| ਪਰਬਤੀ ਸੈਰ – ਸਪਾਟਾ | – ਜੰਮੂ – ਕਸ਼ਮੀਰ, ਗੁਲਮਰਗ, ਪਤਨੀ ਟੌਪ ਦੀਆਂ ਪਹਾੜੀ | ਸਕੀਇੰਗ, ਪਰਬਤਾ ਰੋਹਣ, ਟਰੈਕਿੰਗ, |

| | | |
|---|---|---|
| | ਸੈਰ ਗਾਹਾਂ | ਹਾਈਕਿੰਗ, ਵਾਕਿੰਗ, |
| | | ਫੋਟੋਗ੍ਰਾਫੀ, |
| | – ਹਿਮਾਚਲ ਪ੍ਰਦੇਸ਼ ਦੀਆਂ | ਕੈਂਪਿੰਗ ਤੇ ਘੋੜ – ਸਵਾਰੀ |
| | ਪਹਾੜੀਆਂ ਸੈਰ ਗਾਹਾਂ | |
| | – ਸ਼ਿਮਲਾ, ਕੁੱਲੂ ਮਨਾਲੀ, | ਕੁਦਰਤੀ ਦ੍ਰਿਸ਼ਾਵਲੀ ਤੇ |
| | ਡਲਹੌਜ਼ੀ, ਧਰਮਸ਼ਾਲਾ | ਬਰਫ਼ ਨਾਲ਼ ਢਕੀਆ |
| | ਤੇ ਕਸੌਲੀ | ਪਹਾੜੀਆਂ ਦਾ ਆਨੰਦ |
| | | ਲੈਣਾ |
| | – ਉੱਤਰਾ—ਖੰਡ ਦੀਆਂ | |
| | ਪਹਾੜੀ ਸੈਰਗਾਹਾਂ ਨੈਨੀਤਾਲ, | |
| | ਮਸੂਰੀ, ਰਾਨੀਖੇਤ ਤੇ ਕਾਊਸਨੀ | |
| | – ਤਾਮਿਲ ਨਾਡੂ ਦੀਆਂ | ਸੂਰਜ ਚੜ੍ਹਨ ਤੇ |
| | ਪਹਾੜੀ ਸੈਰ—ਗਾਹਾਂ ਊਟੀ, | ਛੁਪਣ ਦਾ ਆਨੰਦ |
| | ਕੋਡਈ ਕਨਾਲ, ਕੁਨੂਰ | ਮਾਨਣਾ ਕੁਦਰਤੀ ਸੈਰ |
| | ਤੇ ਯੇਲਾਗਿਰੀ | |
| | – ਕੇਰਲਾ ਵਿਚਲੀਆਂ ਪਹਾੜੀ | |
| | ਸੈਲਾਨੀ ਥਾਂਵਾਂ | |
| | – ਵੇਯਾਨਾਦ, ਮੁੱਨਾਰ | |

| | | |
|---|---|---|
| | – ਸਿੱਕਮ ਦੇ ਪਹਾੜੀ ਸੈਲਾਨੀ ਸਥਾਨ ਗੰਗਟੋਕ, ਨਾਮਚੀ<br>– ਰਾਜਸਥਾਨ ਦੀਆਂ ਪਹਾੜੀ ਸੈਰ—ਸਪਾਟਾ ਥਾਂਵਾਂ<br>– ਮਾਊਂਟਆਬੂ<br>– ਪੱਛਮੀ ਬੰਗਾਲ ਦੀਆਂ ਪਹਾੜੀ ਸੈਲਾਨੀ ਥਾਂਵਾਂ – ਦਾਰਜੀਲਿੰਗ, ਕਲੀਮਪੌਂਗ, ਮਿਰਿਕ<br>– ਮਹਾਰਾਸ਼ਟਰ ਦੀਆਂ ਪਹਾੜੀ ਸੈਰ—ਸਪਾਟਾ ਥਾਵਾਂ ਮਹਾਂਬਲੇਸ਼ਵਰ, ਮਾਥੇਰਾਨ, ਲੋਨਾਵਲਾ, ਖੰਡਾਲਾ<br>– ਕਰਨਾਟਕ ਦੀਆਂ ਪਹਾੜੀ ਸੈਰ —ਸਪਾਟਾ – ਮਾਡੀਕੇਰੇ<br>– ਉੜੀਸਾ ਦੀਆਂ ਪਹਾੜੀ ਸੈਰ ਸਪਾਟਾ ਥਾਵਾਂ – ਦਾਰਿੰਗ ਬਾੜੀ<br>– ਉੱਤਰ ਪੂਰਬੀ ਸ਼ਿਲਾਂਗ (ਮੇਘਾਲਿਆ)ਦੀਆਂ ਪਹਾੜੀ ਸੈਰ—ਸਪਾਟਾਂ – ਹਾਫਲੌਂਗ (ਆਸਾਮ) | |

| | | |
|---|---|---|
| | ਤਵਾਂਗ (ਅਰੁਣਾਚਲ ਪ੍ਰਦੇਸ਼) | |
| ਸੈਰ—ਸਪਾਟੇ ਵਾਲ਼ੇ ਟਾਪੂ | ਅੰਡੇਮਾਨ ਤੇ ਨਿਕੋਬਾਰ ਦੇ ਟਾਪੂ<br>ਲਕਸ਼ਦੀਪ ਟਾਪੂ | ਸੁੰਦਰ ਬੀਚਾਂ ਦਾ ਆਨੰਦ<br>ਲੈਣਾ, ਮੈਰਾਈਨ ਲਾਈਫ਼<br>ਜਿੱਥੇ ਲਾ ਮਿਸਾਲ<br>ਪੌਦਿਆਂ, ਪਸ਼ੂਆਂ ਤੇ<br>ਕੋਰਲਜ਼ ਦੀ ਬਹੁਤਤਾ ਹੈ |
| ਲਾਈਨਜ਼ ਕਰੀਕਸ | | ਸਰਪੈਂਟਾਈਨ ਮੈਨਗਰੂਵ –<br>ਟਰੌਪੀਕਲ ਐਵਰਗਰੀਨ<br>ਰੇਨ ਫਾਰੈਸਟਸ ਟਰੈਕਿੰਗ,<br>ਜਲ ਖੇਡਾਂ, ਆਈਲੈਂਡ<br>ਕੈਂਪਿੰਗ, ਸਕੂਬਾ<br>ਡਾਈਵਿੰਗ ਤੇ ਨੇਚਰ ਟਰੇਲ |
| ਰੇਗਿਸਤਾਨ ਦੀਆਂ<br>ਸੈਰ – ਸਪਾਟਾ ਥਾਂਵਾਂ | ਡੈਜ਼ਰਟ ਟਰਾਈ ਐਂਗਲ ਆਫ<br>ਇੰਡੀਆ ਜੋਧਪੁਰ – ਜੈਸਲਮੇਰ<br>– ਬੀਕਾਨੇਰ | – ਊਠ ਦੀ ਸਵਾਰੀਕੈਂਪਿੰਗ<br>ਦ੍ਰਿਸ਼ ਦਰਸ਼ਨ<br>ਸੂਰਜ ਛਿੱਪਣ ਦਾ<br>ਨਜ਼ਾਰਾ<br>ਲੋਕ ਨਾਚ ਤੇ ਸੰਗੀਤ |

## 1.4 ਭਾਰਤ ਵਿਚਲੀਆਂ ਮਨੁੱਖ ਨਿਰਮਿਤ ਸੈਰ—ਸਪਾਟਾ ਥਾਂਵਾਂ

| ਮਨੁੱਖ ਵੱਲੋਂ ਨਿਰਮਿਤ ਸੈਰ—ਸਪਾਟਾ ਥਾਂਵਾਂ ਦਾ ਵਰਗ | ਉਦਾਹਰਨ |
|---|---|
| ਸਮਾਰਕ | ਤਾਜਮਹੱਲ, ਫਹਿਤਪੁਰ ਸੀਕਰੀ, ਲਾਲ ਕਿਲ਼ਾ, ਹਿਮਾਯੂੰ ਦਾ ਮਕਬਰਾ, ਇੰਡੀਆ ਗੇਟ, ਗੇਟ ਵੇਅ ਆਫ ਇੰਡੀਆ, ਸਾਂਚੀ ਦੇ ਸਤੂਪ ਖਜੁਰਾਹੋ ਦੇ ਮੰਦਰ, ਅਜੰਤਾ ਗੁਫ਼ਾਵਾਂ, ਕੋਨਾਰਕ ਸੂਰਜ ਮੰਦਰ, ਸਿੱਟੀ ਪੈਲੇਸ, ਅੰਬਰ ਕਿਲ਼ਾ, ਹਵਾ ਮਹੱਲ, ਮੀਨਾਕਸ਼ੀ ਮੰਦਰ, ਬੈਸੀਲਿਕਾ ਆਫ ਬੌਮ ਜੀਸਸ, ਚਾਰ ਮੀਨਾਰ, ਮੈਸੂਰ ਮਹੱਲ |
| ਅਜਾਇਬਘਰ | ਨੈਸ਼ਨਲ ਮਿਊਜ਼ੀਅਮ ਦਿੱਲੀ, ਛਤਰਪਤੀ ਸ਼ਿਵਾਜੀ ਮਹਾਰਾਜ ਵਾਸਤੂ ਸੰਗ੍ਰਿਹਾਲਯ (ਪਹਿਲਾਂ ਇਸ ਨੂੰ ਪ੍ਰਿੰਸ ਆਫ ਵੇਲਜ਼ ਵਜੋਂ ਜਾਣਿਆਂ ਜਾਂਦਾ ਸੀ) ਮੁੰਬਈ, ਰੇਲ ਮਿਊਜ਼ੀਅਮ, ਨਵੀਂ ਦਿੱਲੀ, ਕੈਲੀਕੋ ਮਿਊਜ਼ੀਅਮ ਆਫ ਟੈਕਸਟਾਈਲਜ਼, ਅਹਿਮਦਾਬਾਦ, ਨਿਜਾਮ ਮਿਊਜ਼ੀਅਮ, ਹੈਦਰਾਬਾਦ ਬੀ. ਐਸ. ਬਿਰਲਾ ਮਿਊਜ਼ੀਅਮ, ਹੈਦਰਾਬਾਦ ਅਲਬਾਰਟ ਹਾਲ ਮਿਊਜ਼ੀਅਮ, ਜੈਪੁਰ |
| ਮੇਲੇ ਤੇ ਤਿਉਹਾਰ | ਬਰਸਾਨਾ ਦੀ ਹੋਲੀ, ਉਤਰ ਪ੍ਰਦੇਸ਼, ਕੱਲੂ ਦਾ ਦੁਸਹਿਰਾ, ਹਿਮਾਚਲ ਪ੍ਰਦੇਸ਼<br>ਮੈਸੂਰ ਦਾ ਦੁਸਹਿਰਾ (ਕਰਨਾਟਕ)<br>ਡੈਜ਼ਰਟ ਫੈਸਟੀਵਲ (ਰਾਜਸਥਾਨ) |

| | |
|---|---|
| | ਪੁਸ਼ਕਰ ਮੇਲਾ (ਰਾਜਸਥਾਨ)<br>ਸੂਰਜ ਕੁੰਡ ਮੇਲਾ (ਹਰਿਆਣਾ) |
| ਸੰਗੀਤ | ਹਿੰਦੁਸਤਾਨੀ ਸੰਗੀਤ<br>ਕਾਰਨੈਟਿਕ ਸੰਗੀਤ |
| ਨ੍ਰਿੱਤ | ਕਲਾਸੀਕਲ ਨ੍ਰਿੱਤ<br>ਕਥਾਕਲੀ ਤੇ ਮੋਹਨੀਅੱਟਮ ਆਫ਼ ਕੇਰਲਾ<br>ਕਥਕ ਆਫ਼ ਉਤਰ ਪ੍ਰਦੇਸ਼<br>ਮਨੀਪੁਰੀ ਆਫ਼ ਮਨੀਪੁਰ<br>ਉਡੀਸੀ ਆਫ਼ ਉੜੀਸਾ<br>ਕੁਚੀਪੁੜੀ ਆਫ ਆਂਧਰਾ ਪ੍ਰਦੇਸ਼<br>ਫੋਕ ਡਾਂਸ – ਗਰਬਾ, ਗਿੱਧਾ, ਲਵਾਨੀ, ਤੇਰਾਤੱਲੀ, ਗੋਟੀ ਪੂਆ |
| ਦਸਤਕਾਰੀ | ਆਗਰੇ ਦਾ ਪੱਥਰ ਦਾ ਕੰਮ<br>ਜੈਪੁਰ ਦੀ ਬਲਿਊ ਪੌਟਰੀ<br>ਜੰਮੂ ਕਸ਼ਮੀਰ ਦਾ ਪੇਪਰ ਮੈਸ਼ |
| ਚਿੱਤਰਕਾਰੀ | ਲਘੂ ਚਿੱਤਰਕਾਰੀ<br>ਬਿਹਾਰ ਦੇ ਮਧੁਬਨੀ ਚਿੱਤਰ<br>ਅਜੰਤਾ ਗੁਫ਼ਾਵਾਂ ਦੇ ਚਿੱਤਰ |
| ਥੀਮ ਪਾਰਕ | ਐਸੇਲ ਵਰਲਡ ਤੇ ਵਾਟਰ ਕਿੰਗਡਮ, ਮੁੰਬਈ |

| | |
|---|---|
| | ਕਿੰਗਡਮ ਆਫ ਡਰੀਮਜ਼, ਗੁੜਗਾਉਂ |
| **ਭਾਰਤ ਦੀਆਂ ਸਹਿਜੀਵੀ ਸੈਰ - ਸਪਾਟਾ ਥਾਂਵਾਂ** | |
| ਸਹਿਜੀਵੀ ਸੈਰ - ਸਪਾਟਾ ਥਾਂਵਾਂ ਦਾ ਵਰਗ | ਉਦਾਹਰਨਾ |
| ਨੈਸ਼ਨਲ ਪਾਰਕ | ਜਿਨ੍ਹਾਂ ਕੌਰਬੈਟ ਨੈਸ਼ਨਲ ਪਾਰਕ, ਉਤਰਾਖੰਡ ਕਾਜ਼ੀ ਰੰਗਾ ਨੈਸ਼ਨਲ ਪਾਰਕ, ਆਸਾਮ, ਰਣਥੰਬੋਰ ਨੈਸ਼ਨਲ ਪਾਰਕ ਰਾਜਸਥਾਨ, ਕਾਨ੍ਹਾ ਨੈਸ਼ਨਲ ਪਾਰਕ, ਮੱਧ ਪ੍ਰਦੇਸ਼, ਗਿਰ ਨੈਸ਼ਨਲ ਪਾਰਕ, ਗੁਜਰਾਤ, ਪੇਰੀਆਰ ਨੈਸ਼ਨਲ ਪਾਰਕ, ਕੇਰਲਾ |
| ਸਮੁੰਦਰੀ ਪਾਰਕ | ਮਨੱਾਰ ਸਮੁੰਦਰੀ ਨੈਸ਼ਨਲ ਪਾਰਕ ਦੀ ਖਾੜੀ |

## 1.6 ਘਟਨਾ ਆਧਾਰਿਤ ਭਾਰਤ ਦੀਆਂ ਸੈਰ - ਸਪਾਟਾ ਥਾਂਵਾਂ

| | |
|---|---|
| ਘਟਨਾ ਆਧਾਰਿਤ ਸੈਰ - ਸਪਾਟਾ | ਹੋਲੀ, ਬਰਸਾਨਾ, ਦੁਸਹਿਰਾ, ਮੈਸੂਰ ਦੀ ਰੱਥ ਯਾਤਰਾ, |
| ਥਾਂਵਾਂ ਦਾ ਵਰਗ | ਪੁਰੀ ਦਾ ਕੁੰਭ ਮੇਲਾ , ਗੋਆ ਕਾਰਨੀਵਲ, ਗੋਆ |
| ਖੇਡ ਮੇਲੇ | ਫਾਰਮੂਲਾ ਵਨ ਰੇਸ<br>ਇੰਡੀਅਨ ਪ੍ਰੀਮੀਅਰ ਲੀਗ |
| ਸੈਰ—ਸਪਾਟਾ ਘਟਨਾਵਾਂ | ਡੈਜ਼ਰਟ ਫੈਸਟੀਵਲ ਜੈਸਲਮੇਰ<br>ਕੌਮਾਂਤਰੀ ਫਲਾਵਰ ਫੈਸਟੀਵਲ<br>ਤਾਜ ਮਹਾਂ ਉਤਸਵ, ਆਗਰਾ |

| | |
|---|---|
| | ਪਤੰਗ ਮੇਲਾ, ਅਹਿਮਦਾਬਾਦ<br>ਖਜੁਰਾਹੋ ਡਾਂਸ ਫੈਸਟੀਵਲ, ਖੁਜਰਾਹੋ<br>ਹੌਰਨ ਬਿਲ ਫੈਸਟੀਵਲ ਨਾਗਾਲੈਂਡ |
| ਵਪਾਰਿਕ ਘਟਨਾਵਾਂ | ਇੰਟਰਨੈਸ਼ਨਲ ਟਰੇਡ ਫੇਅਰ, ਨਵੀਂ ਦਿੱਲੀ |

## 1.7. ਭਾਰਤ ਵਿੱਚਲੇ - ਸਥਾਨਕ ਆਧਾਰਿਤ ਸੈਰ—ਸਪਾਟਾ ਉਤਪਾਦ

ਤਾਜ ਮਹੱਲ

ਆਸਾਮ ਦੇ ਚਾਹ ਬਾਗ, ਮੁੱਨਾਰ, ਦਾਰਜੀਲਿੰਗ

ਬਰਫ਼ ਨਾਲ਼ ਢਕੀਆਂ ਹਿਮਾਲੀਆਂ ਦੀਆਂ ਚੋਟੀਆਂ

ਸਮ ਡਿਊਨਜ਼ ਜੈਸਲਮੇਰ

## 1.8 ਯੂਨੈਸਕੋ ਵਰਲਡ ਹੈਰੀਟੇਜ ਸਾਈਟਸ :

ਯੂਨਾਈਟਡ ਨੈਸ਼ਨਜ਼ ਐਜ਼ੂਕੇਸ਼ਨਲ, ਸਾਇੰਟੇਫਿਕ ਐਂਡ ਕਲਚਰਲ ਆਰਗੇਨਾਈਜ਼ੇਸਨ (ਯੂਨੈਸਕੋ) ਵਿਸ਼ਵ ਭਰ ਦੀਆਂ ਸੱਭਿਆਚਾਰਿਕ ਤੇ ਵਿਰਾਸਤੀ ਥਾਂਵਾਂ ਜੋ ਮਨੁੱਖਤਾ ਦੀ ਭਲਾਈ ਲਈ ਸੁਯੋਗ ਹਨ ਦੀ ਪਛਾਣ ਕਰਕੇ ਉਹਨਾਂ ਦੀ ਸੰਭਾਲ਼ ਕਰਨ ਨੂੰ ਉਤਸਾਹਿਤ ਕਰਦੀ ਹੈ।

1972 ਨੂੰ ਯੂਨੈਸਕੋ ਦੀ ਜਨਰਲ ਕਾਨਫਰੰਸ ਬੜੇ ਜੋਸ਼ੋ ਖਰੋਸ਼ ਨਾਲ਼ ਇਹ ਮਤਾ ਪਾਸ ਕੀਤਾ ਗਿਆ ਹੈ ਕਿ ਵਿਸ਼ਵ ਭਰ ਦੀਆਂ ਸੱਭਿਆਚਾਰਿਕ ਤੇ ਕੁਦਰਤੀ ਵਿਰਾਸਤੀ ਥਾਂਵਾਂ ਦੀ ਪੂਰੀ ਸੰਭਾਲ਼ ਕੀਤੀ ਜਾਵੇ। ਇਸ ਦਾ ਮੁੱਖ ਮੰਤਵ ਸੱਭਿਆਚਾਰ ਤੇ ਕੁਦਰਤੀ ਦੋਵਾਂ ਪੱਖਾਂ ਤੋਂ ਵਿਸ਼ਵ ਵਿਰਾਸਤੀ ਥਾਂਵਾਂ ਨੂੰ ਪਰਿਭਾਸ਼ਤ ਕਰਨਾ ਸੀ। ਫਿਰ ਮੈਂਬਰ ਦੇਸਾਂ ਵਿਚਲੀਆਂ ਪੁਰਾਤਤਵ ਤੇ ਵਿਰਾਸਤੀ ਥਾਂਵਾਂ ਅਤੇ

ਸਮਾਰਕਾਂ ਦੀ ਸੂਚੀ ਤਿਆਰ ਕਰਨਾ ਸੀ। ਉਹ ਸੂਚੀ ਉਹਨਾਂ ਵਿਰਾਸਤੀ ਥਾਂਵਾਂ ਦੀ ਹੋਣੀ ਸੀ ਜਿਨ੍ਹਾਂ ਦਾ ਵਿਸ਼ਵ—ਪੱਧਰ 'ਤੇ ਕੋਈ ਮਹੱਤਵ ਹੈ ਅਤੇ ਉਹਨਾਂ ਥਾਂਵਾਂ ਦੀ ਸੰਭਾਲ਼ ਕੀਤੀ ਜਾਣੀ ਸੀ ਤਾਂ ਕਿ ਉਹ ਮਨੁੱਖੀ ਭਾਈਚਾਰੇ ਲਈ ਲਾਭਦਾਇਕ ਹੋ ਸਕਣ। ਇਹਨਾਂ ਥਾਵਾਂ ਦੀ ਸਾਂਭ ਸੰਭਾਲ਼ ਲਈ ਸਭ ਮੈਂਬਰ ਦੇਸਾਂ ਵੱਲੋਂ ਸਹਿਯੋਗ ਦਿੱਤਾ ਜਾਣਾ ਸੀ।

ਵਿਰਾਸਤ ਸ਼ੁਰੂ ਤੋਂ ਹੀ ਸਾਨੂੰ ਪੁਰਖਿਆਂ ਤੋਂ ਮਿਲ਼ੀ ਸੰਪਤੀ ਹੁੰਦੀ ਹੈ, ਜਿਸ ਨਾਲ਼ ਅਸੀਂ ਹੁਣ ਜੀਵਨ ਵਾਸ ਕਰ ਰਹੇ ਹਾਂ ਅਤੇ ਇਸ ਨੂੰ ਅਸੀਂ ਅਗਲੀਆਂ ਪੀੜ੍ਹੀਆਂ ਲਈ ਛੱਡ ਜਾਣਾ ਹੁੰਦਾ ਹੈ। ਸਾਡਾ ਸੱਭਿਆਚਾਰ ਤੇ ਕੁਦਰਤੀ ਵਿਰਸੇ ਦੀ ਹੋਰ ਕੋਈ ਚੀਜ਼ ਥਾਂ ਨਹੀਂ ਲੈ ਸਕਦੀ।

ਵਿਸ਼ਵ ਵਿਰਾਸਤੀ ਥਾਂਵਾਂ ਵਿਸ਼ਵ ਦੇ ਸਾਰੇ ਲੋਕਾਂ ਨਾਲ਼ ਸੰਬੰਧਿਤ ਹਨ, ਭਾਵੇਂ ਉਹ ਕਿਸੇ ਵੀ ਦੇਸ ਜਾਂ ਖਿੱਤੇ ਵਿੱਚ ਰਹਿੰਦੇ ਹੋਣ। ਸੁਰੱਖਿਅਤ ਥਾਂਵਾਂ ਵਿਸ਼ੇਸ਼ ਕਰ ਕੇ, ਵਿਸ਼ਵ ਵਿਰਾਸਤੀ ਥਾਂਵਾਂ ਸੈਲਾਨੀਆਂ ਲਈ ਵਿਸ਼ੇਸ਼ ਖਿੱਚ ਦਾ ਕੇਂਦਰ ਬਣਦੀਆਂ ਹਨ। ਇਹਨਾਂ ਥਾਂਵਾਂ ਤੇ ਵੱਡੀ ਗਿਣਤੀ ਵਿੱਚ ਸੈਲਾਨੀ ਆਉਂਦੇ ਹਨ।

## 1.9 ਭਾਰਤ ਵਿਚਲੀਆਂ ਯੂਨੈਸਕੋ ਵੱਲੋਂ ਐਲਾਨੀਆਂ ਵਿਸ਼ਵ—ਵਿਰਾਸਤੀ ਥਾਵਾਂ

ਭਾਰਤ ਵਿੱਚ 32 ਵਿਸ਼ਵ ਵਿਰਾਸਤੀ ਥਾਂਵਾਂ ਹਨ। ਇਹਨਾਂ ਨੂੰ ਸੱਭਿਆਚਾਰਿਕ ਤੇ ਕੁਦਰਤੀ ਵਿਰਾਸਤੀ ਥਾਂਵਾਂ ਵਿੱਚ ਵੰਡਿਆ ਗਿਆ ਹੈ, ਇਹਨਾਂ ਵਿੱਚ ਸਮਾਰਕ, ਪੁਰਾਤੱਤਵ ਥਾਂਵਾਂ, ਪੇਂਟਿੰਗਜ਼, ਮੂਰਤੀਆਂ (ਬੁੱਤ) ਆਦਿ ਸ਼ਾਮਲ ਹਨ। ਕੁਦਰਤੀ ਵਿਰਾਸਤੀ ਥਾਂਵਾਂ ਵਿੱਚ ਨੈਸ਼ਨਲ ਪਾਰਕ, ਜੰਗਲ਼ੀ ਜੀਵਾਂ ਦੀਆਂ ਰੱਖਾਂ, ਬਾਇਓਸਫੀਅਰ ਰਿਜ਼ਰਵਜ਼ ਜੀਵ ਮੰਡਲ ਰੱਖਾਂ ਆਦਿ ਸ਼ਾਮਲ ਹਨ।

### ਸਭਿਆਚਾਰ ਵਿਸ਼ਵ—ਵਿਰਾਸਤੀ ਥਾਂਵਾਂ

ਆਗਰੇ ਦਾ ਕਿਲ਼ਾ, ਉਤਰ ਪ੍ਰਦੇਸ਼

ਅਜੰਤਾ ਦੀਆਂ ਗੁਫ਼ਾਵਾਂ, ਮਹਾਰਾਸ਼ਟਰ

ਸਾਂਚੀ ਦੇ ਬੋਧੀ ਸਮਾਰਕ, ਮੱਧ ਪ੍ਰਦੇਸ਼

ਚੰਪਾਨੇਰ – ਪਾਣਾਗੜ੍ਹ ਆਰਕਿਆਲੋਜੀਕਲ ਪਾਰਕ, ਗੁਜਰਾਤ

ਛਤਰਪਤੀ ਸ਼ਿਵਾ ਜੀ ਟਰਮੀਨਸ (ਪਹਿਲਾਂ ਵਿਕਟੋਰੀਆ ਟਰਮੀਨਸ ਵਜੋਂ ਜਾਣਿਆ ਜਾਂਦਾ ਸੀ)

ਮਹਾਰਾਸ਼ਟਰ

ਗੋਆ ਦੇ ਗਿਰਜ਼ਾਘਰ ਤੇ ਕਾਨਵੈਂਟਸ (ਮੱਠ)

ਐਲੀਫੈਂਟਾ ਗੁਫ਼ਾਵਾਂ, ਮਹਾਰਾਸ਼ਟਰ

ਐਲੋਰਾ ਗੁਫ਼ਾਵਾਂ, ਮਹਾਰਾਸ਼ਟਰ

ਫਤਿਹਪੁਰ ਸੀਕਰੀ, ਉੱਤਰ ਪ੍ਰਦੇਸ਼

ਗਰੇਟ ਲਿਵਿੰਗ ਚੋਲਾ ਟੈਂਪਲਜ਼, ਤਾਮਿਲਨਾਡੂ

ਹਾਂਪੀ ਵਿਖੇ ਸਮਾਰਕਾਂ ਦਾ ਸਮੂਹ, ਕਰਨਾਟਕ

ਮਹਾਂਬਲੀਪੁਰਮ ਵਿਖੇ ਸਮਾਰਕਾਂ ਦਾ ਸਮੂਹ, ਤਾਮਿਲਨਾਡੂ

ਪੱਟਾਦਕਲ ਵਿਖੇ ਸਮਾਰਕਾਂ ਦਾ ਸਮੂਹ, ਕਰਨਾਟਕ

ਰਾਜਸਥਾਨ ਦੇ ਪਹਾੜੀ ਕਿਲ਼ੇ

ਹਮਾਯੂੰ ਦਾ ਮਕਬਰਾ, ਦਿੱਲੀ

ਖਜੁਰਾਹੋ ਦਾ ਸਮਾਰਕਾਂ ਦਾ ਸਮੂਹ, ਮੱਧ ਪ੍ਰਦੇਸ਼

ਮਹਾਂਬੋਧੀ ਟੈਂਪਲ ਕੰਪਲੈਕਸ, ਬੋਧ ਗਯਾ, ਬਿਹਾਰ

ਮਾਊਨਟੇਨ ਰੇਲਵੇਜ਼ ਆਫ ਇੰਡੀਆ

ਕੁਤਬ ਮੀਨਾਰ ਤੇ ਇਸ ਨਾਲ਼ ਲੱਗਦੇ ਸਮਾਰਕ , ਦਿੱਲੀ

ਰਾਨੀ ਦੀ ਵਾਵ (ਦਿ ਕੁਈਨਜ਼ ਸਟੈਪਵੈਲ) ਪੱਟਨ, ਗੁਜਰਾਤ

ਲਾਲ ਕਿਲ਼ਾ ਕੰਪਲੈਕਸ, ਦਿੱਲੀ

ਭੀਮ ਬੇਟਕਾ ਦੇ ਰੌਕ ਸ਼ੈਲਟਰ, ਮੱਧ ਪ੍ਰਦੇਸ਼

ਸੂਰਜ ਮੰਦਰ, ਕੋਨਾਰਕ, ਉੜੀਸਾ

ਤਾਜਮਹਲ, ਉੱਤਰ ਪ੍ਰਦੇਸ਼

ਜੰਤਰ – ਮੰਤਰ ਜੈਪੁਰ, ਰਾਜਸਥਾਨ

## ਕੁਦਰਤੀ ਵਿਸ਼ਵ ਵਿਅਕਤੀ ਥਾਂਵਾਂ

ਗਰੇਟ ਹਿਮਾਲੀਅਨ ਨੈਸ਼ਨਲ ਪਾਰਕ, ਹਿਮਾਚਲ ਪ੍ਰਦੇਸ਼

ਕਾਜ਼ੀਰੰਗਾ ਨੈਸ਼ਨਲ ਪਾਰਕ, ਆਸਾਮ

ਕੀਓਲੇਡੀਓ ਨੈਸ਼ਨਲ ਪਾਰਕ, ਰਾਜਸਥਾਨ

ਮਾਨਸ ਵਾਈਲਡ ਲਾਈਫ ਸੈਂਕਚੂਅਰੀ, ਅਸਾਮ

ਨੰਦਾ ਦੇਵੀ ਤੇ ਵੈਲੀ ਆਫ ਫਲਾਵਰਜ਼ ਨੈਸ਼ਨਲ ਪਾਰਕ, ਉਤਰਾ ਖੰਡ

ਸੁੰਦਰਬੰਸ ਨੈਸ਼ਨਲ ਪਾਰਕ, ਪੱਛਮੀ ਬੰਗਾਲ

ਕੇਰਲਾ ਤਾਮਿਲਨਾਡੂ ਕਰਨਾਟਕ, ਗੋਆ, ਮਹਾਰਾਸ਼ਟਰ ਤੇ ਗੁਜਰਾਤ ਦੇ ਪੱਛਮੀ ਘਾਟ

**ਸਾਰ :**

ਸੈਰ—ਸਪਾਟਾ ਥਾਂਵਾਂ 'ਤੇ ਵੱਖ-ਵੱਖ ਤਰ੍ਹਾਂ ਦੇ ਸੈਲਾਨੀ ਕੇਂਦਰ ਹਨ। ਸੈਲਾਨੀ ਕੇਂਦਰਾਂ ਦਾ ਵਰਗੀਕਰਨ ਉਹਨਾਂ ਵਿਚਲੀਆਂ ਸਮਾਨਤਾਵਾਂ ਦੇ ਆਧਾਰ ਤੇ ਕੀਤਾ ਜਾਂਦਾ ਹੈ। ਸੈਲਾਨੀ ਕੇਂਦਰਾਂ ਦਾ

ਵਰਗੀਕਰਨ ਉਸ ਥਾਂ ਦੇ ਉਤਪਾਦ ਵੇਚਣ 'ਚ ਮਦਦ ਕਰਦਾ ਹੈ। ਸੈਲਾਨੀ ਕੇਂਦਰ ਉਸ ਸੈਰ— ਸਪਾਟਾ ਥਾਂ ਲਈ ਖਿੱਚ ਦਾ ਮੁੱਖ ਸਾਧਨ ਹਨ। ਇਹਨਾਂ ਕੇਂਦਰਾਂ ਦੀ ਸਾਂਭ ਸੰਭਾਲ਼ ਬੇਹੱਦ ਜ਼ਰੂਰੀ ਹੈ। ਭਾਰਤ ਵਿਚਲੀਆਂ ਯੂਨੈਸਕੋ ਵੱਲੋਂ ਐਲਾਨੀਆਂ ਵਿਸ਼ਵ ਵਿਰਾਸਤੀ ਥਾਂਵਾਂ ਮਹੱਤਵਪੂਰਨ ਸੱਭਿਆਚਾਰਕ ਤੇ ਕੁਦਰਤੀ ਵਿਰਾਸਤੀ ਥਾਂਵਾਂ ਹਨ ਜਿਨ੍ਹਾਂ ਦੀ ਸਾਂਭ ਸੰਭਾਲ਼ ਤੇ ਰੱਖ ਰਖਾਓ ਯੂਨੈਸਕੋ ਵਲੋਂ ਕੀਤਾ ਜਾਂਦਾ ਹੈ।

## ਅਭਿਆਸ :

**ਪ੍ਰਸ਼ਨ** 1. ਕੁਦਰਤੀ ਸੈਰ—ਸਪਾਟਾ ਥਾਂਵਾਂ ਤੇ ਮਨੁੱਖ ਵੱਲੋਂ ਨਿਰਮਿਤ ਸੈਰ—ਸਪਾਟਾ ਥਾਂਵਾਂ ਵਿੱਚ ਉਦਾਹਰਨਾਂ ਸਹਿਤ ਫਰਕ ਦੱਸੋ?

**ਪ੍ਰਸ਼ਨ** 2. ਹੇਠ ਲਿਖਿਆਂ ਨੂੰ ਆਪਸ ਵਿੱਚ ਮੇਲੋ

| | | |
|---|---|---|
| a. | ਕੁਤਬ ਮੀਨਾਰ | ਕੁਦਰਤੀ ਸੈਰ—ਸਪਾਟਾ ਥਾਂ |
| b. | ਕੋਵਾਲਸ ਬੀਚ | ਮਨੁੱਖ ਵੱਲੋਂ ਨਿਰਮਿਸ ਸੈਰ—ਸਪਾਟਾ ਥਾਂ |
| c. | ਡੈਜ਼ਰਟ ਫੈਸਟੀਵਲ | ਸਹਿਜੀਵੀ ਸੈਰ—ਸਪਾਟਾ ਥਾਂ |
| d. | ਜਿਮ ਕੌਰਬੈਟ ਨੈਸ਼ਨਲ ਪਾਰਕ | ਘਟਨਾ ਆਧਾਰਿਤ ਸੈਰ—ਸਪਾਟਾ ਥਾਂ |

**ਪ੍ਰਸ਼ਨ** 3. **ਹੇਠ ਲਿਖਿਆਂ 'ਚੋਂ ਠੀਕ ਤੇ ਗ਼ਲਤ ਦੱਸੋ।**

| | | |
|---|---|---|
| a. | ਜੈਸਲਮੇਰ ਲੋਕਪ੍ਰਿਅ ਰੇਗਿਸਤਾਨੀ ਥਾਂ ਹੈ | ਹਾਂ / ਨਹੀਂ |
| b. | ਐਸੇਲ ਵਰਲਡ ਭਾਰਤ ਦਾ ਲੋਕਪ੍ਰਿਅ ਥੀਮ ਪਾਰਕ ਹੈ। | ਹਾਂ / ਨਹੀਂ |
| c. | ਕਥਾਂਕੱਲੀ ਇੱਕ ਲੋਕ—ਨਾਚ ਹੈ | ਹਾਂ / ਨਹੀਂ |
| d. | ਗੁਲਮਾਰਗ ਲੋਕ ਪ੍ਰਿਅ ਸਕੀ ਰਿਜ਼ਾਰਟ ਹੈ | ਹਾਂ / ਨਹੀਂ |

e. ਮੈਸੂਰ ਦਾ ਦੁਸਹਿਰਾ ਘਟਨਾ ਆਧਾਰਿਤ ਸੈਰ—ਸਪਾਟਾ ਥਾਂ ਹੈ ਹਾਂ / ਨਹੀਂ

ਪ੍ਰਸ਼ਨ 4. ਉਹਨਾਂ ਪੰਜ ਸਮਾਰਕਾਂ ਦੇ ਨਾਂ ਲਿਖੋ ਜੋ ਭਾਰਤ ਦੇ ਮਹੱਤਵਪੂਰਨ ਸੈਰ—ਸਪਾਟਾ ਸਥਾਨ ਹਨ?

ਪ੍ਰਸ਼ਨ 5. ਉਹਨਾਂ ਚਾਰ ਗਤੀਵਿਧੀਆਂ ਦੀ ਸੂਚੀ ਬਣਾਓ ਜੋ ਕੋਈ ਸੈਲਾਨੀ ਪਹਾੜੀਆਂ 'ਤੇ ਕਰ ਸਕਦੇ ਹਨ?

ਪ੍ਰਸ਼ਨ 6. ਬੀਚਾਂ ਕਿਉਂ ਮਹੱਤਵਪੂਰਨ ਸੈਰ—ਸਪਾਟਾ ਥਾਵਾਂ ਹਨ?


ਪ੍ਰਸ਼ਨ 7. ਭਾਰਤ ਵਿਚਲੇ ਕੋਈ ਦੋ ਵਿਸ਼ਵ ਵਿਰਾਸਤੀ ਸਥਾਨਾਂ ਦੇ ਨਾਂ ਲਿਖੋ।

ਪ੍ਰਸ਼ਨ 8. ਯੂਨੈਸਕੋ ਦਾ ਪੂਰਾ ਨਾਂ ਕੀ ਹੈ?

ਪ੍ਰਸ਼ਨ 9. ਦਿੱਲੀ ਵਿਚਲੀਆਂ ਕੋਈ ਦੋ ਵਿਸ਼ਵ ਵਿਰਾਸਤੀ ਥਾਂਵਾਂ ਦੇ ਨਾਂ ਲਿਖੋ।

ਪ੍ਰਸ਼ਨ 10. ਮਹਾਰਾਸ਼ਟਰ ਵਿਚਲੀਆਂ ਦੋ ਵਿਸ਼ਵ ਵਿਰਾਸਤੀ ਥਾਂਵਾਂ ਦੇ ਨਾਂ ਲਿਖੋ।

ਪ੍ਰਸ਼ਨ 11. ਵਿਰਾਸਤ ਦਾ ਅਰਥ ਕੀ ਹੈ?



ਲਾਲ ਕਿਲ਼ਾ ; ਦਿੱਲੀ



ਤਾਜਮਹਲ, ਆਗਰਾ



ਸੂਰਜ ਮੰਦਰ, ਕੋਨਾਰਕ



ਚੋਲਾ ਮੰਦਰ, ਬਿਰਿਹਾਦੇਸ਼ਵਰ



ਸਾਂਚੀ ਸਤੂਪ, ਸਾਂਚੀ



ਐਲੋਰਾ ਦੀਆਂ ਗੁਫ਼ਾਵਾਂ, ਮਹਾਰਾਸ਼ਟਰ



ਕਾਜ਼ੀਰੰਗਾ ਨੈਸ਼ਨਲ ਪਾਰਕ